ਤੀਆਂ TEEYAN
ਪੀ. ਸੀ. ਐਸ. ਸੈਕਰਾਮੈਂਟੋ ਦਾ 15ਵਾਂ ਤੀਆਂ ਦਾ ਮੇਲਾ 16 ਅਗਸਤ ਨੂੰ, ਤਿਆਰੀਆਂ ਮੁਕੰਮਲ। (ਇਸ਼ਤਿਹਾਰ ਸਫਾ 2 ਅਤੇ ਵਿਸ਼ੇਸ਼ ਲੇਖ ਸਫਾ 16 ਤੇ ਦੇਖੋ)

ਹਫਤਾਵਾਰੀ
# ਦੇਸ਼ ਦੁਆਬਾ

VOL - 4 ISSUE - 19
August 12, 2015
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



'ਫ਼ਰੀਦ ਜੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪੱਥ-ਪ੍ਰਦਰਸ਼ਕ' (ਪ੍ਰੋ: ਐਚ. ਐਲ. ਕਪੂਰ ਜੀ ਦਾ ਵਿਸ਼ੇਸ਼ ਲੇਖ ਦੇਖੋ ਸਫਾ 11 'ਤੇ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਬਸਪਾ ਪੰਜਾਬ 'ਚ ਤਿਆਰ ਕਰੇਗੀ ਇੱਕ ਲੱਖ ਯੋਧਾ ਵਰਕਰਾਂ ਦੀ ਟੀਮ: ਕਰੀਮਪੁਰੀ

**ਸ਼ੇਰਪੁਰ–** ਬਹੁਜਨ ਸਮਾਜ ਪਾਰਟੀ(ਬਸਪਾ) ਦੇ ਸੂਬਾ ਪ੍ਰਧਾਨ ਤੇ ਸਾਬਕਾ ਰਾਜ ਸਭਾ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਹੈ ਕਿ ਦੋ ਦਹਾਕੇ ਪਹਿਲਾਂ ਚੋਣਾਂ ਦੇ ਬਾਈਕਾਟ ਦੌਰਾਨ ਪੰਜਾਬ ਵਿਰੋਧੀ ਤਾਕਤਾਂ ਅੱਗੇ ਹਿੱਕਾਂ ਡਾਹੁਣ ਵਾਲੇ ਪਾਰਟੀ ਆਗੂਆਂ ਦੀ ਕੁਰਬਾਨੀ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਕਾਂਸ਼ੀ ਰਾਮ ਤੇ ਮਾਇਆਵਤੀ ਦੇ ਸੁਫ਼ਨਿਆਂ ਦੇ ਪੰਜਾਬ ਨੂੰ ਸਿਰਜਣ ਲਈ ਪਾਰਟੀ ਨੇ 'ਮਿਸ਼ਨ-2017' ਦੀ ਸਫ਼ਲਤਾ ਤੇ ਲੋਕਤੰਤਰੀ ਲੜਾਈ ਲੜਨ ਲਈ ਸੂਬੇ 'ਚ ਪਾਰਟੀ ਦੇ ਹਰ ਪੱਖੋਂ ਚੇਤੰਨ ਅਤੇ ਫ਼ੌਜੀ ਜਜ਼ਬਾ ਰੱਖਣ ਵਾਲੇ ਇਕ ਲੱਖ ਯੋਧਾ ਆਗੂ ਤੇ ਵਰਕਰ ਤਿਆਰ ਕਰਨ ਦਾ ਟੀਚਾ ਮਿੱਥਿਆ ਹੈ। ਉਹ ਨੇੜਲੇ ਪਿੰਡ ਗੁਰਬਖ਼ਸ਼ਪੁਰਾ ਵਿਚ ਸਾਲ 1992 ਵਿਚ ਖਾੜਕੂਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਪਾਰਟੀ ਦੇ ਇੱਕੋ ਪਰਿਵਾਰ ਨਾਲ ਸਬੰਧਤ ਤਿੰਨ ਜੀਆਂ ਦੇ ਬਰਸੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਜ਼ਿਕਰਯੋਗ ਕਿ ਪਿੰਡ ਗੁਰਬਖ਼ਸ਼ਪੁਰਾ ਦੇ ਬਸਪਾ ਨਾਲ ਸਬੰਧਤ ਅਮਰੀਕ ਸਿੰਘ, ਜਗਤਾਰ ਸਿੰਘ ਕਾਲਾ(ਦੋਵੇਂ ਭਰਾ) ਅਤੇ ਬੰਤ ਸਿੰਘ(ਪਿਤਾ) ਨੂੰ ਖਾੜਕੂਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।

ਸ੍ਰੀ ਕਰੀਮਪੁਰੀ ਨੇ ਕਿਹਾ ਕਿ ਭਾਵੇਂ ਸੈਂਕੜੇ ਸਾਲ ਮੰਨੂਵਾਦ ਨੇ ਬਹੁਜਨ ਸਮਾਜ ਨੂੰ ਲਤਾੜੀ ਰੱਖਿਆ ਪਰ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਹੋਣ ਨਾਲ ਹਜ਼ਾਰਾਂ ਸਾਲਾਂ ਦੀ ਗੁਲਾਮੀ ਖ਼ਤਮ ਹੋਣ ਤੋਂ ਬਾਅਦ ਦਲਿਤ ਮਜ਼ਦੂਰਾਂ ਨੂੰ ਆਜ਼ਾਦੀ ਤੇ ਮਾਣ ਨਾਲ ਜਿਉਣ ਦਾ ਹੱਕ ਪ੍ਰਾਪਤ ਹੋਇਆ। ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ 'ਤੇ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਬਾਦਲਾਂ ਨੇ ਟਰਾਂਸਪੋਰਟ, ਰੇਤਾ, ਬਜਰੀ ਤੇ ਕੇਬਲ ਨੈੱਟਵਰਕ ਸਮੇਤ ਹਰ ਕਾਰੋਬਾਰ 'ਤੇ ਆਪਣਾ ਤੇ ਆਪਣੇ ਚਹੇਤਿਆਂ ਦਾ ਕਬਜ਼ਾ ਕਰਵਾ ਕੇ ਜਿੱਥੇ ਪੰਜਾਬ ਦੀ ਆਰਥਿਕਤਾ ਨੂੰ ਵੱਡੀ ਸੱਟ ਮਾਰੀ ਹੈ ਉੱਥੇ ਹੀ ਪੰਜਾਬ ਨੂੰ ਨਸ਼ਿਆਂ ਵਿੱਚ ਡੋਬ ਕੇ ਸਰੀਰਕ ਤੌਰ 'ਤੇ ਵੀ ਨਕਾਰਾ ਕੀਤਾ ਹੈ।

ਬਸਪਾ ਆਗੂ ਨੇ ਕਿਹਾ ਕਿ ਪੰਜਾਬ 'ਚ 6.50 ਲੱਖ ਕਿਸਾਨ ਪਰਿਵਾਰ ਖੇਤੀ ਨਾਲ ਸਿੱਧੇ ਤੌਰ 'ਤੇ ਜੁੜੇ ਹੋਏ ਸਨ ਜੋ ਕਿ ਹੁਣ ਮਹਿਜ਼ 3 ਲੱਖ ਰਹਿ ਗਏ ਹਨ ਜਿਨ੍ਹਾਂ ਵਿੱਚੋਂ 1.29 ਲੱਖ ਕਿਸਾਨਾਂ ਨੇ ਮਜ਼ਦੂਰੀ ਦਾ ਕਿੱਤਾ ਅਪਣਾ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਰ ਰੋਜ਼ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਪੰਜਾਬ ਦੇ ਅਤਿ ਮਾੜੇ ਹਾਲਾਤ ਦੀ ਗਵਾਹੀ ਭਰਦੀਆਂ ਹਨ।

# ਸੈਨਹੋਜ਼ੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਉਮੀਦਵਾਰਾਂ ਦੇ ਹੱਕ ਵਿੱਚ ਹੋਇਆ ਭਰਵਾਂ ਇਕੱਠ









**ਸੈਨਹੋਜ਼ੇ:–** ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਸੈਨਹੋਜ਼ੇ ਵਿੱਚ ਭਰਵਾਂ ਇਕੱਠ ਹੋਇਆ ਇਸ ਵਿਸ਼ਾਲ ਇਕੱਠ ਵਿੱਚ ਦੂਰੋਂ ਨੇੜਿਉਂ ਸੰਗਤ ਨੇ ਹਾਜ਼ਰੀਆਂ ਭਰੀਆਂ, ਗੁਰ ਚਰਨਾ ਵਿੱਚ ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਦੇ ਜਰਨਲ ਸਕੱਤਰ ਭੁਪਿੰਦਰ ਸਿੰਘ ਢਿਲੋਂ ਨੇ ਗੁਰਦੁ-ਆਰਾ ਸਾਹਿਬ ਦੀ ਬਣੀ ਸ਼ਾਨਦਾਰ ਇਮਾਰਤ ਦੀ ਉਸ-ਾਰੀ, ਅਤੇ ਉਸਾਰੀ ਸਮੇਂ ਵਿਰੋਧੀ ਧਿਰ ਵੱਲੋਂ ਪਾਈਆਂ ਗਈਆਂ ਔਕੜਾਂ, ਕਿਵੇਂ ਲੋਨ ਹਾਸਲ ਕਰਨਾ ਅਤੇ ਖਰਚਿਆਂ ਅਤੇ ਵਿਰੋਧੀ ਧਿਰ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਬਾਰੇ ਸੰਗਤ ਨੂੰ ਜਾਣਕਾਰੀ ਦਿੱਤੀ। ਇਸ ਸਮੇਂ ਡਾ. ਗੁਰਿੰਦਰਪਾਲ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਚੱਲ ਰਹੇ ਗੁਰੂ ਨਾਨਕ ਖਾਲਸਾ ਸਕੂਲ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਸਮੇਂ 700 ਦੇ ਕਰੀਬ ਬੱਚੇ ਗੁਰਮਤਿ ਗਿਆਨ ਹਾਸਲ ਕਰ ਰਹੇ ਹਨ।

ਗੁਰਦੁਆਰਾ ਸਾਹਿਬ ਦੇ ਸਟੇਜ ਸਕੱਤਰ ਪ੍ਰੀਤਮ ਸਿੰਘ ਗਰੇਵਾਲ ਨੇ ਸ਼ਮਸ਼ਾਨ ਘਾਟ ਸਮੇਤ ਨਵੇਂ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ।

ਇਸ ਸਮੇਂ ਇੰਦਰਜੀਤ ਸਿੰਘ ਥਿੰਦ, ਖੁਸ਼ਵਿੰਦਰਪਾਲ ਸਿੰਘ, ਕੁਲਵੰਤ ਸਿੰਘ ਖੈਰਾ, ਚਰਨਜੀਤ ਸਿੰਘ ਸਮਰਾ, ਗੁਰਜੰਟ ਸਿੰਘ ਸੰਘਾ, ਮਨਰਾਜ ਸਿੰਘ ਨੱਤ, ਬੀਬੀ ਨਰਿੰਦਰ ਕੌਰ ਮਹੇੜੂ, ਜੱਸੀ ਕੌਰ, ਕਾਮਰੇਡ ਸਰਨਪਾਲ ਸਿੰਘ ਬੈਂਸ, ਨੇਤਾ ਜੀ, ਗੁਰਚਰਨ ਸਿੰਘ ਮਾਨ, ਅਵਤਾਰ ਸਿੰਘ ਧਾਮੀ, ਰਾਮ ਸਿੰਘ, ਡਾ ਚਰਨਜੀਤ ਸਿੰਘ ਪੰਨੂੰ, ਗੁਰਮੇਲ ਸਿੰਘ ਦਿਉਲ ਅਤੇ ਭਾਈ ਰਜਿੰਦਰ ਸਿੰਘ ਮੰਗਰ ਨੇ ਆਪਣੇ ਵਿਚਾਰ ਪੇਸ਼ ਕੀਤੇ। (ਤਸਵੀਰਾਂ ਦੇਖੋ ਸਫਾ 20 ਤੇ)

## ਜਨਮ ਦਿਨ ਮੁਬਾਰਕ



ਸਰਦਾਰ ਜੋਗਿੰਦਰ ਸਿੰਘ ਕੰਵਲ ਅਤੇ ਸਮੂਹ ਪਰਿਵਾਰ ਨੂੰ ਬੱਚੇ ਤਰੁਨਵੀਰ ਸਿੰਘ ਕੰਵਲ ਸਪੁੱਤਰ ਹਰਪ੍ਰੀਤ ਸਿੰਘ ਕੰਵਲ, ਮਾਤਾ ਮਨਦੀਪ ਮੀਰਾ ਕੰਵਲ, ਵਾਸੀ ਪਿੰਡ ਭਰੋਮਜਾਰਾ (ਬੰਗਾ) ਦੇ ਜਨਮ ਦਿਨ ਦੀਆਂ ਮੁਬਾਰਕਾਂ।

SANDHU
IMMIGRATION CONSULTANT
Passports, Visas, Green Cards, Notary, Immigration Forms
Citizenship, Study Visas, Family Immigration Visas
WE OPEN 7-DAYS A WEEK
MANDEEP SANDHU
msandhu2014@gmail.com
SANDHU
Tours And Travels
Note: I am not an Immigration Attorney.
(CST# 2122162-50)
Email: sandhutat@gmail.com.
"We sell International and Domestic Airline Tickets on Low Airfares"
(209-373-3562)
3222 PENELOPE DR.
STOCKTON, CA- 95212
(NEAR HWY 99 ON MORADA LANE)

AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar
510-755-2132
510- 733- 2222
1421 Industrial PKWY West#F Hayward, CA 94544
Harmandeep Singh

GR Video Production
Where precious moments are captured
Gurinder Purewal
Videographer/Photographer
grvideoproductionOl@gmail.com
www.grvideoproduction.com
For bookings. Call (510) 921-6626
or Kash Fabrics (510) 538-1138

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539







Printer : Barapind Printing Press, Email: bpp467@gmail.com



# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਸੁਰਿੰਦਰਪਾਲ ਦਾ ਸਿਰੋਪੇ ਨਾਲ ਸਨਮਾਨ









**ਸੈਕਰਾਮੈਂਟੋ (ਡੀ. ਡੀ. ਬੀ.)–** ਹਰੇਕ ਗੁਰੂ ਘਰ 'ਚ ਸੰਗਤਾਂ ਆਪਣੇ ਕੰਮਕਾਰ ਤੇ ਜ਼ਿੰਦਗੀ ਦੇ ਹੋਰ ਰੁਝੇਵਿਆਂ 'ਚੋਂ ਜਿੱਥੇ ਵਕਤ ਕੱਢ ਗੁਰਬਾਣੀ ਸਰਵਣ ਕਰਨ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋਣ ਜਾਂਦੇ ਹਨ, ਉਥੇ ਉਹ ਆਪਣੀ ਦਸਾਂ ਨਹੁੰਆਂ ਦੀ ਨੇਕ ਕਮਾਈ 'ਚੋਂ ਦਸਵੰਧ ਕੱਢ ਕੇ ਗੁਰੂ ਘਰ ਦੀ ਉਸਾਰੀ 'ਚ, ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਗੁਰੂ ਘਰ ਦੀ ਡਿਵੈਲਪਮੈਂਟ ਦੇ ਨਾਲ ਨਾਲ ਸੁਖਮਨੀ ਸਾਹਿਬ/ ਅਖੰਡ ਪਾਠ ਕਰਵਾ ਕੇ ਸੇਵਾ ਕਰਦੇ ਰਹਿੰਦੇ ਹਨ।

ਇਸ ਤਰ੍ਹਾਂ ਇੰਡੀਆਨਾ ਸਟੇਟ ਤੋਂ ਸ੍ਰੀ ਸੁਰਿੰਦਰਪਾਲ ਜੀ ਨੇ ਆਪਣੇ ਸਪੁੱਤਰ ਦੀ ਗ੍ਰੈਜੂਏਸ਼ਨ ਹੋਣ ਦੀ ਖੁਸ਼ੀ 'ਚ ਸ੍ਰੀ ਅਖੰਡ ਪਾਠ ਦੀ ਸੇਵਾ ਸ਼ੁੱਕਰਵਾਰ 7 ਅਗਸਤ ਨੂੰ ਆਰੰਭ ਕਰਵਾਈ ਅਤੇ ਐਤਵਾਰ 9 ਅਗਸਤ ਨੂੰ ਭੋਗ ਪਾਏ ਗਏ। ਇਸ ਸ਼ੁਭ ਅਵਸਰ 'ਤੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਨਿਰਮਲ ਸਿੰਘ ਜੀ ਤੇ ਉਹਨਾਂ ਦੇ ਸਾਥੀ ਭਾਈ ਜਸਪਾਲ ਸਿੰਘ ਜੀ ਦੇ ਜਥੇ ਨੇ ਬਹੁਤ ਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਹਾਜ਼ਰ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬੱਚੇ ਦੀ ਤੰਦਰੁਸਤੀ ਅਤੇ ਉੱਚ ਵਿੱਦਿਆ ਤੇ ਜ਼ਿੰਦਗੀ ਦੇ ਨੇਕ ਢੰਗ ਨਾਲ ਹਰ ਸੁਖ ਦੀ ਅਰਦਾਸ ਕੀਤੀ ਅਤੇ ਗੁਰੂ ਘਰ ਵੱਲੋਂ ਸੁਰਿੰਦਰਪਾਲ (ਇੰਡੀਆਨਾ) ਜੀ ਦਾ ਸੇਵਾ ਕਰਨ ਤੇ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਸਟੇਜ ਦੀ ਸੇਵਾ ਨਿਭਾਉਂਦਿਆਂ ਚੇਅਰਮੈਨ ਜਸਵਿੰਦਰ ਬੰਗਾ ਨੇ ਸ੍ਰੀ ਸੁਰਿੰਦਰਪਾਲ ਤੇ ਉਸ ਦੇ ਪਰਿਵਾਰ ਨੂੰ ਬੱਚੇ ਦੀ ਗ੍ਰੈਜੂਏਸ਼ਨ ਤੇ ਕਮੇਟੀ ਵੱਲੋਂ ਹਾਰਦਿਕ ਵਧਾਈ ਦਿੰਦਿਆਂ ਸ਼ੁਭ ਕਾਮਨਾਵਾਂ ਕੀਤੀਆਂ ਕਿ ਬੱਚਾ ਹੋਰ ਹਾਇਰ ਐਜੂਕੇਸ਼ਨ ਹਾਸਲ ਕਰਕੇ ਜਿੱਥੇ ਆਪਣਾ ਜੀਵਨ ਸੰਵਾਰੇ, ਉਥੇ ਪਰਿਵਾਰ ਤੇ ਸਮਾਜ ਤੇ ਮੁਲਕ ਦਾ ਨਾਂ ਉੱਚਾ ਕਰੇ। ਇਸ ਉਪਰੰਤ ਗੁਰੂ ਦੇ ਪ੍ਰਸਾਦ ਤੇ ਅਤੁੱਟ ਲੰਗਰ ਵਰਤਾਏ ਗਏ।

**– ਇੰਦਰਜੀਤ ਪਡਵੱਗਾ**

# ਫਰਿਜ਼ਨੋ ਵਿਖੇ ਸਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਿਤ ਦਿਵਸ ਮਨਾਇਆ

## "ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵੱਲੋਂ ਬੱਚਿਆ ਦੇ ਸਪੀਚ ਮੁਕਾਬਲੇ ਕਰਵਾਏ ਗਏ"






**ਫਰਿਜ਼ਨੋ (ਕੈਲੀਫੋਰਨੀਆਂ) ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ)** ਸੈਂਟਰਲ ਵੈਲੀ ਫਰਿਜ਼ਨੋ ਵਿਖੇ ਗਦਰੀ ਬਾਬਿਆ ਦੀ ਯਾਦ ਅੰਦਰ ਚਲ ਰਹੀ ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ ਵੱਲੋਂ ਸ਼ਹੀਦ ਸ. ਊਧਮ ਸਿੰਘ ਸੁਨਾਮ ਅਤੇ ਸਹੀਦ ਮਦਨ ਲਾਲ ਢੀਂਗਰਾ ਦੀ ਯਾਦ ਨੂੰ ਸਮਰਪਿਤ ਸਲਾਨਾ ਬੱਚਿਆ ਦੇ ਸਪੀਚ ਮੁਕਾਬਲੇ ਕਰਵਾਏ ਗਏ। ਜਿਸ ਦੀ ਸੁਰੂਆਤ ਸ. ਗੁਰਦੀਪ ਸਿੰਘ ਅਣਖੀ ਨੇ ਸਭ ਨੂੰ 'ਜੀ ਆਇਆ' ਕਹਿਣ ਨਾਲ ਕੀਤੀ। ਇਸ ਉਪਰੰਤ ਸਪੀਚ ਮੁਕਾਬਲਿਆ ਨੂੰ ਐਲੀਮੈਂਟਰੀ ਸਕੂਲ ਤੋਂ ਕਾਲਜ਼ ਲੈਬਲ ਤੱਕ ਦੇ ਬੱਚਿਆ ਨੂੰ ਵੱਖ-ਵੱਖ ਗਰੁੱਪਾ ਵਿੱਚ ਵੰਡਿਆ ਗਿਆ ਸੀ। ਇਸ ਪ੍ਰੋਗਰਾਮ ਦੀ ਸੁਰੂਆਤ ਰਾਜ ਬਰਾੜ ਯਮਲਾ ਨੇ ਗੀਤ ਨਾਲ ਕੀਤੀ। ਜਦ ਕਿ ਉਸ ਬਾਅਦ ਧਰਮਵੀਰ ਥਾਂਦੀ ਨੇ ਆਪਣੇ ਗੀਤ 'ਸ਼ਹੀਦ' ਰਾਹੀ ਸਹੀਦਾਂ ਨੂੰ ਸਰਧਾਜ਼ਲੀ ਦਿੱਤੀ। ਇਸ ਬਾਅਦ ਕਵੀਸ਼ਰ ਗੁਰਦੇਵ ਸਿੰਘ ਸਾਹੋਕੇ ਅਤੇ ਪਾਕਿਸਤਾਨ ਦੇ ਪੰਜਾਬੀ ਗਾਇਕ ਅਸ਼ਰਫ ਗਿੱਲ ਨੇ ਵੀ ਦੇਸ਼ ਪ੍ਰੇਮ ਦੀ ਗੱਲ ਕੀਤੀ। ਇਸ ਬਾਅਦ ਸ਼ਰਨਜੀਤ ਕੌਰ ਧਾਲੀਵਾਲ ਨੇ ਸਪੀਚ ਮੁਕਾਬਲਿਆ ਦੀ ਰੂਪਰੇਖਾ ਦੱਸਦੇ ਹੋਏ ਸੁਰੂਆਤ ਕਰਵਾਈ। ਜਿਸ ਵਿੱਚ ਵੱਖ-ਵੱਖ ਉਮਰ ਅਤੇ ਵਿਦਿਅਕ ਲੇਬਲ ਦੇ ਬੱਚਿਆਂ ਨੇ ਵੱਧ-ਚੜ ਕੇ ਹਿੱਸਾ ਲਿਆ। ਇੰਨ੍ਹਾਂ ਵੱਖ-ਵੱਖ ਸਪੀਚ ਗਰੁੱਪਾ ਵਿੱਚ ਪਹਿਲੇ ਸਥਾਨ 'ਤੇ ਸੁਖਮਨ ਔਜ਼ਲਾ, ਤਮੰਨਾ ਔਜ਼ਲਾ, ਤਰਿਪਤਪਾਲ ਸਿੰਘ ਮਾਂਗਟ, ਜਸ਼ਨਪਾਲ ਸਿੰਘ ਮਾਂਗਟ, ਦੂਜੇ ਸਥਾਨ 'ਤੇ ਮਲਕਾ ਮਹਿੰਦਰੂ, ਕਿਰਨ ਕੌਰ ਮਹਿਮੀ, ਮਨਜੋਤ ਕੌਰ ਚੌਹਾਨ ਅਤੇ ਤੀਜੇ ਸਥਾਨ 'ਤੇ ਦਿਲਜੋਤ ਕੌਰ, ਇਲਬਾਲ ਸਿੱਧੂ, ਮਨਵੀਰ ਕੌਰ ਨੇ ਵਧੀਆਂ ਪ੍ਰਭਾਵਸ਼ਾਲੀ ਸਪੀਚ ਰਾਹੀ ਆਪਣਾ ਦੇਸ਼ ਪ੍ਰੇਮ ਦਿਖਾਉਦੇ ਹੋਏ ਜਿੱਤ ਪ੍ਰਾਪਤ ਕੀਤੀ। ਸਭ ਹਿੱਸਾ ਲੈਣ ਵਾਲੇ ਬੱਚਿਆ ਨੂੰ ਸਨਮਾਨਿਤ ਕੀਤਾ ਗਿਆ ਅਤੇ ਜੇਤੂ ਬੱਚਿਆ ਨੂੰ ਸਪੈਸ਼ਲ ਨਕਦ ਇਨਾਮ ਦਿੱਤੇ ਗਏ। ਇਸ ਬੱਚਿਆ ਦੇ ਮੁਕਾਬਲੇ ਦੌਰਾਨ ਡਾ. ਗੁਰੂਮੇਲ ਸਿੰਘ ਸਿੱਧੂ, ਉਸਤਾਦ ਸ਼ਾਇਰ ਹਰਜਿੰਦਰ ਸਿੰਘ ਕੰਗ ਅਤੇ ਡਾ. ਅਰਜਨ ਸਿੰਘ ਜੋਸ਼ਨ ਨੇ ਬਤੌਰ ਜੱਜ ਸੇਵਾਵਾ ਨਿਭਾਈਆ।

ਇਸ ਸਮੇਂ ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ ਦੀ ਸੰਪਾਦਿਤ ਪੁਸਤਕ 'ਸ਼ਹੀਦ-ਏ-ਆਜ਼ਮ' ਲੋਕ ਅਰਪਣ ਕੀਤੀ ਗਈ। ਜਦ ਕਿ ਇਸ ਸਮੇਂ ਡਾ. ਗੁਰੂਮੇਲ ਸਿੰਘ ਸਿੱਧੂ ਅਤੇ ਸੁਰਜੀਤ ਸਿੰਘ ਸੰਧੂ ਦੁਆਰਾ ਰਚਿਤ ਪੁਸਤਕਾ ਦੀ ਘੁੰਡ ਚੁਕਾਈ ਵੀ ਕੀਤੀ ਗਈ। ਇਸ ਸਮੇਂ ਗੁਰੂ ਹਰ ਗੋਬਿੰਦ ਸਾਹਿਬ ਅਕੈਡਮੀਂ ਦੇ ਬੱਚਿਆ ਨੇ ਭੰਗੜੇ ਵੀ ਪਾਏ। ਅੰਤਲੇ ਪਲਾ ਵਿੱਚ ਪ੍ਰਮੁੱਖ ਬੁਲਾਰਿਆ ਦੁਆਰਾ ਆਪਣੇ ਦੇਸ਼ ਪ੍ਰੇਮ ਦੇ ਭਾਵ ਸਾਂਝੇ ਕੀਤੇ। ਇਸ ਸਮੇਂ ਸੁਰਿੰਦਰ ਸਿੰਘ ਮੰਢਾਲੀ ਨੇ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ।

ਜਦ ਕਿ ਸੰਸਥਾ ਦੇ ਬਾਕੀ ਮੈਂਬਰਾਂ ਵਿੱਚ ਗੁਰਦੀਪ ਸਿੰਘ ਘੋਲੀਆਂ (ਪ੍ਰਧਾਨ), ਮਹਿੰਦਰ ਸਿੰਘ ਢਾਹ, ਨਵਦੀਪ ਸਿੰਘ ਧਾਲੀਵਾਲ, ਬਲਦੇਵ ਸਿੰਘ ਧਾਲੀਵਾਲ, ਪਰਮਜੀਤ ਸਿੰਘ ਢਿੱਲੋਂ, ਜਗਰੂਪ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਹਰਮਨ ਘੋਲੀਆਂ, ਗੈਰੀ ਢੇਸ਼ੀ ਆਦਿਕ ਨੇ ਹਾਜ਼ਰੀ ਭਰੀ। ਸਟੇਜ਼ ਸੰਚਾਲਨ ਹਰਜਿੰਦਰ ਸਿੰਘ ਢੇਸ਼ੀ ਨੇ ਬਾਖੂਬੀ ਕੀਤਾ। ਇਸ ਸਮੇਂ ਪੁਸਤਕਾ ਦੀ ਪ੍ਰਦਰਸ਼ਨੀ ਅਤੇ ਹਾਜ਼ਰੀਨ ਲਈ ਚਾਹ, ਪਾਣੀ, ਪਕੌੜੇ, ਟਿੱਕੀਆਂ ਅਤੇ ਮਿਠਾਈਆਂ ਦੇ ਲੰਗਰਾ ਦਾ ਸ਼ਾਨਦਾਰ ਪ੍ਰਬੰਧ ਵੀ ਕੀਤਾ ਗਿਆ ਸੀ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ 'ਚ ਵਿਜੈ ਧੰਮੀ ਹੇਰਾਂ ਨਾਲ ਰੂਬਰੂ

**ਸੈਕਰਾਮੈਂਟੋ (ਕੈਲੇਫੋਰਨੀਆ)–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ ਸਥਾਨਕ ਮਾਉਂਟੇਨਮਾਈਕ ਪੀਜ਼ਾ, ਸੈਕਰਾਮੈਂਟੋ ਵਿਖੇ ਹੋਈ। ਇਸ ਵਾਰ ਦੀ ਮਾਸਿਕ ਮੀਟਿੰਗ ਵਿਚ ਮੁੱਖ ਮਹਿਮਾਨ ਪ੍ਰਸਿੱਧ ਗੀਤਕਾਰ ਵਿਜੇ ਧੰਮੀ ਹੇਰਾਂ ਵਾਲਾ ਨੂੰ ਸਭਾ ਦੇ ਨੌਜਵਾਨ ਅਤੇ ਹੋਣਹਾਰ ਕਵੀ, ਲੇਖਕ ਅਤੇ ਉਭਰ ਰਹੇ ਗੀਤਕਾਰ ਗੁਰਿੰਦਰ ਸੁਰਾਪੁਰੀ ਸਪੁੱਤਰ ਕਹਾਣੀਕਾਰ ਅਤੇ ਲੇਖਕ, ਕਵੀ ਰਾਠੇਸ਼ਵਰ ਸਿੰਘ ਸੂਰਾਪੁਰੀ ਵੱਲੋਂ ਸਭਾ ਦੇ ਮੈਂਬਰਾਂ ਅਤੇ ਸਰੋਤਿਆਂ ਨਾਲ ਰੂਬਰੂ ਕਰਵਾਇਆ ਗਿਆ।

ਸਾਹਿਤ ਸਭਾ ਦੀ ਸਟੇਜ ਸੈਕਟਰੀ ਮਨਜੀਤ ਕੌਰ ਸੇਖੋਂ ਵੱਲੋਂ ਪ੍ਰਧਾਨਗੀ ਮੰਡਲ ਲਈ ਪਸਸਕ ਦੇ ਪ੍ਰਧਾਨ ਦਿਲ ਨਿੱਜਰ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਮੁੱਖ ਮਹਿਮਾਨ ਵਿਜੈ ਧੰਮੀ ਹੇਰਾਂ ਵਾਲਾ ਅਤੇ ਡਾ. ਕੁਲਵੰਤ ਕੌਰ ਨੂੰ ਸੱਦਾ ਦਿੱਤਾ ਗਿਆ। ਉਪਰੰਤ ਪ੍ਰਧਾਨ ਦਿਲ ਨਿੱਜਰ ਨੇ ਆਏ ਹੋਏ ਮਹਿਮਾਨਾਂ ਅਤੇ ਸਾਥੀਆਂ ਨੂੰ ਜੀ ਆਇਆਂ ਕਿਹਾ।

ਜਸਵੰਤ ਜੱਸੀ ਸ਼ੀਮਾਰ ਨੇ ਮੁੱਖ ਮਹਿਮਾਨ ਧੰਮੀ ਹੇਰਾਂ ਵਾਲਾ ਦੇ ਸਾਹਿਤਕ ਸਫਰ ਅਤੇ ਸਫਲ ਗੀਤਾਂ ਬਾਰੇ ਚਾਨਣਾ ਪਾਇਆ ਅਤੇ ਨਾਲ ਦੀ ਨਾਲ ਡਾ. ਕੁਲਵੰਤ ਕੌਰ ਜੀ ਦੀ ਜਾਣ-ਪਛਾਣ ਕਰਾਈ।

ਗੁਰਿੰਦਰ ਸੂਰਾਪੁਰੀ ਨੇ ਧੰਮੀ ਹੇਰਾਂ ਵਾਲੇ ਨਾਲ ਆਪਣੀ ਨੇੜਤਾ ਬਾਰੇ ਯਾਦਾਂ ਦੀ ਸਾਂਝ ਅਤੇ ਉਹਨਾਂ ਦੇ ਗੀਤਾਂ ਦੀ ਚਰਚਾ ਸਰੋਤਿਆਂ ਨਾਲ ਸਾਂਝੀ ਕੀਤੀ।



ਉਪਰੰਤ ਡਾ. ਕੁਲਵੰਤ ਕੌਰ ਜੀ ਨੇ ਆਪਣੇ ਸਮਾਜਿਕ, ਧਾਰਮਿਕ ਅਤੇ ਸਾਹਿਤਕ ਕੰਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਮੁੱਖ ਮਹਿਮਾਨ ਵਿਜੇ ਧੰਮੀ ਹੇਰਾਂ ਵਾਲੇ ਜੀ ਨੂੰ ਸਟੇਜ ਸਕੱਤਰ ਵੱਲੋਂ ਤਾੜੀਆਂ ਦੀ ਆਵਾਜ਼ ਨਾਲ ਸੱਦਾ ਦਿੱਤਾ। ਧੰਮੀ ਜੀ ਨੇ ਆਪਣੇ ਸਾਹਿਤਕ ਅਤੇ ਸਮਾਜਿਕ ਜੀਵਨ ਦੇ ਰੁਝੇਵਿਆਂ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ ਅਤੇ ਆਪਣੀਆਂ ਦੋ ਬਹੁਤ ਹੀ ਉਮਦਾ ਗਜ਼ਲਾਂ ਸੁਣਾ ਕੇ ਮਾਹੌਲ ਨੂੰ ਸਾਹਿਤਕ ਰੰਗਾਂ ਵਿਚ ਰੰਗ ਦਿੱਤਾ ਅਤੇ ਫਿਰ ਆਪਣੀ ਆਵਾਜ਼ ਵਿਚ ਆਪਣਾ ਲੋਕ ਗੀਤ ਬਣ ਚੁੱਕਾ "ਜੱਗ ਜਿਉਂਦਿਆਂ ਦੇ ਮੇਲੇ" ਗੀਤ ਗਾ ਕੇ ਮਹਿਫਲ ਨੂੰ ਚਾਰ ਚੰਨ ਲਾ ਦਿੱਤੇ।

ਨਿਊਜਰਸੀ ਏਰੀਆ ਤੇ ਸ: ਸੁਰਿੰਦਰ ਸਿੰਘ ਸੈਣੀ ਜੋ ਅਜੀਤ ਅਖਬਾਰ ਦੇ ਪ੍ਰਤੀਨਿਧੀ ਹਨ, ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਕਵੀ ਦਰਬਾਰ ਜਿਸ ਦੀ ਸ਼ੁਰੂਆਤ ਧੰਮੀ ਜੀ ਤੋਂ ਹੀ ਹੋ ਚੁੱਕੀ ਸੀ, ਵਿਚ ਪਹੁੰਚੇ ਹੋਏ ਕਵੀਆਂ ਨੇ ਆਪੋ-ਆਪਣੀਆਂ ਰਚਨਾਵਾਂ, ਗਜ਼ਲਾਂ, ਗੀਤ ਪੇਸ਼ ਕੀਤੇ, ਕ੍ਰਮਵਾਰ ਦਿਲਵੀਰ ਦਿਲ ਨਿੱਜਰ, ਹਰਬੰਸ ਸਿੰਘ ਢਿੱਲੋਂ ਜਗਿਆਸੂ, ਉਭਰ ਰਿਹਾ ਗਾਇਕ ਅਤੇ ਗੀਤਕਾਰ ਗੋਗੀ ਸੰਧੂ, ਜਸਵੰਤ ਜੱਸੀ ਸ਼ੀਮਾਰ, ਰਾਠੇਸ਼ਵਰ ਸਿੰਘ ਸੂਰਾਪੁਰੀ, ਪ੍ਰਮਿੰਦਰ ਰਾਏ, ਮਹਿੰਦਰ ਸਿੰਘ ਘੱਗ, ਹਰਭਜਨ ਸਿੰਘ ਢੇਰੀ, ਇੰਦਰਜੀਤ ਗਰੇਵਾਲ ਥਰੀਕੇ, ਰਮੇਸ਼ ਬੰਗੜ, ਰਾਜ ਕੁਮਾਰ, ਗੁਰਿੰਦਰ ਸੂਰਾਪੁਰੀ, ਮਨਜੀਤ ਕੌਰ ਸੇਖੋਂ ਅਤੇ ਗਾਇਕ ਕਵੀ ਜੀਵਨ ਰੱਤੂ ਇਹਨਾਂ ਸਭ ਨੇ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਵਾਈ। ਪਸਸਕ ਵਿਚ ਪਹੁੰਚ ਕੇ ਸਭਾ ਦੀ ਮੀਟਿੰਗ ਨੂੰ ਚਾਰ ਚੰਨ ਲਾਉਣ ਵਾਲੇ ਸਰੋਤਿਆਂ ਵਿਚ ਡਾ. ਕੁਲਵੰਤ ਕੌਰ ਜੀ ਦੇ ਭੈਣ ਜੀ ਅਤੇ ਹੋਰ ਮੈਂਬਰ ਅਤੇ ਵਿਜੇ ਧੰਮੀ ਹੇਰਾਂ ਦੇ ਮਿੱਤਰ, ਬੱਬੀ ਗਿੱਲ, ਕਿਰਤਪਾਲ ਸਿੰਘ ਕੈਰੋਂ, ਕੁਲਦੀਪ ਪੁਰੇਵਾਲ, ਸੁਰਿੰਦਰ ਪਾਲ ਅਤੇ ਬੱਚੇ ਖੁਸ਼ੀ ਅਤੇ ਏਕਮ ਰੱਤੂ ਹਾਜ਼ਰ ਹੋਏ।

ਪ੍ਰਧਾਨ ਦਿਲ ਨਿੱਜਰ ਅਤੇ ਸਭਾ ਦੀ ਕਮੇਟੀ ਅਤੇ ਡਾਇਰੈਕਟਰਜ਼ ਵੱਲੋਂ ਸਭਾ ਦੀ ਤਰਫੋਂ ਮੁੱਖ ਮਹਿਮਾਨਾਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਵਿਜੇ ਧੰਮੀ ਹੇਰਾਂ ਵਾਲਾ ਨੂੰ ਉਹਨਾਂ ਦੇ ਦੋਸਤਾਂ ਵੱਲੋਂ ਹਵਾਈ ਟਿਕਟ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰਿੰਦਰ ਸੂਰਾਪੁਰੀ ਪਰਿਵਾਰ ਵੱਲੋਂ ਵਿਜੇ ਧੰਮੀ ਹੇਰਾਂ ਵਾਲਾ ਅਤੇ ਸਭਾ ਦੇ ਮੈਂਬਰਾਂ ਨੂੰ ਸ਼ਾਮ ਦੀ ਮਹਿਫਲ ਅਤੇ ਖਾਣੇ ਦੀ ਦਾਅਵਤ, ਸੂਰਾਪੁਰੀ ਪਰਿਵਾਰ ਦੀ ਰਿਹਾਇਸ਼ ਤੇ ਦੇਣ ਦੇ ਨਾਲ ਹੀ ਮੀਟਿੰਗ ਦੀ ਸਮਾਪਤੀ ਕੀਤੀ ਗਈ।

# ਫਰਿਜ਼ਨੋ ਪਿਚਨ ਕਲੱਬ ਵੱਲੋਂ ਕਰਵਾਈ ਕਬੂਤਰਾਂ ਦੀ ਪਹਿਲੀ ਬਾਜੀ ਸਫਲ ਰਹੀ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਫਰਿਜ਼ਨੋ ਪਿਚਨ ਕਲੱਬ ਵੱਲੋਂ ਕਬੂਤਰਾ ਦੀ ਸ਼ਾਨਦਾਰ ਪਹਿਲੀ ਬਾਜੀ ਇਥੋਂ ਥੋੜੀ ਦੂਰ ਤੇ ਵਸੇ ਸ਼ਹਿਰ ਸੈਨਵਾਂਕੀਨ ਦੇ ਰਿਸਕੋਨੀਂ ਪਾਰਕ ਵਿੱਚ ਕਰਵਾਈ ਗਈ। ਜਿਸ ਵਿੱਚ ਤਕਰੀਬਨ 33 ਦੇ ਕਰੀਬ ਕਬੂਤਰਾ ਨੇ ਭਾਗ ਲਿਆ। ਕੈਲੇਫੋਰੀਆਂ ਦੇ ਦੂਰ ਦੁਰਾਡੇ ਦੇ ਸ਼ਹਿਰਾ ਤੋਂ ਵੱਡੀ ਗਿਣਤੀ ਵਿੱਚ ਕਬੂਤਰਬਾਜ਼ੀ ਦੇ ਸ਼ੌਕੀਨ ਇਸ ਬਾਜੀ ਵਿੱਚ ਹਿੱਸਾ ਲੈਣ ਲਈ ਪਹੁੰਚੇ ਹੋਏ ਸਨ। ਇਹ ਬਾਜੀ ਸਵੇਰੇ 7 ਵਜੇ ਸੁਰੂ ਹੋਈ ਅਤੇ ਸ਼ਾਮ 6 ਵਜੇ ਸਮਾਮਤ ਹੋਈ । ਇਸ ਬਾਜੀ ਦੇ ਜੇਤੂ ਰੰਮੀ ਧਾਲੀਵਾਲ ਰਹੇ




ਜਿਹੜੇ ਕਿ ਮੋਹਨ ਸਿੰਘ ਬਾਦਲ ਨੂੰ ਆਪਣਾ ਉਸਤਾਦ ਮੰਨਦੇ ਹਨ, ਦੇ ਕਬੂਤਰ ਸਭ ਤੋਂ ਵੱਧ ਲੰਮਾ ਸਮਾ ਉੱਡੇ ਜਿਹਨਾਂ ਨੂੰ ਪਹਿਲਾ ਇਨਾਮ ਪੰਜਾਹ ਇੰਚ ਟੀਵੀ ਅਤੇ ਟਰਾਫੀ ਦਿੱਤੀ ਗਈ। ਇਹ ਪਹਿਲਾ ਇਨਾਮ ਉਘੇ ਟਰਾਸਪੋਰਟਰ ਖੁਸ਼ ਧਾਲੀਵਾਲ ਵੱਲੋਂ ਦਿੱਤਾ ਗਿਆ। ਦੂਸਰਾ ਇਨਾਮ ਪੱਪੂ ਸੁਖਾਨੰਦ ਅਤੇ ਤੀਸਰਾ ਇਨਾਮ ਗੁਰਨਾਮ ਸਿੰਘ ਕੰਗ ਬੇਕਰਸਫੀਲਡ ਦੇ ਹਿੱਸੇ ਆਇਆ। ਇਸ ਬਾਜੀ ਲਈ ਯੋਗ ਪ੍ਰਬੰਧ ਕਰਨ ਦਾ ਸਿਹਰਾ ਸਿਟੀ ਆਫ ਸੈਨਵਾਕੀਨ ਦੇ ਪੰਜਾਬੀ ਮੇਅਰ ਰੂਬੀ ਧਾਲੀਵਾਲ ਸਿਰ ਜਾਂਦਾ ਹੈ।

# ਸੈਨਹੋਜ਼ੇ ਗੁਰਦੁਆਰਾ ਚੋਣ ਸਰਗਰਮੀਆਂ ਸ਼ੁਰੂ!

## 'ਸਾਧ ਸੰਗਤ ਸਲੇਟ' ਮੈਦਾਨ ਵਿਚ ਡਟੀ





**ਸੈਨਹੋਜ਼ੇ (ਤਰਲੋਚਨ ਸਿੰਘ 'ਦੁਪਾਲਪੁਰ')-** ਕੈਲੇਫੋਰਨੀਆ ਪ੍ਰਾਂਤ ਵਿਚਲੇ ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਸੈਨਹੋਜ਼ੇ ਸ਼ਹਿਰ ਦੇ ਗੁਰਦੁਆਰਾ ਸਾਹਿਬ ਦੀ ਨਵੀਂ ਪ੍ਰਬੰਧਕ ਕਮੇਟੀ ਚੁਣਨ ਵਾਸਤੇ ਹੋਣ ਜਾ ਰਹੀਆਂ ਚੋਣਾਂ ਦੀਆਂ ਸਰਗਰ-ਮੀਆਂ ਸ਼ੁਰੂ ਹੋ ਗਈਆਂ ਹਨ। ਤਕਰੀਬਨ ਤਿੰਨ ਦਹਾਕਿਆਂ ਦੇ ਲੰਬੇ ਅਰਸੇ ਬਾਅਦ ਇੱਥੇ ਪਹਿਲੀ ਵਾਰ 30 ਅਗਸਤ ਦਿਨ ਐਤਵਾਰ ਨੂੰ ਵੋਟਾਂ ਪੈਣਗੀਆਂ। ਮੌਜੂਦਾ ਪ੍ਰਬੰਧਕਾਂ ਵਿਰੁੱਧ 'ਸੁਧਾਰ ਕਮੇਟੀ' ਦੇ ਨਾਮ ਨਾਲ ਜਾਣੀ ਜਾਂਦੀ ਦੂਸਰੀ ਧਿਰ ਮੈਦਾਨ ਵਿਚ ਨਿੱਤਰੀ ਹੈ। ਇਸ ਧਿਰ ਵੱਲੋਂ ਆਪਣੇ ਸਹਿਯੋਗੀਆਂ ਅਤੇ ਸ਼ੁਭਚਿੰਤਕਾਂ ਦਾ ਇਕ ਭਰਵਾਂ ਇਕੱਠ ਮਿਲਪੀਟਸ ਸ਼ਹਿਰ ਦੇ ਇਕ ਹਾਲ ਵਿਚ ਕੀਤਾ ਗਿਆ। ਸੁਧਾਰ ਕਮੇਟੀ ਵੱਲੋਂ ਆਯੋਜਿਤ ਇਸ ਪਲੇਠੇ ਸਮਾਗਮ ਦੀ ਆਰੰਭਤਾ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਅਰਦਾਸ ਕਰਕੇ ਕੀਤੀ ਗਈ। ਉਪਰੰਤ ਮੁੱਖ ਸਮਾਗਮ ਗੁਰਦੁਆਰੇ ਦੀ ਇਮਾਰਤ ਦੇ ਨਜ਼ਦੀਕ ਹੀ ਇਕ ਵੱਡੇ ਹਾਲ ਵਿਚ ਕੀਤਾ ਗਿਆ। ਸਭ ਤੋਂ ਪਹਿਲਾਂ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਭਾਈ ਜਸਵੰਤ ਸਿੰਘ ਹੋਠੀ ਨੇ ਸੁਧਾਰ ਕਮੇਟੀ ਅਤੇ ਇਸ ਕਮੇਟੀ ਵੱਲੋਂ ਚੋਣਾਂ ਲਈ ਨਾਮਜ਼ਦ ਉਮੀਦਵਾਰਾਂ ਨੂੰ ਭਾਵਪੂਰਤ ਸ਼ਬਦਾਂ 'ਚ ਅਪੀਲ ਕੀਤੀ ਕਿ ਚੋਣਾਂ ਦੌਰਾਨ ਪੂਰੇ ਜ਼ਬਤ ਵਿਚ ਰਿਹਾ ਜਾਵੇ ਕਿਉਂਕਿ ਇਹ ਚੋਣ ਮੁਹਿੰਮ ਕੋਈ ਸਿਆਸੀ ਅਖਾੜਾ ਨਹੀਂ। ਗੁਰੂ ਘਰ ਦੇ ਪ੍ਰਬੰਧਾਂ ਲਈ ਯੋਗ ਉਮੀਦਵਾਰਾਂ ਦੀ ਚੋਣ ਸੰਗਤ ਨੇ ਕਰਨੀ ਹੈ।

ਉਹਨਾਂ ਤੋਂ ਬਾਅਦ ਨੌਜਵਾਨ ਪ੍ਰਭਜੋਤ ਸਿੰਘ ਨੇ ਇਹਨਾਂ ਗੁਰਦੁਆਰਾ ਚੋਣਾਂ ਦੇ ਸੰਦਰਭ ਵਿਚ ਇਕੱਠ ਨਾਲ ਵਿਚਾਰ ਸਾਂਝੇ ਕੀਤੇ। ਫਿਰ ਵਾਰੀ ਆਈ ਸੁਧਾਰ ਕਮੇਟੀ ਦੇ ਮੁੱਖ ਆਗੂ ਡਾ. ਤਰਲੋਚਨ ਸਿੰਘ 'ਨਾਹਲ' ਦੀ ਜਿਹਨਾਂ ਆਪਣੇ ਲੰਮੇ ਭਾਸ਼ਣ ਵਿਚ ਅਦਾਲਤੀ ਕੇਸਾਂ ਦੀ ਤਫਸੀਲੀ ਜਾਣਕਾਰੀ ਦਿੱਤੀ। 'ਸਲਾਈਡ ਸ਼ੋਅ' ਤਕਨੀਕ ਦੀ ਵਰਤੋਂ ਕਰਦਿਆਂ ਉਹਨਾਂ ਅਦਾਲਤੀ ਪ੍ਰਕਿਰਿਆ ਦੇ ਵੱਖ ਵੱਖ ਗੁੰਝਲਦਾਰ ਪੜਾਵਾਂ ਬਾਰੇ ਦੱਸਿਆ ਕਿ ਸੁਧਾਰ ਕਮੇਟੀ ਦੇ ਸਹਿਯੋਗੀਆਂ ਨੇ ਕਿਵੇਂ ਤਹੰਮਲ ਅਤੇ ਸਿਰੜ ਨਾਲ ਕਾਨੂੰਨੀ ਲੜਾਈ ਲੜਦਿਆਂ ਸੈਨਹੋਜ਼ੇ ਦੀਆਂ ਸਿੱਖ ਸੰਗਤਾਂ ਨੂੰ ਵੋਟ ਦਾ ਹੱਕ ਦਿਵਾਇਆ ਹੈ।

ਡਾ. ਨਾਹਲ ਨੇ ਮੌਜੂਦਾ ਪ੍ਰਬੰਧਕਾਂ ਵੱਲੋਂ ਵੀਹ-ਵੀਹ ਸਾਲ ਤੋਂ ਅਹੁਦਿਆਂ 'ਤੇ ਕਾਬਜ ਰਹਿਣ ਅਤੇ ਅਦਾਲਤੀ ਦਿਸ਼ਾ-ਨਿਰਦੇਸ਼ਾਂ ਅਧੀਨ ਵੀ ਨਵੇਂ ਚੋਣ ਅਮਲ ਵਿਚ ਅੜਿੱਕੇ ਖੜ੍ਹੇ ਕਰਨ 'ਤੇ ਵਿਅੰਗ ਕਸਦਿਆਂ ਕਿਹਾ ਕਿ ਜਿਸ ਦੇਸ਼ ਵਿਚ ਕੋਈ ਰਾਸ਼ਟਰਪਤੀ ਵੀ ਦੋ ਟਰਮਾਂ ਤੋਂ ਵੱਧ ਸੇਵਾਵਾਂ ਨਹੀਂ ਨਿਭਾਅ ਸਕਦਾ। ਉਸ ਦੇਸ਼ ਦੇ ਵਸਨੀਕ ਹੁੰਦਿਆਂ ਸਾਡੇ ਧਾਰਮਿਕ ਅਸਥਾਨਾਂ ਵਿਚ ਸਾਰੀ ਉਮਰ ਲਈ ਹੀ ਨਹੀਂ, ਸਗੋਂ ਪੁਸ਼ਤ-ਦਰ-ਪੁਸ਼ਤ ਚੌਧਰਾਂ ਕਾਇਮ ਰੱਖਣ ਲਈ ਘਟੀਆ ਹੱਥਕੰਡੇ ਅਪਣਾਏ ਜਾ ਰਹੇ ਹਨ।

ਮੌਜੂਦਾ ਪ੍ਰਬੰਧਕਾਂ ਵਿਚੋਂ ਕੁਝ ਕੁ ਦੀਆਂ ਤਸਵੀਰਾਂ ਸਕਰੀਨ ਉਤੇ ਦਿਖਾਉਂਦਿਆਂ ਉਹਨਾਂ ਦੱਸਿਆ ਕਿ ਰਿਸ਼ਤੇਦਾਰ ਅਤੇ ਨਿਕਟਵਰਤੀਆਂ ਨੂੰ ਅਹੁਦੇਦਾਰੀਆਂ ਮਾਨਣ ਦਾ ਹੱਕ ਨਹੀਂ। ਕਿਸੇ ਸਮੇਂ ਸੈਨਹੋਜ਼ੇ ਗੁਰਦੁਆਰਾ ਕਮੇਟੀ ਦੇ ਮੈਂਬਰ ਰਹਿ ਚੁੱਕੇ ਭਾਈ ਬਲਵੀਰ ਸਿੰਘ ਢਿੱਲੋਂ ਨੇ ਇਸ ਮੌਕੇ ਬੋਲਦਿਆਂ ਵਿਰੋਧੀ ਧਿਰ ਦੇ 21 ਉਮੀਦਵਾਰਾਂ ਵਿਚੋਂ 14 ਜਣਿਆਂ 'ਤੇ ਦੋਸ਼ ਲਾਇਆ ਕਿ ਉਹ ਸੈਨਹੋਜ਼ੇ ਦੀਆਂ ਸਿੱਖ ਸੰਗਤਾਂ ਤੋਂ ਵੋਟ ਪਾਉਣ ਦਾ ਹੱਕ ਖੋਹਣ ਵਾਲਿਆਂ ਦਾ ਡੱਟ ਕੇ ਸਾਥ ਦਿੰਦੇ ਰਹੇ ਹਨ। ਉਹਨਾਂ ਮਿਸਾਲ ਦਿੱਤੀ ਕਿ 17 ਅਪ੍ਰੈਲ 2011 ਨੂੰ ਗੁਰਦੁਆਰੇ ਦੇ ਪ੍ਰਬੰਧ ਉਤੇ ਕੁਝ ਖਾਸ ਪਰਿਵਾਰਾਂ ਦਾ ਕਬਜਾ ਜਮਾਈ ਰੱਖਣ ਲਈ ਸੰਵਿਧਾਨ ਬਦਲ ਕੇ ਹਾਸੋਹੀਣੀ 'ਵਲੰਟੀਅਰੀ ਰਿਟਾਇਰਮੈਂਟ ਪਲੈਨ' ਬਣਾ ਲਈ ਗਈ ਸੀ। ਇਸ ਮੌਕੇ ਭਾਈ ਜਸਜੀਤ ਸਿੰਘ ਨੇ ਵੀ ਗੁਰਦੁਆਰੇ ਦੀਆਂ ਇਮਾਰਤਾਂ ਬਣਾਉਣ ਅਤੇ ਬੈਂਕਾਂ ਤੋਂ ਲੋਨ ਵਗੈਰਾ ਲੈਣ ਸਮੇਂ ਮੌਜੂਦਾ ਪ੍ਰਬੰਧਕਾਂ ਵੱਲੋਂ ਕੀਤੀਆਂ ਗਈਆਂ ਕਥਿਤ ਕੁਤਾਹੀਆਂ ਦਾ ਸਲਾਈਡ ਸ਼ੋਅ ਨਸ਼ਰ ਕੀਤਾ। ਇਕ ਹੋਰ ਬੁਲਾਰੇ ਵੀਰਪਾਲਇੰਦਰ ਸਿੰਘ ਚਾਹਲ ਨੇ ਫੈਲਾਈਆਂ ਜਾ ਰਹੀਆਂ ਇਹਨਾਂ ਅਫਵਾਹਾਂ ਦਾ ਖੰਡਨ ਕੀਤਾ ਕਿ ਸੁਧਾਰ ਕਮੇਟੀ ਵਾਲੇ ਖਾਲਸਾ ਸਕੂਲ ਬੰਦ ਕਰ ਦੇਣਗੇ।

ਕੁਝ ਹੋਰ ਬੁਲਾਰਿਆਂ ਤੋਂ ਬਾਅਦ ਭਾਈ ਹੋਠੀ ਨੇ ਸਾਧ ਸੰਗਤ ਸਲੇਟ ਦੇ 20 ਉਮੀਦਵਾਰਾਂ ਸਮੇਤ ਸੰਗਤਾਂ ਪਾਸੋਂ ਆਸ਼ੀਰਵਾਦ ਦੀ ਯਾਚਨਾ ਕੀਤੀ। ਹਾਜ਼ਰ ਸੰਗਤਾਂ ਨੇ ਬਾਹਾਂ ਖੜ੍ਹੀਆਂ ਕਰਕੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗਜਾ ਕੇ 'ਵੋਟ ਅਤੇ ਸੁਪੋਰਟ' ਦਾ ਭਰੋਸਾ ਦਿਵਾਇਆ।

# ਫਗਵਾੜਾ ਵਿਧਾਨ ਸਭਾ ਦੇ ਕੇਡਰ ਕੈਂਪ ਨੂੰ ਇਤਿਹਾਸਕ ਬਣਾਉਣ ਲਈ ਆਗੂਆਂ ਵਲੋਂ ਮੀਟਿੰਗਾਂ ਦਾ ਦੌਰ ਤੇਜ਼

**ਫਗਵਾੜਾ- (ਬੀ ਕੇ ਰੱਤੂ) -** ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਵਲੋਂ 14 ਅਗਸਤ ਦਿਨ ਸ਼ੁੱਕਰਵਾਰ ਨੂੰ ਅੰਬੇਡਕਰ ਭਵਨ ਅਰਬਨ ਅਸਟੇਟ ਵਿਖੇ ਲਗਾਏ ਜਾ ਰਹੇ ਕੇਡਰ ਕੈਂਪ ਨੂੰ ਸਫ਼ਲ ਤੇ ਇਤਿਹਾਸਕ ਬਣ-ਾਉਣ ਲਈ ਮੰਡਲ ਕੋਆਰਡੀਨੇਟਰ ਮਾ. ਹਰਭਜਨ ਬਲਾਲੋਂ , ਸ਼੍ਰੀਮਤੀ ਰਚਨਾ ਦੇਵੀ ਅਤੇ ਤਹਿਸੀਲ ਪ੍ਰਧਾਨ ਰਮੇਸ਼ ਕੌਲ ਕੌਂ-ਸਲਰ ਦੀ ਅਗਵਾਈ ਹੇਠ ਵੱਖ - ਵੱਖ ਪਿੰਡਾਂ 'ਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ।

ਜਿਸ ਲੜੀ ਤਹਿਤ ਮਾਨਵ ਨਗਰ, ਮਨਸਾ ਦੇਵੀ ਨਗਰ, ਧਿਆਨ ਸਿੰਘ ਕਲੋਨੀ, ਸ਼ਹੀਦ ਊਧਮ ਸਿੰਘ ਨਗਰ, ਰਾਜਾ ਗਾਰਡਨ ਕਲੋਨੀ, ਖੇੜਾ ਕਲੋਨੀ, ਭਬਿਆਣਾ, ਡੁਮੇਲੀ, ਪਾਸ਼ਟਾਂ, ਨਰੂੜ ਵਿਖੇ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਮੀ-ਟਿੰਗਾਂ 'ਚ ਭਰਵੇਂ ਇੱਕਠ ਨੂੰ ਸੰਬੋਧਨ ਕਰਦਿਆਂ ਮਾ. ਹਰਭਜਨ ਬਲਾਲੋਂ, ਸ਼੍ਰੀਮਤੀ ਰਚਨਾ ਦੇਵੀ ਅਤੇ ਤਹਿਸੀਲ ਪ੍ਰਧਾਨ ਰਮੇਸ਼ ਕੌਲ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਤੇ ਬਸਪਾ ਦੇ ਬਾਨੀ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਸੁਪਨਿਆਂ ਦੀ ਸਰਕਾਰ ਬਣਾਉਣ ਲਈ ਪਾਰਟੀ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਦੇ ਦਿਸ਼ਾ ਨਿਰਦੇਸ਼ਾਂ 'ਤੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਦੀ ਅਗਵਾਈ 'ਚ ਪੰਜਾਬ ਅੰਦਰ ਪਾਰਟੀ ਦੇ ਮਿਸ਼ਨ ਨੂੰ ਸਮ-ਰਪਿਤ ਇੱਕ ਲੱਖ ਜੋਧੇ ਤਿਆਰ ਕਰਨ ਦੇ ਮਕਸਦ ਨਾਲ ਕੇਡਰ ਕੈਂਪ ਲਗਾਏ ਜਾ ਰਹੇ ਹਨ। ਜਿਸ ਦੀ ਲੜੀ ਤਹਿਤ 14 ਅਗਸਤ ਨੂੰ ਅੰਬੇਡਕਰ ਭਵਨ ਅਰਬਨ ਅਸਟੇਟ ਵਿਖੇ ਸਵੇਰੇ 10 ਵਜੇ ਤੋਂ ਦੁਪਿਹਰ 2 ਵਜੇ ਤੱਕ ਕੇਡਰ ਕੈਂਪ ਲਗਾਇਆ ਜਾ ਰਿਹਾ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਇਸ ਕੇਡਰ ਕੈਂਪ ਨੂੰ ਸਫ਼ਲ ਤੇ ਇਤਿਹਾਸਕ ਬਣਾਉਣ ਲਈ ਨੌਜਵਾਨਾਂ ਦੀ ਸ਼ਮੂ-ਲੀਅਤ ਯਕੀਨੀ ਬਣਾਉਣਾ।

ਇਸ ਮੌਕੇ ਨਿਊ ਮਨਸਾ ਦੇਵੀ ਨਗਰ ਵਿਖੇ ਬਸਪਾ ਨੂੰ ਉਸ ਵੇਲੇ ਬੱਲ ਮਿਲਿਆ ਜਦੋਂ ਯੂਥ ਆਗੂ ਜਤਿੰਦਰ ਨਾਹਰ ਨੇ ਪਾਰਟੀ ਦੀ ਵਿਚਾਰਾਧਾਰਾ ਤੇ ਮਿਸ਼ਨ ਤੋਂ ਪ੍ਰਭਾਵਿਤ ਹੋ ਕੇ ਆਪਣੇ ਅਨੇਕਾਂ ਸਾਥੀਆਂ ਸਮੇਤ ਬਸਪਾ 'ਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਜਿਸਦਾ ਆਗੂਆਂ ਨੇ ਭਰਵਾਂ ਸਵਾਗਤ ਕੀਤਾ। ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਮਾ. ਹਰਭਜਨ ਬਲਾਲੋਂ, ਰਚਨਾ ਦੇਵੀ ਤੇ ਰਮੇਸ਼ ਕੌਲ ਨੇ ਕਿਹਾ ਕਿ ਕੇਡਰ ਕੈਂਪ ਨੂੰ ਲੈ ਕੇ ਨੌਜਵਾਨਾਂ ਅੰਦਰ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਹਰ ਵਰਗ ਦੇ ਨੌਜਵਾਨ ਪਾਰਟੀ ਨਾਲ ਜੁੜ ਰਹੇ ਹਨ। ਉਕਤ ਆਗੂਆਂ ਨੇ ਕਿਹਾ ਕਿ ਕੇਡਰ ਕੈਂਪ ਇਤਿਹਾਸ ਸਿਰਜੇਗਾ ਅਤੇ ਨੌਜਵਾਨਾਂ ਦੀ ਸ਼ਮੂਲੀਅਤ ਵੱਡੇ ਪੱਧਰ ਤੇ ਹੋਵੇਗੀ।

ਇਸ ਮੌਕੇ ਲੇਖ ਰਾਜ ਜਮਾਲਪੁਰੀ, ਪ੍ਰਮਜੀਤ ਖਲਵਾੜਾ, ਹਰਭਜਨ ਖਲਵਾੜਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਰਾਮ ਮੂਰਤੀ ਖੇੜਾ, ਸੁਰਜੀਤ ਭੁੱਲਾਰਾਈ, ਤਰਵਣ ਦਾਨੀ, ਜਤਿੰਦਰ ਮੋਹਣ ਡੁਮੇਲੀ, ਹਰਭਜਨ ਨਰੂੜ, ਜਸਵਿੰਦਰ ਕੌਰ, ਦੇਸ ਰਾਜ ਸੁੰਨੜਾ, ਗੁਰਨਾਮ ਸਿੰਘ ਬਾਜਵਾ, ਬੌਬੀ ਪਾਂਸ਼ਟਾ ਆਦਿ ਹਾਜ਼ਰ ਸਨ।

## ਸੰਪਾਦਕ ਦੀ ਡਾਕ

# ਅੱਖਾਂ ਖੋਲ੍ਹਣ ਵਾਲਾ ਲੇਖ!

**ਸ਼੍ਰੀਮਾਨ ਸੰਪਾਦਕ ਜੀਓ**

ਆਪ ਦੀ ਸੁਯੋਗ ਸੰਪਾਦਨਾ ਹੇਠ ਛਪਦੇ ਅਖਬਾਰ 'ਦੇਸ਼ ਦੁਆਬਾ' ਦੇ ਅੰਕ ਨੰ: 18 (5 ਅਗਸਤ 2015) ਵਿਚ ਛਪਿਆ ਪ੍ਰੋ: ਗੁਰਨਾਮ ਸਿੰਘ 'ਮੁਕਤਸਰ' ਜੀ ਦਾ ਲੇਖ ਵਾਕਿਆ ਹੀ ਅੱਖਾਂ ਖੋਲ੍ਹਣ ਵਾਲੀ ਰਚਨਾ ਸੀ। ਆਮ ਧਾਰਨਾ ਅਧੀਨ ਮੈਂ ਇਹ ਲੇਖ ਪੜ੍ਹਨਾ ਸ਼ੁਰੂ ਕਰਨ ਵੇਲੇ ਸੋਚਿਆ ਸੀ ਕਿ ਪ੍ਰੋਫੈਸਰ ਸਾਹਿਬ ਨੇ ਸਿੱਖ ਇਤਿਹਾਸਕ ਸਰੋਤਾਂ ਨਾਲ ਆਰ. ਐਸ. ਐਸ. ਵਗੈਰਾ ਵੱਲੋਂ ਕੀਤੀ ਜਾਂਦੀ ਛੇੜਖਾਨੀ ਬਾਬਤ ਕਲਮ ਵਾਹੀ ਹੋਵੇਗੀ ਪਰ ਜਿਉਂ ਜਿਉਂ ਪੜ੍ਹਦਾ ਗਿਆ, ਇਹ ਤਾਂ ਵਿਸ਼ਾ ਹੀ ਇਕ ਨਿਵੇਕਲਾ ਸੀ, ਜਿਹਦੇ ਵੱਲ ਅਸੀਂ ਕਦੇ ਧਿਆਨ ਹੀ ਨਹੀਂ ਦਿੰਦੇ। ਇਹ ਮੰਨਣ ਵਿਚ ਕੋਈ ਝੂਠ ਨਹੀਂ ਕਿ ਬਿਪਰਵਾਦੀ ਤਾਕਤਾਂ ਗੁਰੂ ਸਾਹਿਬਾਨ ਦੇ ਫਲਸਫ਼ੇ ਨੂੰ ਗੰਧਲਾ ਕਰਨ 'ਤੇ ਤੁਲੀਆਂ ਪਈਆਂ ਹਨ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਗਿਆਨਕ ਧਰਮ ਨੂੰ, ਜਿਹੜਾ ਅਸੀਂ ਖੁਦ ਕਰਮ-ਕਾਂਡੀ ਤੇ ਬਿਪਰ-ਰੰਗ ਚਾੜ੍ਹ ਰਹੇ ਹਾਂ, ਉਸਦਾ ਸਾਨੂੰ ਇਲਮ ਹੀ ਨਹੀਂ। ਜਾਂ ਫਿਰ ਸਭ ਕੁਝ ਜਾਣਦੇ-ਬੁੱਝਦੇ ਘੋਗੜ-ਕੰਨੇ ਬਣੇ ਰਹਿੰਦੇ ਹਾਂ।

ਮਾਨਯੋਗ ਪ੍ਰੋਫੈਸਰ ਸਾਹਿਬ ਨੇ ਆਪਣੀ ਇਸ ਲਿਖਤ ਵਿਚ ਸਾਫ ਸਪਸ਼ਟ ਗੱਲਾਂ ਲਿਖੀਆਂ ਹਨ, ਕੋਈ ਗੁੰਝਲਦਾਰ ਸ਼ਬਦਾਵਲੀ ਨਹੀਂ ਵਰਤੀ। ਜਿਵੇਂ ਉਹਨਾਂ ਲਿਖਿਆ ਹੈ ਕਿ ਜਦ ਕੋਈ 'ਸਿੱਖ' ਸਰੋਵਰ ਦੇ ਪਾਣੀ ਨੂੰ 'ਗੰਗਾ ਜਲ' ਸਮਝਦਾ ਹੈ, ਪੁੰਨ-ਦਾਨ, ਸ਼ਰਾਧ ਵਰਤ, ਪੁੰਨਿਆ, ਮੱਸਿਆ, ਧਾਗਾ ਤਵੀਤ, ਮੰਤਰ-ਜੰਤਰ ਅਤੇ ਥਿੱਤ-ਵਾਰ ਵਗੈਰਾ ਮੰਨਦਾ ਹੈ ਤੇ ਅਜਿਹੇ ਫੋਕਟ-ਕਰਮ ਕਰਦਾ ਹੈ ਤਾਂ ਉਹ ਸਿੱਖ ਧਰਮ 'ਤੇ ਹਮਲਾ ਹੀ ਕਰ ਰਿਹਾ ਹੁੰਦਾ ਹੈ।

ਅੱਗੇ ਜਾ ਕੇ ਉਨ੍ਹਾਂ ਹੋਰ ਐਲਾਨੀਆ ਕਿਹਾ ਕਿ 'ਉਚੀਆਂ ਗੱਲਾਂ' ਕਰਨ ਵਾਲੇ, ਪਰ ਕਰਮ 'ਨੀਚਾਂ' ਵਾਲੇ ਕਰਦੇ ਸਿੱਖ ਭਰਾ ਵੀ, ਆਪਣੇ ਧਰਮ 'ਤੇ ਹਮਲਾ ਕਰਨ ਦੇ ਭਾਗੀਦਾਰ ਬਣਦੇ ਹਨ। ਪ੍ਰੋਫੈਸਰ ਜੀ ਨੇ ਖੁਦ ਨੂੰ ਵੀ ਵਿੱਚੇ ਗਿਣਦਿਆਂ ਨਿਰ-ਸੰਕੋਚ ਲਿਖਿਆ ਹੈ- 'ਜਿਉਂ ਹੀ ਅਸੀਂ-ਤੁਸੀਂ ਬ੍ਰਾਹਮਣ ਦੇ ਮਾਰਗ 'ਤੇ ਜਿੱਥੋਂ ਤੱਕ ਕਦਮ ਧਰਦੇ ਤੇ ਤੁਰਦੇ ਹਾਂ, ਉਤਨਾ ਹੀ ਸਿੱਖ ਧਰਮ 'ਤੇ ਹਮਲਾ ਕਰਦੇ ਹਾਂ।' ਡੇਰੇਦਾਰਾਂ, ਬ੍ਰਹਮ-ਗਿਆਨੀਆਂ ਅਤੇ ਸੰਪਰਦਾਈ-ਪ੍ਰਚਾਰਕਾਂ 'ਤੇ ਉਂਗਲ ਧਰਦਿਆਂ ਲੇਖਕ ਨੇ ਬੇ-ਬਾਕ ਹੋ ਕੇ ਲਿਖਿਆ ਹੈ ਕਿ ਇਹ ਲੋਕ ਧਰਮ-ਪ੍ਰਚਾਰ ਦੇ ਨਾਂ ਹੇਠ ਬਿਪਰ-ਪ੍ਰਚਾਰ ਹੀ ਕਰਦੇ ਹਨ ਤੇ ਸਿੱਖ ਸਮਾਜ ਨੂੰ ਕਰਮ-ਕਾਂਡੀ ਸੰਗਲਾਂ ਨਾਲ ਜਕੜੀ ਜਾ ਰਹੇ ਨੇ।

ਗੁਰਬਾਣੀ ਦੀ ਇਕ ਪੰਕਤੀ ਦੇ ਅਰਥ ਕਰਦਿਆਂ ਉਨ੍ਹਾਂ 'ਡੰਕੇ ਦੀ ਚੋਟ' ਨਾਲ ਲਿਖਿਆ ਹੈ- 'ਅਸੀਂ ਅਗਿਆਨੀ ਹਾਂ ਜਾਂ ਅੰਧ-ਵਿਸ਼ਵਾਸੀ, ਅੰਧਲੇ ਦਾ ਨਾਂ ਪਾਰਖੂ ਹੈ ਤੇ ਮੂਰਖ ਦਾ ਨਾਂ ਪੰਡਤ!



ਬੇਸ਼ੱਕ ਇਸ ਲੇਖ ਵਿਚ ਕੁਝ ਅਜਿਹੀਆਂ ਉਕਤੀਆਂ ਵੀ ਹਨ, ਜਿਹਨਾਂ ਨਾਲ ਸਹਿਮਤ ਹੋਣਾ ਔਖਾ ਹੈ, ਪਰ ਸਮੁੱਚੇ ਰੂਪ ਵਿਚ ਇਹ ਲੇਖ ਰੂਹ ਨੂੰ ਝੰਜੋੜਨ ਵਾਲਾ ਹੈ। ਲੇਖਕ ਨੇ ਖੁਦ ਨੂੰ 'ਨਾਮਦੇਵ- ਕਬੀਰ- ਰਵਿਦਾਸ-ਨਾਨਕ' ਦਾ ਦਾਸ ਕਹਿ ਕੇ ਗੁਰਬਾਣੀ ਰਚਣ ਵਾਲਿਆਂ ਬਾਰੇ 'ਛੋਟੇ-ਬੜੇ' ਦੇ ਭਰਮ-ਭੁਲੇਖੇ ਦੂਰ ਕਰ ਦਿੱਤੇ ਹਨ। ਗੁਰੂ ਸਾਹਿਬਾਨ ਦੀ ਫਿਲਾਸਫੀ ਨੂੰ ਗੰਧਲੇਪਣ ਤੋਂ ਬਚਾਉਣ ਹਿਤ, ਆਪਾ ਕੁਰਬਾਨ ਕਰਕੇ ਮਹਾਨ ਸ਼ਹੀਦਾਂ ਨੂੰ ਯਾਦ ਕਰਦਿਆਂ ਪ੍ਰੋ: ਸਾਹਿਬ ਨੇ ਹੱਕ-ਬਜਾਨਬ ਸਵਾਲ ਉਠਾਇਆ ਹੈ ਕਿ ਕੀ ਅਸੀਂ ਉਹੀ ਹਾਂ? ਜਿਨ੍ਹਾਂ ਲਈ ਉਹ ਸਰਬੰਸ ਵਾਰ ਗਏ? ਨਹੀਂ, ਅਸੀਂ ਬਿਲਕੁਲ ਵੀ ਉਹ ਨਹੀਂ ਰਹੇ। ਅਸੀਂ ਸਭ ਆਪਦੇ ਧਰਮ 'ਤੇ ਹਮਲਾ ਕਰਨ ਵਾਲਿਆਂ ਵਿਚ ਸ਼ਾਮਲ ਹਾਂ। ਅਖੀਰਲਾ ਵਾਕ ਉਹਨਾਂ ਬਹੁਤ ਹੀ ਕਰੁਣਾ-ਮਈ ਅੰਦਾਜ਼ ਨਾਲ, ਵੈਰਾਗ ਵਿਚ ਡੁੱਬ ਕੇ ਲਿਖਿਆ ਜਾਪਦਾ ਐ!

'ਧਰਮ ਸਾਡੀਆਂ ਝੱਖਣਾਂ ਅੱਗੇ ਕੁਝ ਨਹੀਂ ਰਿਹਾ, ਬੇਵੱਸ ਹੋ ਗਿਆ ਹੈ।'

ਮੈਨੂੰ ਉਮੀਦ ਹੀ ਨਹੀਂ ਸਗੋਂ ਵਿਸ਼ਵਾਸ ਹੈ ਕਿ ਜਿਹੜੇ ਵੀ ਸਖਸ਼ ਨੇ ਉਕਤ ਲੇਖ ਦਿਆਨਤ-ਦਾਰੀ ਨਾਲ ਪੜ੍ਹਿਆ ਹੋਵੇਗਾ, ਉਸ ਦੀ ਰੂਹ ਨੂੰ ਝੁਣ-ਝੁਣੀ ਜ਼ਰੂਰ ਆਈ ਹੋਵੇਗੀ।

ਸੁੱਤੀਆਂ ਜ਼ਮੀਰਾਂ ਜਗਾਉਣ ਵਾਲਾ ਅਜਿਹਾ ਸੂਰਜ-ਵਤ ਰੌਸ਼ਨ ਲੇਖ ਛਾਪਣ ਲਈ ਤੁਹਾਡਾ ਵੀ ਧੰਨਵਾਦੀ ਹਾਂ ਅਤੇ ਮਾਣਯੋਗ ਪ੍ਰੋਫੈਸਰ ਗੁਰਨਾਮ ਸਿੰਘ 'ਮੁਕਤਸਰ' ਦਾ ਵੀ ਸ਼ੁਕਰ-ਗੁਜ਼ਾਰ। ਉਹ ਅਜਿਹੇ ਸੇਧ ਦੇਣ ਵਾਲੇ ਲੇਖ ਲਿਖਦੇ ਰਹਿਣ।

**ਸ਼ੁਭਚਿੰਤਕ**
**ਤਰਲੋਚਨ ਸਿੰਘ 'ਦੁਪਾਲਪੁਰ'**
**ਸਾਬਕਾ ਮੈਂਬਰ ਐਸ. ਜੀ. ਪੀ. ਸੀ.**
001-408-915-1268


**Shri Guru Ravidass Sabha ( Bay Area)**
31252 Veasy Street,Union City,CA 94587



HAR SO HEERA CHHAAD KE KARE AAN KI AAS TE NAR DOJAKH JAYENGE SAT BHAAKHE RAVIDASS

# ਸ੍ਰੀ ਗੁਰੂ ਰਵਿਦਾਸ ਸਭਾ (ਬੇ ਏਰੀਆ) ਦੀ ਮੈਂਬਰਸ਼ਿਪ ਲਈ ਸੱਦਾ

ਯੂਨੀਅਨ ਸਿਟੀ

ਗੁਰੂ ਪਿਆਰੀ ਸਾਧ ਸੰਗਤ ਜੀ

ਸਾਧ ਸੰਗਤ ਨੂੰ ਬੇਨਤੀ ਹੈ ਕਿ ਜੋ ਮੌਜੂਦਾ ਕਮੇਟੀ ਹੈਂ ਜੋ ਦਿਨ ਰਾਤ ਕੰਮ ਕਰਦੀ ਹੈ ਉਸ ਦਾ ਸਾਥ ਦਿੱਤਾ ਜਾਵੇ ਜੋ ਕਿ ਗੁਰੂ ਘਰ ਦੀ ਇਮਾਰਤ ਦੀ ਉਸਾਰੀ ਜਲਦੀ ਹੋ ਸਕੇ। ਮੌਜੂਦਾ ਕਮੇਟੀ ਸਹੀ ਕਨੂੰਨ ਦੇ ਮੁਤਾਬਕ 25 ਅਕਤੂਬਰ ਨੂੰ ਚੋਣ ਕਰਵਾਈ ਜਾ ਰਹੀ ਹੈ, ਜਿਸ ਦੀ ਮੈਬਰਸ਼ਿਪ 30 ਅਗਸਤ ਨੂੰ ਸਵੇਰੇ 10.00 ਵਜੇ ਤੋਂ ਲੈ ਕਿ 2.00 ਵਜੇ ਤੱਕ ਹੋਵੇਗੀ ਅਤੇ ਕਿਰਪਾ ਕਰਕੇ ਆਪਣੀ ਮੈਬਰਸ਼ਿਪ ਨੂੰ ਜਰੂਰ ਨਵੀਂ ਕਰਵਾ ਲਵੋ। ਸਤੰਬਰ ਮਹੀਨੇ ਵਿੱਚ ਵੀ ਮੈਬਰਸ਼ਿਪ ਬਣੇਗੀ।

# ਵਿਜੈ ਸਾਂਪਲਾ ਨੇ "ਜਨ ਸੇਵਾ ਮੀਟ" ਪ੍ਰੋਗਰਾਮ ਦੌਰਾਨ ਲੋਕਾਂ ਦੀਆਂ ਦੀਆਂ ਸਮੱਸਿਆਵਾਂ ਸੁਣੀਆਂ

## ਪੰਜਾਬ ਵਿੱਚ ਨਸ਼ਿਆਂ ਦੀ ਬੁਰਾਈ ਨੂੰ ਖਤਮ ਕਰਨ ਲਈ 26 ਨਸ਼ਾਂ ਛੁਡਾਊ ਕੇਂਦਰ ਖੋਲ੍ਹੇ ਜਾ ਚੁੱਕੇ ਹਨ- ਸਾਂਪਲਾ

ਫਗਵਾੜਾ (ਬੀ ਕੇ ਰੱਤੂ) - ਵਿਜੈ ਸਾਂਪਲਾ ਸਮਾਜਿਕ ਨਿਆਂ ਤੇ ਮਹਿਲਾ ਸ਼ਸਕਤੀਕਰਨ ਕੇਂਦਰੀ ਰਾਜ ਮੰਤਰੀ ਨੇ ਅੱਜ ਨਗਰ ਨਿਗਮ ਫਗਵਾੜਾ ਵਿਖੇ ਆਪਣੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਹਾਜਰੀ ਵਿਚ ਹਲਕਾ ਫਗਵਾੜਾ ਦੇ ਲੋਕਾਂ ਦੀਆਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਹਨਾਂ ਦੇ ਸਮਾਂ-ਬੱਧ ਨਿਪਟਾਰੇ ਲਈ ਆਦੇਸ਼ ਦਿੱਤੇ। ਇਸ ਮੌਕੇ ਸ੍ਰੀ ਦਲਜੀਤ ਸਿੰਘ ਮਾਂਗਟ ਡਿਪਟੀ ਕਮਿਸ਼ਨਰ ਕਪੂਰਥਲਾ, ਸ੍ਰੀ ਰਜਿੰਦਰ ਸਿੰਘ ਐੱਸ. ਐੱਸ. ਪੀ. ਕਪੂਰਥਲਾ, ਸ੍ਰੀ ਕੇਸ਼ਵ ਹਿੰਗੋਨੀਆਂ ਐੱਸ. ਡੀ. ਐੱਮ. ਫਗਵਾੜਾ ਅਤੇ ਸ੍ਰੀ ਸੁਰਿੰਦਰ ਸਿੰਘ ਵਾਲੀਆਂ ਸੀਨੀਅਰ ਡਿਪਟੀ ਮੇਅਰ ਕਾਰਪੋਰੇਸ਼ਨ ਫਗਵਾੜਾ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜਰ ਸਨ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਅਨੁਸੂਚਿਤ ਜਾਤੀ ਤੇ ਪਛੜੀਆਂ ਸ਼੍ਰੇਣੀਆਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵੱਖ-ਵੱਖ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਉਹਨਾਂ ਦੱਸਿਆ ਕਿ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਪੜਾਈ ਪ੍ਰਤੀ ਉਤਸ਼ਾਹਿਤ ਕਰਨ ਲਈ ਵੱਖ-ਵੱਖ ਵਜ਼ੀਫਾ ਸਕੀਮਾਂ ਤਹਿਤ ਵਜ਼ੀਫਾ ਦਿੱਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਕਾਲਜਾਂ ਵਿਚ ਐੱਸ. ਸੀ. ਲੜਕੀਆਂ ਨੂੰ ਹੋਸਟਲ ਸਹੂਲਤਾਂ ਪ੍ਰਦਾਨ ਕਰਨ ਲਈ 3 ਕਰੋੜ ਰੁਪਏ ਤੱਕ ਦੀ ਗ੍ਰਾਂਟ ਦਿੱਤੀ ਜਾਂਦੀ ਹੈ।ਉਹਨਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਐੱਸ. ਸੀ. ਮਹਿਲਾਵਾਂ ਲਈ ਆਤਮ-



ਨਿਰਭਰ ਹੋਣ ਵਾਸਤੇ 3 ਮਹੀਨੇ ਦਾ ਡਰਾਈਵਿੰਗ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਜਿਸ ਵਿਚ ਮਹਿਲਾਵਾਂ ਨੂੰ ਡਰਾਈਵਿੰਗ ਕੋਰਸ ਦੇ ਨਾਲ-ਨਾਲ ਆਤਮ-ਸੁਰੱਖਿਆ ਲਈ ਜੂਡੋ-ਕਰਾਟੇ ਦੀ ਟਰੇਨਿੰਗ ਵੀ ਦਿੱਤੀ ਜਾਵੇਗੀ ਅਤੇ ਨੌਕਰੀ ਦਿਵਾਉਣ ਵਿੱਚ ਵੀ ਮੱਦਦ ਕੀਤੀ ਜਾਵੇਗੀ।

ਆਦਮਪੁਰ ਏਅਰਪੋਰਟ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਸ੍ਰੀ ਸਾਂਪਲਾ ਨੇ ਕਿਹਾ ਕਿ ਇਸ ਲਈ ਰੱਖਿਆ ਵਿਭਾਗ ਤੇ ਸਿਵਲ ਏਵੀਏਸ਼ਨ ਵਿਭਾਗ ਵੱਲੋਂ ਕਾਰਵਾਈ ਸ਼ੁਰੂ ਹੋ ਚੁੱਕੀ ਹੈ ਅਤੇ ਜਲਦ ਦੀ ਏਅਰਪੋਰਟ ਅਥਾਰਟੀ ਆਫ ਇੰਡੀਆ ਦੀ ਟੀਮ ਇਸ ਸਬੰਧੀ ਦਿੱਤੀ ਗਈ ਜ਼ਮੀਨ ਦਾ ਜਾਇਜ਼ਾ ਲੈਣ ਲਈ ਆ ਰਹੀ ਹੈ।

ਇਸ ਮੌਕੇ ਸ੍ਰੀ ਸਾਂਪਲਾ ਨੇ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਦੀ ਬੁਰਾਈ ਨੂੰ ਖਤਮ ਕਰਨ ਲਈ 26 ਨਸ਼ਾਂ ਛੁਡਾਊ ਕੇਂਦਰ ਖੋਲ੍ਹੇ ਜਾ ਚੁੱਕੇ ਹਨ, ਜਿਨ੍ਹਾਂ ਵਿਚ ਨਸ਼ਿਆ ਦੀ ਆਦਤ ਦਾ ਸ਼ਿਕਾਰ ਹੋ ਚੁੱਕੇ ਮਰੀਜਾਂ ਦਾ 3 ਮਹੀਨੇ ਲਈ ਮੁਫਤ ਇਲਾਜ ਕੀਤਾ ਜਾਵੇਗਾ ਅਤੇ ਉਹਨਾਂ ਨੂੰ ਯੋਗਾ ਤੇ ਅਧਿਆਤਮਕ ਗਿਆਨ ਦੇ ਨਾਲ-ਨਾਲ ਵੋਕੇਸ਼ਨਲ ਟਰੇਨਿੰਗ ਵੀ ਦਿੱਤੀ ਜਾਵੇਗੀ। ਇਸ ਮੌਕੇ ਸ੍ਰੀ ਤੇਜਸਵੀ ਭਰਦਵਾਜ ਸਾਬਕਾ ਜ਼ਿਲ੍ਹਾ ਪ੍ਰਧਾਨ ਭਾਜਪਾ, ਸ੍ਰੀ ਬਲਭੱਦਰਸੇਨ ਦੁੱਗਲ ਸੀਨੀਅਰ ਭਾਜਪਾ ਆਗੂ, ਸ੍ਰੀ ਆਕਾਸ਼ ਕਾਲੀਆ, ਸ੍ਰੀ ਰਾਜੇਸ਼ ਪਾਸੀ, ਸ੍ਰੀ ਅਵਤਾਰ ਸਿੰਘ ਮੰਡ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਸ੍ਰੀ ਪੰਕਜ ਚਾਵਲਾ, ਸ੍ਰੀ ਵੇਦ ਪ੍ਰਕਾਸ਼, ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਚੰਦਰਮੋਹਨ ਚਾਵਲਾ, ਸ੍ਰੀ ਸੰਜੇ ਚਾਹਲ, ਸ੍ਰੀ ਸੁਨੀਲ ਚੰਮ, ਸ੍ਰੀ ਅਨੁਰਾਗ ਮਨਖੰਡ, ਸ੍ਰੀ ਪਰਮਜੀਤ ਸਿੰਘ ਚਾਚੋਕੀ ਕੌਂਸਲਰ, ਸ੍ਰੀ ਅਮਰੀਕ ਸਿੰਘ ਪਿੰਦੀ, ਜਥੇਦਾਰ ਸੌਦਾਗਰ ਸਿੰਘ ਭਾਣੋਕੀ, ਚੌਧਰੀ ਮਨਜੀਤ ਸਿੰਘ ਅਤੇ ਸ੍ਰੀ ਅਸ਼ੋਕ ਦੁੱਗਲ ਤੋਂ ਇਲਾਵਾ ਹੋਰ ਭਾਜਪਾ ਆਗੂ ਤੇ ਵਰਕਰ ਵੀ ਹਾਜ਼ਰ ਸਨ।

# ਪਾਕਿਸਤਾਨ ਦੇ ਪਹਿਲੇ ਦਲਿਤ ਸੈਨੇਟਰ ਇੰਜੀਨੀਅਰ ਗਿਆਨ ਚੰਦਰ ਮੇਘਵਾਲ

ਪਾਕਿਸਤਾਨ ਪੀਪਲਜ਼ ਪਾਰਟੀ ਦੇ ਨੇਤਾ ਇੰਜੀਨੀਅਰ ਗਿਆਨਚੰਦਰ ਮੇਘਵਾਲ ਪਾਕਿਸਤਾਨ ਦੇ ਪਹਿਲੇ ਦਲਿਤ ਸੈਨੇਟਰ ਬਣ ਚੁੱਕੇ ਹਨ। ਘੱਟ ਗਿਣਤੀਆਂ ਦੇ ਲਈ ਸੈਨੇਟ ਵਿਚ 4 ਸੀਟਾਂ ਰਿਜ਼ਰਵ ਹਨ, ਪਰ ਉਹ ਜਨਰਲ ਸੀਟ ਤੇ ਜਿੱਤੇ ਹਨ। ਉਹ ਕਹਿੰਦੇ ਹਨ, ਪਾਕਿਸਤਾਨ ਵਿਚ ਦਲਿਤਾਂ ਦੀ ਸਥਿਤੀ ਭਾਰਤ ਤੋਂ ਬਿਹਤਰ ਹੈ। ਇਥੇ ਜੋ ਕੁੱਲ ਚਾਰ ਫੀਸਦੀ ਹਿੰਦੂ ਹਨ, ਉਹਨਾਂ ਵਿਚੋਂ 60 ਫੀਸਦੀ ਆਬਾਦੀ ਦਲਿਤਾਂ ਦੀ ਹੈ। ਇੱਥੇ ਵੀ ਅੰਬੇਦਕਰ ਜੈਅੰਤੀ ਉਨੇ ਹੀ ਉਤਸ਼ਾਹ ਨਾਲ ਮਨਾਈ ਜਾਂਦੀ ਹੈ, ਜਿੰਨੀ ਕਿ ਭਾਰਤ ਵਿਚ ਕਿਉਂਕਿ ਸਭ ਜਾਣਦੇ ਹਨ ਕਿ ਅੰਬੇਦਕਰ ਦਾ ਦਲਿਤਾਂ ਦੇ ਕਲਿਆਣ ਵਿਚ ਕਿੰਨਾ ਯੋਗਦਾਨ ਹੈ। ਇੰਜੀਨੀਅਰ ਗਿਆਨਚੰਦ ਦਾ ਸੈਨੇਟਰ ਬਣਨਾ ਲੋਕਾਂ ਨੂੰ ਕਿਸੇ ਕਰਿਸ਼ਮੇ ਤੋਂ ਘੱਟ ਨਹੀਂ ਲੱਗਿਆ। ਸਾਬਕਾ ਮੁੱਖ ਮੰਤਰੀ ਅਰਬਰ ਗੁਲਾਮ ਰਹੀਮ ਦੇ ਧੁਰ ਵਿਰੋਧੀ ਗਿਆਨ ਚੰਦ ਨੇ ਦੱਸਿਆ ਕਿ ਰਹੀਮ ਨੇ ਮੈਨੂੰ ਜਾਮ ਸਾਦਿਕ ਅੰਦੋਲਨ ਦੇ ਵਕਤ ਗ੍ਰਿਫ਼ਤਾਰ ਕਰਵਾਇਆ ਸੀ।

ਛੋਟੇ ਪਰਿਵਾਰ ਤੋਂ ਹੁੰਦੇ ਹੋਏ ਮੈਂ ਕਦੀ ਰਾਜਨੀਤੀ ਵਿਚ ਆਉਣ ਬਾਰੇ ਸੋਚਿਆ ਵੀ ਨਹੀਂ ਸੀ ਪਰ ਅਬਰਬ ਸਾਹਿਬ ਦਾ ਲੱਖ ਲੱਖ ਸ਼ੁਕਰੀਆ। ਉਹਨਾਂ ਦੇ ਕਾਰਨ ਅੱਜ ਮੈਂ ਰਾਜਨੀਤੀ ਦਾ ਹਿੱਸਾ ਬਣ ਗਿਆ ਹੈ। ਗਿਆਨਚੰਦ ਦੇ ਪਿਤਾ ਅਤੇ ਦੋ ਵੱਡੇ ਭਰਾ ਪ੍ਰਾਇਮਰੀ ਸਕੂਲ ਦੇ ਅਧਿਆਪਕ ਰਹੇ ਹਨ। ਥਾਰਪਰਕਾਰ ਜ਼ਿਲ੍ਹੇ ਦੇ ਡਿਪਲੋ ਖੇਤਰ ਦੇ ਗਿਆਨ ਚੰਦ ਨੇ ਆਪਣੀ ਸਿੱਖਿਆ



ਸਿੰਘ ਐਗਰੀਕਲਚਰ ਯੂਨੀਵਰਸਿਟੀ ਟੈਂਡੋਜੈਮ ਤੋਂ 1990 ਵਿਚ ਪੂਰੀ ਕੀਤੀ। ਪੀ. ਪੀ. ਪੀ. ਪਾਰਟੀ ਨਾਲ ਇਹਨਾਂ ਦਾ ਸਬੰਧ ਦੋ ਦਹਾਕੇ ਪੁਰਾਣਾ ਹੈ। ਗਿਆਨਚੰਦ ਕਹਿੰਦੇ ਹਨ ਕਿ ਪਾਕਿਸਤਾਨ ਵਿਚ ਸਿਰਫ ਪਾਕਿਸਤਾਨ ਪੀਪਲਜ਼ ਪਾਰਟੀ ਹੀ ਉਦਾਰਵਾਦੀ ਹੈ। ਅਜਿਹੀ ਪਾਰਟੀ ਜੋ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਦੇ ਲਈ ਘੱਟ ਗਿਣਤੀਆਂ ਅਤੇ ਦਲਿਤਾਂ ਦੀ ਬਰਾਬਰੀ ਦੇ ਲਈ ਕੰਮ ਕਰ ਰਹੀ ਹੈ।

ਪੀ. ਪੀ. ਪੀ. ਦੇ ਕਾਰਜਕਾਲ ਦੌਰਾਨ ਇਹ ਧਿਆਨ ਰੱਖਿਆ ਗਿਆ ਕਿ ਸਰਕਾਰੀ ਨੌਕਰੀਆਂ ਵਿਚ ਦਲਿਤਾਂ ਦੇ ਲਈ 4 ਫੀਸਦੀ ਰਿਜ਼ਰਵੇਸ਼ਨ ਹੋਵੇ।

ਗਿਆਨਚੰਦ 1993 ਵਿਚ ਘੱਟੋ ਗਿਣਤੀਆਂ ਦੇ ਲਈ ਰਿਜ਼ਰਵ ਸੀਟ ਤੋਂ ਆਜ਼ਾਦ ਉਮੀਦਵਾਰ ਦੇ ਤੌਰ ਤੇ ਸੂਬਾਈ ਸਭਾ ਦੇ ਪ੍ਰਧਾਨ ਚੁਣੇ ਗਏ। ਉਸ ਤੋਂ ਬਾਅਦ ਉਸੇ ਸਾਲ ਪਾਕਿਸਤਾਨ ਪੀਪਲਜ਼ ਪਾਰਟੀ ਵੀ ਜੁਆਇਨ ਕੀਤੀ। 2002 ਦੀਆਂ ਚੋਣਾਂ ਵਿਚ ਗਿਆਨਚੰਦ ਅਬਰਬ ਗੁਲਾਮ ਰਹੀਮ ਦੇ ਸਾਹਮਣੇ ਥਾਰਪਰਕਰ ਜਨਰਲ ਸੀਟ ਤੋਂ ਚੋਣ ਲੜੇ। ਜਿਸ ਵਿਚ ਉਹਨਾਂ ਦੀ ਹਾਰ ਹੋਈ ਅਤੇ ਉਹਨਾਂ ਦੇ ਵਿਰੋਧੀ ਰਹੀਮ ਸਿੰਧ ਦੇ ਮੁੱਖ ਮੰਤਰੀ ਬਣੇ। ਪਾਰਟੀ ਦੇ ਲੀਡਰਾਂ ਦਾ ਕਹਿਣਾ ਸੀ ਕਿ ਉਹਨਾਂ ਨੇ ਆਪਣੇ ਦਮ ਤੇ ਚੋਣ ਜਿੱਤੀ ਸੀ। ਗਿਆਨਚੰਦ ਨੂੰ ਟਿਕਟ ਦੇਣ ਦਾ ਫੈਸਲਾ ਪਾਕਿਸਤਾਨ ਦੀ ਸੋਚ ਵਿਚ ਤਬਦੀਲੀ ਹੋਵੇ ਜਾਂ ਸੱਤਾ ਦਾ ਦਿਖਾਵਾ ਟਿਕਟ ਮਿਲਣ ਤੇ ਪਾਰਟੀ ਦੇ ਲੋਕ ਜ਼ਰੂਰ ਕਹਿ ਰਹੇ ਹਨ ਕਿ ਪੀ. ਪੀ. ਹੀ ਇਕ ਅਜਿਹੀ ਪਾਰਟੀ ਹੈ ਜੋ ਹਰ ਤਬਕੇ ਦਾ ਧਿਆਨ ਰੱਖਦੀ ਹੈ।

# ਸਤਵੰਤ ਕਲੋਟੀ ਦੀ ਪੁਸਤਕ 'ਬ੍ਰਹਿਮੰਡ ਇੱਕ ਨਜ਼ਰ' ਲੋਕ-ਅਰਪਣ ਤੇ ਚਰਚਾ





ਡਾ. ਜਸਵੰਤ ਰਾਏ

ਹੁਸ਼ਿਆਰਪੁਰ- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵਲੋਂ ਸ਼ੈਰਾਜ਼ ਪੈਲੇਸ ਹੁਸ਼ਿਆਰਪੁਰ ਵਿਖੇ ਸਾਹਿਤਕ ਸਮਾਗਮ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਡਾ. ਕਰਮਜੀਤ ਸਿੰਘ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਨੇ ਕੀਤੀ। ਸਮਾਗਮ ਵਿਚ ਲੈਕ. ਸਤਵੰਤ ਕੌਰ ਕਲੋਟੀ ਦੀ ਪਲੇਠੀ ਪੁਸਤਕ ਉਬ੍ਰਹਿਮੰਡ ਇੱਕ ਨਜ਼ਰ" ਲੋਕ ਅਰਪਣ ਅਤੇ ਚਰਚਾ ਕੀਤੀ ਗਈ।ਸਮਾਗਮ ਦੇ ਸ਼ੁਰੂਆਤ ਵਿਚ ਡਾ. ਸਰਦੂਲ ਸਿੰਘ ਨੇ ਆਏ ਹੋਏ ਮੁਖ ਮਹਿਮਾਨਾਂ ਅਤੇ ਵਿਦਵਾਨਾਂ ਲਈ ਜੀ ਆਇਆਂ ਸ਼ਬਦ ਆਖੇ।ਪੁਸਤਕ ਤੇ ਪਹਿਲਾ ਪਰਚਾ ਪੇਸ਼ ਕਰਦਿਆਂ ਪ੍ਰਿੰ. ਹਰੀ ਕ੍ਰਿਸ਼ਨ ਮਾਇਰ ਨੇ ਕਿਹਾ ਕਿ ਕਲੋਟੀ ਦੀ ਪੁਸਤਕ ਗੰਭੀਰ ਪਾਠਕਾਂ ਨੂੰ ਬ੍ਰਹਿਮੰਡ ਦੇ ਸੰਦਰਭ ਵਿਚ ਤਾਜ਼ਾ ਤਰੀਨ ਖੋਜ ਅਧਿਐਨ ਨਾਲ ਰੁਬਾਰਫ ਕਰਾਉਂਦੀ ਹੈ।ਪ੍ਰਿੰ. ਧਰਮਪਾਲ ਸਾਹਿਲ ਨੇ ਮਾਤ ਭਾਸ਼ਾ ਵਿਚ ਰੌਚਲ ਢੰਗ ਨਾਲ ਲਿਖੀ ਇਸ ਪੁਸਤਕ ਨੂੰ ਪੰਜਾਬੀ ਸਾਹਿਤ ਲਈ ਸ਼ੁਭ ਸ਼ਗਨ ਆਖਿਆ। ਪ੍ਰਿੰ. ਨਵਤੇਜ ਗੜ੍ਹਦੀਵਾਲਾ, ਸ਼ਾਇਰ ਮਦਨ ਵੀਰਾ ਅਤੇ ਡਿਪਟੀ ਡੀ.ਈ.ਓ. ਸਕੈਂਡਰੀ ਸ. ਦਰਸ਼ਨ ਸਿੰਘ ਨੇ ਚਰਚਾ ਵਿਚ ਮਿਆਰੀ ਵਾਧਾ ਕਰਦਿਆ ਕਿਹਾ ਕਿ ਇਹ ਪੁਸਤਕ ਉਹਨਾਂ ਮਿੱਥਾਂ ਨੂੰ ਤੋੜਨ ਅਤੇ ਤਰਕ ਸਿਰਜਣ ਵਿਚ ਸਫਲ ਹੋਈ ਹੈ ਜਿਨ੍ਹਾਂ ਕਰਕੇ ਸਾਡਾ ਦੇਸ਼ ਅੱਜ ਤੱਕ ਵਿਗਿਆਨਕ ਦ੍ਰਿਸ਼ਟੀ ਕੋਣ ਨਹੀਂ ਅਪਣਾ ਸਕਿਆ ਅਤੇ ਝੂਠੇ ਭਰਮ ਵਿਚ ਫਸ ਕੇ ਆਪਣੇ ਆਪ ਨੂੰ ਹੁਣ ਤੱਕ ਮਿੰਦੀ ਹੋਣ ਦਾ ਦਾਅਵਾ ਕਰਦਾ ਆ ਰਿਹਾ ਹੈ।ਬਲਜਿੰਦਰ ਮਾਨ, ਲੈਕ. ਰਜਿੰਦਰ ਸੱਚਦੇਵਾ, ਡਾ. ਜਸਵੰਤ ਰਾਏ, ਅਮਰਜੀਤ ਸਿੰਘ, ਲੈਕ. ਅਨੁਪਮ ਸ਼ਰਮਾ ਅਤੇ ਮੈਡਮ ਮਨਜੀਤ ਕੌਰ ਨੇ ਸਰਲ ਭਾਸ਼ਾ ਵਿਚ ਲਿਖੀ ਗਈ ਇਸ ਪੁਸਤਕ ਨੂ ਵਿਦਿਆਰਥੀ ਵਰਗ ਲਈ ਇੱਕ ਹਾਸਲ ਦੱਸਿਆ।

ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਕਰਨਮਜੀਤ ਸਿੰਘ ਨੇ ਸਮੁਚੀ ਬਹਿਸ ਨੂੰ ਸਮੇਟਦਿਆ ਕਿਹਾ ਕਿ ਇਹ ਦਿਮਾਗ ਦੇ ਜਾਲੇ ਸਾਫ ਕਰਨ ਵਾਲੀ ਪੁਸਤਕ ਹੈ।ਇਸ ਪੁਸਤਕ ਨੂ ਪੜ੍ਹ ਕੇ ਪਾਠਕਾਂ ਦਾ ਗੁਹਿਆਂ ਦੇ ਸ਼ੁਭ ਅਸ਼ੁਭ ਹੋਣ ਦਾ ਭਰਮ ਟੁੱਟੇਗਾ ਅਤੇ ਵਿਗਿਆਨਕ ਸੋਚ ਵਿਚ ਵਿਸ਼ਵਾਸ਼ ਹੋਰ ਪਕੇਰਾ ਹੋਵੇਗਾ।ਉਹਨਾਂ ਨੇ ਸਾਇੰਸ ਦੇ ਖੇਤਰ ਵਿਚ ਇਸਨੂੰ ਪੰਜਾਬੀ ਦੀ ਪਹਿਲੀ ਮੌਲਿਕ ਪੁਸਤਕ ਆਖਿਆ। ਅੰਤ ਵਿਚ ਸਭਾ ਦੇ ਪ੍ਰਧਾਨ ਕੁਲਤਾਰ ਸਿੰਘ ਕੁਲਤਾਰ ਨੇ ਸਮਾਗਮ ਵਿਚ ਆਏ ਹੋਏ ਸਾਰੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ।ਇਸ ਵਿਚਾਰ ਚਰਚਾ ਵਿਚ ਡਾ. ਰਵਿੰਦਰ ਕੌਰ, ਸਤੀਸ਼ ਕੁਮਾਰ ਕਹਾਣੀਕਾਰ, ਸੁਰਿੰਦਰ ਕੰਗਵੀ, ਡਾ. ਅਜੀਤ ਸਿੰਘ ਜੱਬਲ, ਬੇਅੰਤ ਸਿੰਘ, ਨੀਰਜ ਕੁਮਾਰ, ਕਰਮਜੀਤ ਸਿੰਘ, ਪੀ. ਆਰ. ਖਾਮੋਸ਼, ਪ੍ਰਿੰ. ਦਾਸ ਭਾਰਤੀ, ਸਤਿੰਦਰ ਪਾਲ ਕੌਰ, ਅਵਤਾਰ ਲੰਗੇਰੀ, ਧਰਮਿੰਦਰ ਸਿੰਘ, ਗੁਰਦੀਪ ਸਿੰਘ, ਅਮਰੀਕ ਹਮਰਾਜ਼, ਅਵਤਾਰ ਸਿੰਘ ਸੰਧੂ, ਲੈਕ. ਅਨਿਲ ਕੁਮਾਰ, ਲਖਵਿੰਦਰ ਰਾਮ, ਰਿੰਪੀ ਸਿੰਘ, ਸੀਮਾ ਸੈਣੀ, ਜਸਵਿੰਦਰ ਸਿੰਘ, ਸਵਿਤਾ ਦੇਵੀ ਅਤੇ ਅਨੇਕ ਸਾਹਿਤ ਪ੍ਰੇਮੀ ਹਾਜ਼ਰ ਸਨ।

# ਐਸ. ਜੀ.ਪੀ. ਸੀ. ਵਲੋਂ ਹੋ ਰਹੇ ਵਿਸ਼ਵ ਸਮਾਗਮ ਦਾ ਕੇਂਦਰੀ ਲੇਖਕ ਸਭਾ ਵਲੋਂ ਸਵਾਗਤ


ਫਤਹਿਗੜ ਸਾਹਿਬ- ਕੇਂਦਰੀ ਪੰਜਾਬੀ ਲੇਖਕ ਸਭਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਫਤਹਿਗੜ ਸਾਹਿਬ ਵਿਚ ਕਰਵਾਏ ਜਾ ਰਹੇ ਵਿਸ਼ਵ ਪੰਜਾਬੀ ਸੰਮੇਲਨ ਦਾ ਸਵਾਗਤ ਕਰਦੀ ਹੈ। ਨਾਲ ਹੀ ਕੇਂਦਰੀ ਸਭਾ ਇਹ ਵੀ ਜੋੜਨਾ ਚਾਹੁੰਦੀ ਹੈ ਕਿ ਇਸ ਸਮਾਗਮ ਨੂੰ ਪ੍ਰਮੁੱਖ ਤੌਰ ਤੇ ਪੰਜਾਬੀ ਭਾਸ਼ਾ ਸਾਹਿਤ ਸਭਿਆਚਾਰ ਦੀ ਰਾਜ ਪੱਧਰੀ ਪਾਲਿਸੀ ਬਣਾਉਣ ਵੱਲ ਆਪਣਾ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਸਰਕਾਰ ਵਲੋਂ ਪੇਸ਼ ਕੀਤੇ ਗਏ ਪੰਜਾਬੀ ਐਕਟ ਵਿਚ ਰਹਿ ਗਈਆਂ ਖਾਮੀਆਂ ਉਪਰ ਠਿਠ ਕੇ ਚਰਚਾ ਹੋਣੀ ਚਾਹੀਦੀ ਹੈ ਤਾਂ ਜੋ ਆਉਣ ਵਾਲੇ ਸਮੇਂ ਵਿਚ ਸਹੀ ਭਾਸ਼ਾ ਨੀਤੀ ਬਣਾਈ ਜਾ ਸਕੇ। ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਸਿੰਘ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਪੰਜਾਬੀ ਸਭਿਆਚਾਰ ਵਿਚ ਆ ਰਹੇ ਨਿਘਾਰ ਨੂੰ ਠੱਲ ਪਾਉਣ ਲਈ ਇੱਕ ਸਭਿਆਚਾਰਕ ਨੀਤੀ ਦਾ ਹੋਣਾ ਜ਼ਰੂਰੀ ਹੈ ਤਾਂ ਕਿ ਗਾਇਕੀ ਵਿਚ ਆ ਰਹੇ ਗਲਤ ਰੁਝਾਨਾਂ ਨੂੰ ਠੱਲ ਪਾਈ ਜਾ ਸਕੇ ਅਤੇ ਪੰਜਾਬੀ ਜੀਵਨ ਵਿਚ ਆ ਰਹੇ ਨਿਘਾਰ ਨੂੰ ਰੋਕਿਆ ਜਾ ਸਕੇ। ਇਸ ਵਿਸ਼ਵ ਸੰਮੇਲਨ ਨੂੰ ਇਹ ਵੀ ਤੈਅ ਕਰਨਾ ਚਾਹੀਦਾ ਹੈ ਕਿ ਨੌਜਵਾਨਾਂ ਨੂੰ ਚੰਗੇ ਸਾਹਿਤ ਵੱਲ ਰੁਚਿਤ ਕਰਨ ਲਈ ਹਰ ਪਿੰਡ ਵਿਚ ਲਾਇਬ੍ਰੇਰੀ ਕਾਇਮ ਕੀਤੀ ਜਾਵੇ ਤਾਂ ਕਿ ਨੌਜਵਾਨ ਨਸ਼ਿਆਂ ਆਦਿ ਤੋਂ ਬੱਚ ਕੇ ਆਪਣੀ ਸ਼ਕਤੀ ਚੰਗੇ ਪਾਸੇ ਵੱਲ ਲਾ ਸਕਣ। ਇਸੇ ਤਰਾਂ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਕੋਈ ਖੇਡ ਨੀਤੀ ਤੈਅ ਕੀਤੀ ਜਾਵੇ। ਸਕੂਲਾਂ ਵਿਚ ਹਫਤੇ ਵਿਚ ਘੱਟੋ ਘੱਟ ਇਕ ਵਾਰ ਲਾਇਬ੍ਰੇਰੀ ਜਾਣਾ ਅਤੇ ਕਿਤਾਬਾਂ ਲੈਣਾ ਲਾਜ਼ਮੀ ਕਰ ਦਿੱਤਾ ਜਾਵੇ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਇਹ ਸੁਝਾਅ ਵੀ ਹੈ ਕਿ ਐਸ.ਜੀ. ਪੀ. ਸੀ. ਨੂੰ ਇਸ ਸੰਮੇਲਨ ਨੂੰ ਹੋਰ ਸਾਰਥਿਕ ਬਣਾਉਣ ਲਈ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਅਤੇ ਦੂਸਰੀਆਂ ਭਾਸ਼ਾ ਸਾਹਿਤ ਅਤੇ ਸਭਿਆਚਾਰ ਨਾਲ ਸੰਬੰਧਤ ਸੰਸਥਾਵਾਂ ਦਾ ਸਹਿਯੋਗ ਲੈਣਾ ਚਾਹੀਦਾ ਹੈ। ਉਪਰੋਕਤ ਸਾਰੇ ਸੁਝਾਵਾਂ ਦਾ ਕੇਂਦਰੀ ਸਭਾ ਦੇ ਆਹੁਦੇਦਾਰਾਂ ਮਨਜੀਤ ਕੌਰ ਮੀਤ, ਜਸਵੀਰ ਝੱਜ, ਦੀਪ ਦੇਵਿੰਦਰ ਸਿੰਘ, ਤਰਲੋਚਨ ਝਾਂਡੇ, ਡਾ. ਮਾਨ ਸਿੰਘ ਢੀਡਸਾ, ਅੰਮ੍ਰਿਤਵੀਰ ਕੌਰ, ਸੁਰਿੰਦਰ ਪ੍ਰੀਤ ਘਣੀਆਂ , ਕਰਮ ਸਿੰਘ ਵਕੀਲ ਅਤੇ ਵਰਗਿਸ ਸਲਾਮਤ ਨੇ ਵੀ ਸਮਰਥਨ ਕੀਤਾ ਹੈ।



ਡਾ.ਕਰਮਜੀਤ ਸਿੰਘ

# ਤਿਸ਼ਨਗੀ ਗ਼ਜ਼ਲ ਐਲਬਮ ਦਾ ਲੋਕ ਅਰਪਣ

ਨਿਊਵਰਕ- ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾ) ਵਲੋਂ ਮਿਤੀ 16 ਅਗਸਤ, ਐਤਵਾਰ ਨੂੰ, ਮਹਿਰਾਨ ਰੈਸਤੋਰਾਨ, 5774 ਮੋਰੀ ਸਕੂਲ ਰੋਡ, ਨਿਊਵਰਕ ਵਿਖੇ, ਸੁਰਿੰਦਰ ਸੀਰਤ ਦੁਆਰਾ ਪ੍ਰਸਤੁਤ ਅੱਠ ਪੰਜਾਬੀ ਗ਼ਜ਼ਲਾਂ ਦੀ ਐਲਬਮ "ਤਿਸ਼ਨਗੀ" ਨੂੰ ਲੋਕ ਅਰਪਣ ਕੀਤਾ ਜਾ ਰਿਹਾ ਹੈ। ਇਸ ਸੈਸ਼ਨ ਦੀ ਪ੍ਰਧਾਨਤਾ ਜਨਾਬ ਸਿੱਧੂ ਦਮਦਮੀ ਕਰਨਗੇ ਅਤੇ ਡਾ ਸਰਬਜੀਤ ਸਿੰਘ ਹੁੰਦਲ 'ਤੇ ਡਾ ਅਜੀਤਪਾਲ ਸਿੰਘ ਸੰਧੂ ਮੁੱਖ ਮਹਿਮਾਨਾਂ ਵਜੋਂ ਸ਼ਸ਼ੋਬਤ ਹੋਣਗੇ।




"ਤਿਸ਼ਨਗੀ" ਗ਼ਜ਼ਲ ਐਲਬਮ, ਪੰਜਾਬੀ ਗ਼ਜ਼ਲ ਗਾਇਕੀ ਵਿਚ ਇਕ ਨਵੇਕਲੀ ਅਤੇ ਢੁਕਵੀਂ ਪੇਸ਼ਕਾਰੀ ਹੈ ਜਿਸ ਨੂੰ ਰਿਆਸਤ ਜੰਮੂ ਕਸ਼ਮੀਰ ਦੇ ਪ੍ਰਸਿੱਧ ਉਸਤਾਦ ਗ਼ਜ਼ਲ ਗਾਇਕ ਜਨਾਬ ਸ਼ਾਮ ਸਾਜਨ ਦੀ ਨਿਰਦੇਸ਼ਤਾ ਵਿਚ ਸੰਗੀਤ ਬੱਧ ਕੀਤਾ ਗਿਆ ਹੈ। ਉਹਨਾਂ ਦੀ ਗਾਇਕੀ ਜੋ ਅੱਠ ਰਾਗਾਂ ਤੇ ਅਧਾਰਤ ਹੈ , ਨੂੰ ਸ਼੍ਰੀਮਤੀ ਗੁਰਸ਼ਰਨ ਕੌਰ ਅਤੇ ਬੀਬੀ ਸਰਗਮ ਪੰਤ ਦੀਆਂ ਪਰਪੱਕ ਸਵੱਰਾਂ ਨੇ ਵੀ ਚਾਰ ਚੰਨ ਲਾਏ ਹਨ।

ਮੈਂ, ਸਾਰੇ ਮਿੱਤਰਾਂ, ਵਿਪਸਾ ਦਿਆਂ ਲੇਖਕਾਂ ਅਤੇ ਆਮੰਤ੍ਰਿਤ ਮਹਿਮਾਨਾਂ ਨੂੰ, ਇਸ ਲੋਕ ਅਰਪਨ ਦਿਆਂ ਮਹੱਤਵਪੂਰਨ ਪਲਾਂ ਨੂੰ ਮਾਣਨ ਲਈ ਸੱਦਾ ਦੇਣ ਦੀ ਖ਼ੁਸ਼ੀ ਪ੍ਰਾਪਤ ਕਰ ਰਿਹਾ ਹਾਂ। ਆਪ ਸਭ, ਅਜਿਹੇ ਸੰਜੀਦਾ ਮਾਹੌਲ ਵਿਚ ਅਨੋਖੀ ਪੰਜਾਬੀ ਗ਼ਜ਼ਲ ਗਾਇਕੀ, ਦਿਲ ਟੁੰਬਵੀ ਸ਼ਾਇਰੀ ਅਤੇ ਖ਼ੂਬ ਤੋਂ ਖ਼ੂਬਤਰ ਸੰਗੀਤ ਬੱਧਤਾ ਨੂੰ ਪਰਵਾਨ ਚਾੜਨ ਲਈ ਸ਼ਰਕਤ ਕਰਨ ਦੀ ਕਿਰਪਾਲਤਾ ਕਰੋਗੇ।

## ਸਹੁਰੇ ਕਹਿੰਦੇ ਤੂੰ ਧੀ ਬਿਗਾਨੀ



ਸਹੁਰੇ ਕਹਿੰਦੇ ਤੂੰ ਧੀ ਬਿਗਾਨੀ, ਹੁਣ ਮਾਪੇ ਵੀ ਕਹਿਣ ਪਰਾਈ।
ਜੇ ਦੋਵਾਂ ਘਰਾਂ ਤੇ ਹੱਕ ਨਾ ਮੇਰਾ, ਫਿਰ ਮੈਂ ਕਿਸ ਘਰ ਦੀ ਜਾਈ ?
ਛੋਟੇ-ਛੋਟੇ ਭਾਈ-ਭੈਣਾਂ ਨੂੰ, ਗੋਦੀ ਵਿਚ ਖਿਡਾਇਆ।
ਜਿੱਥੋਂ ਤਕ ਮੈਥੋਂ ਹੋ ਸਕਿਆ, ਮੈਂ ਪੂਰਾ ਫਰਜ ਨਿਭਾਇਆ।
ਮੋਢੇ ਦੇ ਨਾਲ ਮੋਢਾ ਲਾ, ਕੀਤੀ ਬਾਪੂ ਨਾਲ ਖ਼ੂਬ ਕਮਾਈ,
ਸਹੁਰੇ ਕਹਿੰਦੇ ਤੂੰ.........
ਅੱਧ-ਖਿੜੇ ਅਜੇ ਚਾਅ ਸੀ ਮੇਰੇ, ਬਾਬਲ ਵਰ ਲੱਭ ਲਿਆਇਆ।
ਬੜੀਆਂ ਸਧਰਾਂ-ਚਾਵਾਂ ਦੇ ਨਾਲ, ਡੋਲੀ ਦੇ ਵਿਚ ਪਾਇਆ।
ਪਤੀ-ਪ੍ਰਮੇਸ਼ਵਰ ਸਭ ਕੁਝ ਤੇਰਾ, ਗੱਲ ਕੰਨਾਂ ਵਿਚ ਸੁਣਾਈ,
ਸਹੁਰੇ ਕਹਿੰਦੇ ਤੂੰ.........
ਬੜੇ ਤਸੀਹੇ, ਦੁੱਖ-ਤਕਲੀਫਾਂ, ਜ਼ਿੰਦਗੀ ਦੇ ਵਿਚ ਝੱਲੇ।
ਜੇ ਸੱਚ ਆਖਾਂ ''ਕੋਮਲ'' ਹੁਣ ਕੁਝ ਰਿਹਾ ਨਾ ਮੇਰੇ ਪੱਲੇ।
ਵੰਸ਼ ਨੂੰ ਤੋਰਨ ਖਾਤਰ ਬਾਬਲ, ਜੱਗ ਦੀ ਰੀਤ ਨਿਭਾਈ,
ਸਹੁਰੇ ਕਹਿੰਦੇ ਤੂੰ.........

ਮਿਸ ਕਮਲਜੀਤ "ਕੋਮਲ"
ਸ੍ਰੀ ਹਰਗੋਬਿੰਦਪੁਰ, ਗੁਰਦਾਸਪੁਰ।
(8195925110)

ਦੇਸ਼ ਦੁਆਬਾ

# ਆਜ਼ਾਦੀ ਦੀ 68 ਸਾਲਾਂ ਬਾਅਦ ਵੀ ਬਹੁਤਾ ਬਦਲਾਅ ਨਹੀਂ ਆਇਆ

ਭਾਰਤ 15 ਅਗਸਤ 1947 ਨੂੰ ਆਜ਼ਾਦ ਹੋਇਆ। ਆਜ਼ਾਦੀ ਤੋਂ ਬਾਅਦ ਭਾਰਤ ਨੇ ਲੋਕਰਾਜ ਨੂੰ ਅਪਣਾਇਆ ਅਤੇ 26 ਜਨਵਰੀ 1950 ਨੂੰ ਭਾਰਤ ਨੇ ਸੱਤਾ ਦੀ ਸਾਰੀ ਤਾਕਤ ਇੱਥੋਂ ਦੀ ਜਨਤਾ ਨੂੰ ਦਿੱਤੀ। ਜਨਤਾ ਨੂੰ ਮਿਲੀ ਤਾਕਤ ਦੇ ਬਾਵਜੂਦ ਭਾਰਤ ਵਿਚ ਆਜ਼ਾਦੀ ਤੋਂ ਬਾਅਦ ਵੀ ਅਜਿਹੀਆਂ ਕੁਰੀਤੀਆਂ ਅਤੇ ਬੇਨੇਮੀਆਂ ਪੈਦਾ ਹੋਈਆਂ, ਜਿਹਨਾਂ ਨੇ ਆਮ ਜਨਤਾ ਦੀ ਹਾਲਤ ਸੁਧਾਰਨ ਦੀ ਬਜਾਏ ਕੁਝ ਹੱਦ ਤੱਕ ਵਿਗਾੜਿਆ ਹੀ ਹੈ। ਭਾਰਤ ਨੇ ਵੋਟਾਂ ਰਾਹੀਂ ਆਪਣੇ ਹੁਕਮਰਾਨਾਂ ਨੂੰ ਚੁਣਨ ਦੀ ਪ੍ਰਕਿਰਿਆ ਨੂੰ ਅਪਣਾਇਆ। ਇਸ ਪ੍ਰਕਿਰਿਆ ਦੀ ਭਾਰਤ ਦੀ ਸਿਆਸਤਦਾਨਾਂ ਨੇ ਰੱਜ ਕੇ ਦੁਰਵਰਤੋਂ ਕੀਤੀ। ਗਰੀਬ ਆਦਮੀ ਦੀ ਵੋਟ ਖਰੀਦਣ ਅਤੇ ਲਾਲਚ ਦੇਣ ਦਾ ਰੁਝਾਨ ਵਧਿਆ, ਬਾਹੂਬਲੀ, ਗੁੰਡੇ ਪੈਦਾ ਕਰਕੇ ਡਰਾ-ਧਮਕਾ ਕੇ ਵੋਟਾਂ ਬਟੋਰਨ ਦੀ ਕੁਰੀਤੀ ਪੈਦਾ ਹੋਈ ਪਰ ਆਮ ਜਨਤਾ ਦੇ ਲਈ ਸੁਚਾਰੂ ਬਹੁਤ ਘੱਟ ਹੋਇਆ।

ਭਾਰਤ ਨੇ ਵਿਕਾਸ ਦੇ ਲਈ ਪੰਜ ਸਾਲਾ ਯੋਜਨਾਵਾਂ ਬਣਾਈਆਂ, ਇਹਨਾਂ ਦੇ ਜ਼ਰੀਏ ਵਿਕਾਸ ਯੋਜਨਾਵਾਂ ਚੱਲੀਆਂ। ਇਹਨਾਂ ਵਿਕਾਸ ਯੋਜਨਾਵਾਂ ਵਿਚ ਠੇਕੇਦਾਰੀ ਅਤੇ ਇੰਸਪੈਕਟਰੀ ਰਾਜ ਦਾ ਬੋਲਬਾਲਾ ਰਿਹਾ ਅਤੇ ਸਿਆਤਸਦਾਨ ਅਤੇ ਅਫਸਰਸ਼ਾਹੀ ਨੇ ਭ੍ਰਿਸ਼ਟ ਤਰੀਕਿਆਂ ਨਾਲ ਆਪਣੀਆਂ ਤਿਜੋਰੀਆਂ ਭਰੀਆਂ, ਆਮ ਜਨਤਾ ਫਿਰ ਗੌਣ ਰਹੀ। ਗਰੀਬ ਦੀ ਗਰੀਬੀ ਨੂੰ ਵੋਟ ਦੇ ਰੂਪ ਵਿਚ ਬਦਲਣ ਲਈ ਛੋਟੇ-ਛੋਟੇ ਲਾਲਚ ਦਿੱਤੇ ਗਏ, ਜਾਤ-ਪਾਤ ਖਤਮ ਕਰਨ ਲਈ ਕੋਈ ਕਾਰਗਰ ਉਪਾਅ ਨਹੀਂ ਕੀਤਾ ਗਿਆ, ਗਰੀਬੀ ਦੂਰ ਕਰਨ ਦੇ ਨਾਅਰੇ ਬੜੇ ਦਿੱਤੇ, ਪਰ ਸਾਕਾਰ ਕਰਨ ਵੱਲ ਜ਼ਿਆਦਾ ਦਿਲਚਸਪੀ ਨਹੀਂ ਦੇਖੀ ਗਈ। ਅਮੀਰ ਅਤੇ ਗਰੀਬ ਵਿਚਕਾਰ ਪਾੜਾ ਨਿਰੰਤਰ ਵਧਦਾ ਜਾ ਰਿਹਾ ਹੈ, ਆਬਾਦੀ ਦਾ ਵਿਸਫੋਟ ਹੋਣ ਦੀ ਤਿਆਰੀ ਵਿਚ ਹੈ, ਜਨਤਕ ਸਹੂਲਤਾਂ ਬਹੁਤ ਸੁਸਤ ਗਤੀ ਨਾਲ ਵਧੀਆਂ ਹਨ, ਸਰਕਾਰੀ ਦਫਤਰਾਂ ਵਿਚ ਅਫਸਰ ਅਤੇ ਕਰਮਚਾਰੀ ਮੋਟੀਆਂ ਤਨਖਾਹਾਂ ਲੈਣ ਦੇ ਬਾਵਜੂਦ ਰਿਸ਼ਵਤ ਨੂੰ ਆਪਣਾ ਅਧਿਕਾਰ ਸਮਝਦੇ ਹਨ।

ਡਾ. ਅੰਬੇਦਕਰ ਜੀ ਨੇ ਆਪਣੇ ਸਾਥੀਆਂ ਨਾਲ ਬਹੁਤ ਮਿਹਨਤ ਕਰਕੇ ਭਾਰਤ ਨੂੰ ਇਕ ਆਦਰਸ਼ ਸੰਵਿਧਾਨ ਦਿੱਤਾ, ਜਿਸ ਵਿਚ ਦੁਨੀਆਂ ਭਰ ਦੇ ਮੁਲਕਾਂ ਦੀਆਂ ਚੰਗੀਆਂ ਗੱਲਾਂ ਨੂੰ ਸ਼ਾਮਲ ਕੀਤਾ ਗਿਆ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਲੋਕਾਂ ਦੁਆਰਾ, ਲੋਕਾਂ ਲਈ ਅਤੇ ਲੋਕਾਂ ਦਾ ਰਾਜ, ਇਕ ਸਮਾਜਵਾਦੀ ਸਮਾਨਤਾ ਆਧਾਰਿਤ ਸਮਾਜ ਸਿਰਜਣ ਦਾ ਹੋਕਾ ਦਿੱਤਾ ਗਿਆ ਪਰ ਇਹ ਸਮਾਨਤਾ ਅੱਜ ਵੀ ਕਿਤੇ ਨਜ਼ਰ ਨਹੀਂ ਆਉਂਦੀ। ਜਾਤੀਵਾਦ ਭਾਰਤ ਨੂੰ ਕੋਹੜ ਵਾਂਗ ਚਿੰਬੜਿਆ ਹੋਇਆ ਹੈ ਅਤੇ ਮੁਲਕ ਦੀ ਇਕ ਤਿਹਾਈ ਆਬਾਦੀ ਇਸ ਦਾ ਸ਼ਰਾਪ ਅੱਜ ਵੀ ਸਹਿਣ ਕਰ ਰਹੀ ਹੈ। ਕਮਜ਼ੋਰ ਵਰਗਾਂ ਨੂੰ ਅੱਗੇ ਲਿਆਉਣ ਲਈ ਰਿਜ਼ਰਵੇਸ਼ਨ ਦੀ ਸਹੂਲਤ ਦਿੱਤੀ ਪਰ ਇਹ ਸਹੂਲਤ ਕੁਝ ਹੀ ਪਰਿਵਾਰਾਂ ਦੇ ਹੱਥਾਂ ਤੱਕ ਸੀਮਤ ਹੋ ਗਈ ਹੈ ਕਿਉਂਕਿ ਗਰੀਬ ਦਲਿਤ ਵਰਗ ਦੇ ਬੱਚਿਆਂ ਨੂੰ ਪੜ੍ਹਨ ਨਾਲੋਂ ਜ਼ਿਆਦਾ ਪੇਟ ਦੀ ਚਿੰਤਾ ਹਰ ਪਲ ਸਤਾਉਂਦੀ ਰਹਿੰਦੀ ਹੈ।

ਭਾਰਤ ਦੇ ਦਿਹਾਤੀ ਖੇਤਰਾਂ ਵਿਚ ਅੱਜ ਵੀ ਮੁਢਲੀਆਂ ਸਹੂਲਤਾਂ ਨਹੀਂ ਪਹੁੰਚ ਸਕੀਆਂ ਹਨ। ਅੱਜ ਵੀ ਪਿੰਡਾਂ ਅਤੇ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਸੜਕਾਂ ਨਹੀਂ ਹਨ, ਬਿਜਲੀ ਨਹੀਂ ਹੈ, ਸਕੂਲ ਨਹੀਂ ਹਨ। ਸਿੱਖਿਆ ਨੂੰ ਆਮ ਆਦਮੀ ਤੋਂ ਦੂਰ ਕਰਕੇ ਇਸਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ ਅਤੇ ਇਹ ਸਿਰਫ ਅਮੀਰ ਵਿਅਕਤੀ ਦੇ ਵੱਸ ਹੀ ਪੈਂਦੀ ਜਾ ਰਹੀ ਹੈ। ਆਮ ਜਨਤਾ ਵਿਚ ਬੇਚੈਨੀ ਵਧਦੀ ਜਾ ਰਹੀ ਹੈ। ਅੱਜ ਵੀ ਲੋਕੀ ਆਮ ਕਹਿੰਦੇ ਸੁਣੇ ਜਾਂਦੇ ਹਨ ਕਿ ਅੱਜ ਦੇ ਰਾਜ ਨਾਲੋਂ ਤਾਂ ਅੰਗਰੇਜ਼ਾਂ ਦਾ ਰਾਜ ਚੰਗਾ ਸੀ, ਉਸ ਵਕਤ ਇਮਾਨਦਾਰੀ ਨਾਲ ਪ੍ਰਸ਼ਾਸਨ ਆਪਣਾ ਕੰਮ ਤਾਂ ਕਰਦਾ ਸੀ। ਆਜ਼ਾਦੀ ਦੇ ਇਹਨਾਂ 68 ਸਾਲਾਂ ਵਿਚ ਆਮ ਲੋਕਾਂ ਨੂੰ ਸੁਪਨੇ ਤਾਂ ਬਹੁਤ ਵੰਡੇ, ਵੱਡੇ-ਵੱਡੇ ਦਾਅਵੇ ਵੀ ਕੀਤੇ ਗਏ, ਪਰ ਯਥਾਰਥ ਇਸ ਤੋਂ ਸੱਖਣਾ ਹੈ, ਜਦੋਂ ਤੱਕ ਆਮ ਆਦਮੀ ਦੀ ਹਾਲਤ ਵਿਚ ਸੁਧਾਰ ਨਹੀਂ ਹੁੰਦਾ, ਬਰਾਬਰੀ ਆਧਾਰਿਤ ਸਮਾਜ ਨਹੀਂ ਬਣਦਾ, ਉਦੋਂ ਤੱਕ ਇਹ ਆਜ਼ਾਦੀ ਆਮ ਆਦਮੀ ਦੇ ਕਿਸ ਕੰਮ ਦੀ? ਭਾਰਤ ਦੇ ਉਚ ਅਹੁਦਿਆਂ ਤੇ ਬੈਠੇ ਪੜ੍ਹੇ-ਲਿਖੇ ਲੋਕਾਂ, ਸਿਆਸਤਦਾਨਾਂ ਨੂੰ ਸਮਾਜ ਦੀ ਨਬਜ਼ ਪਛਾਨਣੀ ਚਾਹੀਦੀ ਹੈ। ਮੁਲਕ ਵੀ ਇਕ ਪਰਿਵਾਰ ਹੁੰਦਾ ਹੈ ਅਤੇ ਪਰਿਵਾਰ ਦੇ ਮੈਂਬਰ ਜੇਕਰ ਅਸੰਤੁਸ਼ਟ ਰਹਿਣਗੇ ਤਾਂ ਉਸ ਪਰਿਵਾਰ ਵਿਚ ਸਮੱਸਿਆਵਾਂ ਵਧਣਗੀਆਂ ਹੀ ਵਧਣਗੀਆਂ। ਇਸ ਕਰਕੇ ਆਜ਼ਾਦੀ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਲੋੜ ਹੈ ਅਤੇ ਆਮ ਆਦਮੀ ਦੇ ਕਲਿਆਣ ਲਈ ਕੰਮ ਕਰਨ ਦੀ ਲੋੜ ਹੈ। ਆਜ਼ਾਦੀ ਦਿਹਾੜੀ ਦੇ ਸਮੂਹ ਭਾਰਤ ਵਾਸੀਆਂ ਨੂੰ ਅਦਾਰਾ "ਦੇਸ਼ ਦੁਆਬਾ" ਵੱਲੋਂ ਵਧਾਈ।

# ਬਾਦਲ ਅਕਾਲੀ ਦਲ ਲਈ ਆਤਮ-ਮੰਥਨ ਕਰਨ ਦਾ ਸਮਾਂ!



ਜਸਵੰਤ ਸਿੰਘ 'ਅਜੀਤ'

ਬੀਤੇ ਮਹੀਨੇ ਵਿਦੇਸ਼ਾਂ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂਆਂ ਨੂੰ ਪ੍ਰਵਾਸੀ ਪੰਜਾਬੀਆਂ ਦੇ ਜਿਸ ਤਰ੍ਹਾਂ ਦੇ ਤਿਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਉਸਨੂੰ ਵੇਖਦਿਆਂ ਇਹ ਸੁਆਲ ਉਠਣਾ ਸੁਭਾਵਕ ਹੈ ਕਿ ਸੀਨੀਅਰ ਅਕਾਲੀ ਆਗੂਆਂ ਨੂੰ ਇਸ ਵਿਰੋਧ ਨੂੰ ਅਣਗੋਲਿਆਂ ਕਰਨ ਦੀ ਬਜਾਏ, ਗੰਭੀਰਤਾ ਨਾਲ ਲੈਣਾ ਅਤੇ ਆਪਣੇ ਵਲੋਂ ਅਪਨਾਈਆਂ ਗਈਆਂ ਹੋਈਆਂ ਨੀਤੀਆਂ ਦੀ ਘੋਖ ਕਰ ਉਨ੍ਹਾਂ ਬਾਰੇ ਗੰਭੀਰ ਮੰਥਨ ਕਰਨ? ਇਸਦਾ ਕਾਰਣ ਇਹ ਹੈ ਕਿ ਅਕਾਲੀ ਦਲ ਦੇ ਇਤਿਹਾਸ ਵਿੱਚ ਸ਼ਾਇਦ ਪਹਿਲੀ ਵਾਰ, ਉਸਦੇ ਸੀਨੀਅਰ ਆਗੂਆਂ ਨੂੰ ਪ੍ਰਵਾਸੀ ਪੰਜਾਬੀਆਂ ਦੇ ਅਜਿਹੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ, ਜਿਸਦੇ ਚਲਦਿਆਂ ਇੱਕ ਤਾਂ ਉਨ੍ਹਾਂ ਨੂੰ ਆਪਣੇ ਹੀ ਸਨਮਾਨ ਵਿੱਚ ਆਯੋਜਤ ਸਮਾਗਮਾਂ ਵਿੱਚ ਵੀ ਬੋਲਣ ਨਹੀਂ ਦਿੱਤਾ ਗਿਆ ਅਤੇ ਦੂਸਰਾ ਉਨ੍ਹਾਂ ਵਿਰੁਧ ਨਾ ਕੇਵਲ ਨਾਹਰੇ ਹੀ ਲਾਏ ਗਏ, ਸਗੋਂ ਉਨ੍ਹਾਂ ਪੁਰ ਜੁਤੀਆਂ ਤਕ ਸੁਟੀਆਂ ਗਈਆਂ। ਇਸਤੋਂ ਬਾਅਦ ਖਬਰਾਂ ਅਨੁਸਾਰ ਅਕਾਲੀ ਲੀਡਰਸ਼ਿਪ ਵਲੋਂ ਪ੍ਰਵਾਸੀਆਂ ਦਾ ਅਗਲੀਆਂ ਚੋਣਾਂ ਵਿੱਚ ਸਮਰਥਨ ਜੁਟਾਣ ਲਈ, ਪਹਿਲੀਆਂ ਕੋਸ਼ਿਸ਼ਾਂ ਵਿੱਚ ਮਿਲੀ ਨਾਕਾਮਯਾਬੀ ਤੋਂ ਬਾਅਦ ਇੱਕ ਵਾਰ ਫਿਰ ਦਲ ਦੇ ਮੁੱਖੀਆਂ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਮਨਪ੍ਰੀਤ ਸਿੰਘ ਇਯਾਲੀ ਨੂੰ ਕੇਨੇਡਾ ਭੇਜਿਆ ਗਿਆ। ਜਿਨ੍ਹਾਂ ਨੇ ਕਿਸੇ ਸਮਾਗਮ ਵਿੱਚ ਜਾ ਕੇ ਪ੍ਰਵਾਸੀਆਂ ਨਾਲ ਸਿੱਧਾ ਸੰਪਰਕ ਕਰਨ ਦੀ ਬਜਾਏ, ਪੰਜਾਬੀ ਰਡਿਓ ਰਾਹੀਂ ਉਨ੍ਹਾਂ ਤਕ ਆਪਣੀ ਗਲ ਪਹੁੰਚਾਣ ਦੀ ਕੋਸ਼ਿਸ਼ ਕੀਤੀ। ਦਸਿਆ ਜਾਂਦਾ ਹੈ ਕਿ ਇਸ ਉਦੇਸ਼ ਵਿੱਚ ਵੀ ਉਨ੍ਹਾਂ ਨੂੰ ਕੋਈ ਬਹੁਤੀ ਸਫਲਤਾ ਨਹੀਂ ਮਿਲੀ। ਉਨ੍ਹਾਂ ਦੀਆਂ ਵੀ ਦਲੀਲਾਂ ਪ੍ਰਵਾਸੀਆਂ ਪੰਜਾਬੀਆਂ ਨੂੰ ਪਰਚਾ ਨਹੀਂ ਸਕੀਆਂ। ਉਨ੍ਹਾਂ ਰੇਡਿਓ ਪ੍ਰੋਗਰਾਮਾਂ ਦੇ ਸਲਾਟ ਸਪਾਂਸਰ ਕਰ ਕੇ ਵੀ ਆਪਣੀ ਗਲ ਉਨ੍ਹਾਂ ਤਕ ਪਹੁੰਚਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਲੋਕਾਂ ਵਲੋਂ ਕੀਤੇ ਗਏ ਤਿੱਖੇ ਸੁਆਲਾਂ ਦਾ ਕੋਈ ਤਸਲੀ ਬਖਸ਼ ਜਵਾਬ ਨਾ ਦੇ ਸਕੇ। ਦਸਿਆ ਗਿਆ ਹੈ ਕਿ ਪ੍ਰਵਾਸੀਆਂ ਦੇ ਮੁੱਖ ਸਵਾਲ, ਰੇਤ ਬਜਰੀ ਦੀ ਚੋਰ-ਬਜਾਰੀ, ਸੜਕਾਂ ਦੀ ਮਾੜੀ ਹਾਲਤ, ਪੁਲਿਸ ਦਾ ਸਰਕਾਰੀਕਰਣ, ਪ੍ਰਵਾਸੀਆਂ ਦੀਆਂ ਜਾਇਦਾਦਾਂ ਤੇ ਕਬਜ਼ੇ, ਇਨਸਾਫ ਦੇਣ ਦੀ ਬਜਾਏ ਖਜਲ-ਖੁਆਰ ਕਰਨਾ, ਬੇਰੁਜ਼ਗਾਰੀ ਆਦਿ ਨਾਲ ਸੰਬੰਧਤ ਸਨ।

ਇਨ੍ਹਾਂ ਹਾਲਾਤ ਦੀ ਰੋਸ਼ਨੀ ਵਿੱਚ ਇਹ ਗਲ ਸਮਝ ਲੈਣੀ ਬਹੁਤ ਜ਼ਰੂਰੀ ਕਿ ਇਹ ਆਖ ਕੇ ਕਿ ਉਨ੍ਹਾਂ ਦੇ ਵਿਰੁੱਧ ਪ੍ਰਦਰਸ਼ਨ ਕਰਨ ਵਾਲੇ ਦੇਸ਼-ਧ੍ਰੋਹੀ ਹਨ, ਨਾ ਤਾਂ ਹਾਲਾਤ ਨੂੰ ਸੰਭਾਲਿਆ ਜਾ ਸਕਦਾ ਹੈ ਅਤੇ ਨਾ ਹੀ ਵਿਰੋਧ ਦੀ ਅੱਗ ਨੂੰ ਬੁਝਾਇਆ ਜਾ ਸਕਦਾ ਹੈ। ਬਾਦਲ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਸੋਚਣਾ ਹੋਵੇਗਾ ਕਿ ਕਿਧਰੇ ਉਪ੍ਰੋਕਤ ਗਲਾਂ ਦੇ ਨਾਲ ਹੀ ਇਸ ਵਿਰੋਧ ਦਾ ਕਾਰਣ, ਪੰਜਾਬ ਅਤੇ ਸਿੱਖਾਂ ਨਾਲ ਸੰਬੰਧਤ, ਉਨ੍ਹਾਂ ਮੰਗਾਂ ਨੂੰ ਵਿਸਾਰ ਦਿੱਤਾ ਜਾਣਾ ਤਾਂ ਨਹੀਂ, ਜਿਨ੍ਹਾਂ ਨੂੰ ਲੈ ਕੇ ਬੀਤੇ ਵਿੱਚ ਇੱਕ ਤੋਂ ਬਾਅਦ ਇੱਕ ਕਰ, ਲਗਾਤਾਰ ਕਈ ਮੋਰਚੇ ਲਾ, ਪੰਥ ਦੇ ਨਾਂ 'ਤੇ ਸਿੱਖਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕੀਤਾ ਜਾਂਦਾ ਰਿਹਾ, ਜਾਂ ਫਿਰ ਇਸਦਾ ਕਾਰਣ, ਪੰਜਾਬ ਵਿੱਚ ਲਗਾਤਾਰ ਵਧੱਦਾ ਜਾ ਰਿਹਾ ਭ੍ਰਿਸ਼ਟਾਚਾਰ ਹੈ, ਜਿਸਦੇ ਚਲਦਿਆਂ ਪ੍ਰਵਾਸੀਆਂ ਨੂੰ ਪੰਜਾਬ ਆਣ 'ਤੇ ਮੁਸ਼ਕਲਾਂ ਤੇ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈਂਦਾ ਹੈ, ਜਾਂ ਫਿਰ ਇਸਦਾ ਕਾਰਣ ਧਾਰਮਕ ਜੱਥੇਬੰਦੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰਾਜਸੀ ਸੁਆਰਥ ਲਈ ਇਸਤੇਮਾਲ ਕਰ, ਉਸਨੂੰ ਧਰਮ ਪ੍ਰਚਾਰ ਦੇ ਪ੍ਰਤੀ ਆਪਣੀ ਜ਼ਿਮੇਂਦਾਰੀ ਨਿਭਾਣ ਦੇ ਮੂਲ ਉਦੇਸ਼ ਤੋਂ ਭਟਕਾ ਦਿੱਤੇ ਜਾਣ ਕਾਰਣ ਉਪਜਿਆ ਰੋਹ ਹੈ, ਜਿਸਦੇ ਚਲਦਿਆਂ ਸਿੱਖ ਨੌਜਵਾਨ ਨਾ ਕੇਵਲ ਧਾਰਮਕ ਵਿਰਸੇ ਨਾਲੋਂ ਟੁੱਟ, ਸਿੱਖੀ ਸਰੂਪ ਨੂੰ ਤਿਲਾਂਜਲੀ ਦਿੰਦਾ ਚਲਿਆ ਜਾ ਰਿਹਾ ਹੈ, ਸਗੋਂ ਨਸ਼ਿਆਂ ਦਾ ਸ਼ਿਕਾਰ ਹੋ, ਆਪਣੀ ਜਵਾਨੀ ਬਰਬਾਦ ਕਰਨ ਵਲ ਵੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ? ਆਖਰ ਕੁਝ ਤਾਂ ਹੈ, ਜਿਸ ਕਾਰਣ ਉਹ ਪ੍ਰਵਾਸੀ ਪੰਜਾਬੀ, ਜੋ ਕਿਸੇ ਸਮੇਂ ਅਕਾਲੀ ਲੀਡਰਸ਼ਿਪ ਦੇ ਇੱਕ ਇਸ਼ਾਰੇ 'ਤੇ ਆਪਣੀ ਜਾਨ ਤਕ ਨਿਛਾਵਰ ਕਰਨ ਲਈ ਤਿਆਰ ਰਹਿੰਦੇ ਸਨ, ਉਹੀ ਉਨ੍ਹਾਂ ਦਾ ਵਿਰੋਧ ਕਰਨ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਹੋ ਗਏ ਹਨ!

**ਹਾਲਾਤ ਬਦਲ ਰਹੇ ਹਨ :** ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੁੱਖੀ ਸਵੀਕਾਰ ਕਰਨ ਜਾਂ ਨਾਂਹ, ਪ੍ਰੰਤੂ ਜ਼ਮੀਨੀ ਸੱਚਾਈ ਇਹੀ ਹੈ ਕਿ ਉਨ੍ਹਾਂ ਦੇ ਦਲ ਦੀ ਸਾਖ ਜਿਸ ਤਰ੍ਹਾਂ ਡਿਗਦੀ ਚਲੀ ਜਾ ਰਹੀ ਹੈ, ਉਸਦਾ ਪ੍ਰਭਾਵ ਦਿੱਲੀ ਵਿੱਚ ਵੀ ਵੇਖਣ ਨੂੰ ਮਿਲਣ ਲਗਾ ਹੈ। ਇੱਕ ਪਾਸੇ ਇਸ ਸਥਿਤੀ ਦਾ ਲਾਭ ਉਠਾਣ ਲਈ ਦਿੱਲੀ ਦੀ ਸੱਤਾਧਾਰੀ, ਆਮ ਆਦਮੀ ਪਾਰਟੀ ਨਾਲ ਸੰਬੰਧਤ ਸਿੱਖ ਮੁਖੀ ਦਿੱਲੀ ਗੁਰਦੁਆਰਾ ਕਮੇਟੀ ਦੀ ਸੱਤਾ ਪੁਰ ਕਾਬਜ਼ ਹੋਣ ਲਈ ਰਣਨੀਤੀ ਬਨਾਉਣ ਵਿੱਚ ਜੁਟੇ ਨਜ਼ਰ ਆਉਣ ਲਗੇ ਹਨ ਅਤੇ ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ), ਜੋ ਪਿਛਲੀਆਂ ਗੁਰਦੁਆਰਾ ਚੋਣਾਂ ਵਿੱਚ ਬਾਦਲ ਅਕਾਲੀ ਦਲ ਦੇ ਹੱਥੋਂ ਬੁਰੀ ਤਰ੍ਹਾਂ ਮਾਤ ਖਾ, ਬਿਖਰਨ ਤਕ ਲਗਾ ਸੀ, ਦੇ ਮੁੱਖੀ ਇਸ ਵਿਸ਼ਵਾਸ ਨਾਲ ਮੁੜ ਤਾਲ ਠੋਕਣ ਲਗੇ ਹਨ ਕਿ ਬਦਲ ਰਹੇ ਹਾਲਾਤ ਦੇ ਚਲਦਿਆਂ, ਡੇਢ-ਕੁ ਵਰ੍ਹੇ ਬਾਅਦ ਸੰਨ-2017 ਦੇ ਅਰੰਭ 'ਚ ਹੋਣ ਵਾਲੀਆਂ ਗੁਰਦੁਆਰਾ

(ਬਾਕੀ ਸਫਾ 12 ਤੇ)

# ਸ਼ੰਕਾ-ਨਵਿਰਤੀ/ ਭਾਗ- 11



ਮੇਘ ਰਾਜ ਮਿੱਤਰ
+91-98887-87440

? ਸ਼੍ਰੀਮਾਨ ਜੀ, ਹਿਜੜੇ ਸੈਕਸ ਤ੍ਰਿਪਤੀ ਕਿਵੇਂ ਕਰਦੇ ਹਨ।

* ਸੈਕਸ ਤ੍ਰਿਪਤੀ ਕਰਨਾ ਇੱਕ ਆਨੰਦਦਾਇਕ ਸਾਧਨ ਜ਼ਰੂਰ ਹੈ ਪਰ ਇਹ ਅਜਿਹਾ ਸਾਧਨ ਨਹੀਂ ਹੈ ਜਿਸ ਤੋਂ ਬਿਨਾਂ ਕੋਈ ਵਿਅਕਤੀ ਜਿਉਂਦਾ ਨਾ ਰਹਿ ਸਕਦਾ ਹੋਵੇ। ਹਿਜੜੇ ਕੁਝ ਹੋਰ ਢੰਗਾਂ ਰਾਹੀਂ ਆਪਣੀਆਂ ਇਹ ਕਿਰਿਆਵਾਂ ਦਾ ਬਦਲ ਪ੍ਰਾਪਤ ਕਰ ਲੈਂਦੇ ਹਨ।

? ਮੇਰੀ ਉਮਰ 18 ਸਾਲ ਹੈ। ਮੇਰਾ ਕੱਦ 5 ਫੁੱਟ 3 ਇੰਚ ਹੈ। ਕ੍ਰਿਪਾ ਕਰਕੇ ਮੈਨੂੰ ਕੋਈ ਸੁਝਾ* ਜਾਂ ਕੋਈ ਦਵਾਈ ਖਾਣ ਬਾਰੇ ਦੱਸੋ ਮੈਂ ਆਪ ਜੀ ਦਾ ਬਹੁਤ ਧੰਨ-ਵਾਦੀ ਹੋਵਾਂਗਾ।

* ਨਿਯਮਿਤ ਰੂਪ ਨਾਲ ਕਸਰਤ ਰਾਹੀਂ ਅਤੇ ਸੰਤੁਲਿਤ ਆਹਾਰ ਰਾਹੀਂ ਤੁਸੀਂ ਆਪਣੀ ਸਿਹਤ ਵਿਚ ਸੁਧਾਰ ਕਰ ਸਕਦੇ ਹੋ।

? ਵਿਟਾਮਿਨ ਏ, ਬੀ, ਸੀ, ਡੀ ਸਾਨੂੰ ਕਿਹੜੇ ਪਦਾਰਥਾਂ ਤੋਂ ਪ੍ਰਾਪਤ ਹੋ ਸਕਦਾ ਹੈ?

* ਸਾਡੇ ਸਰੀਰ ਨੂੰ ਦੋ ਪ੍ਰਕਾਰ ਦੇ ਵਿਟਾਮਿਨਾਂ ਦੀ ਲੋੜ ਹੁੰਦੀ ਹੈ। ਇੱਕ ਵਿਟਾਮਿਨ ਉਹ ਹੁੰਦੇ ਹਨ ਜਿਹੜੇ ਸਿਰਫ ਚਰਬੀ ਵਿਚ ਘੁਲਣਸ਼ੀਲ ਹੁੰਦੇ ਹਨ। ਵਿਟਾਮਿਨ ਏ. ਡੀ. ਈ. ਅਤੇ ਕੇ ਇਸ ਸ਼੍ਰੇਣੀ ਦੇ ਵਿਟਾਮਿਨ ਹਨ। ਵਿਟਾਮਿਨ ਬੀ ਅਤੇ ਸੀ ਪਾਣੀ ਵਿਚ ਘੁਲਣਸ਼ੀਲ ਹੁੰਦੇ ਹਨ। ਵਿਟਾਮਿਨ ਏ ਸਾਨੂੰ ਆਮ ਤੌਰ 'ਤੇ ਘਿਉ ਤੋਂ ਪ੍ਰਾਪਤ ਹੁੰਦਾ ਹੈ। ਟਮਾਟਰ, ਗਾਜਰ, ਪਨੀਰ, ਮੱਛੀ ਵਿਚ ਵਿਟਾਮਿਨ ਏ ਹੁੰਦਾ ਹੈ। ਵਿਟਾਮਿਨ ਬੀ ਸਾਨੂੰ ਮਾਸ, ਆਂਡੇ, ਫਲਾਂ ਅਤੇ ਸਬਜ਼ੀਆਂ ਤੋਂ ਪ੍ਰਾਪਤ ਹੁੰਦਾ ਹੈ। ਵਿਟਾਮਿਨ ਸੀ ਸਾਨੂੰ ਨਿੰਬੂ, ਸੰਤਰੇ, ਸੇਬ ਅਤੇ ਹਰੀਆਂ ਸਬਜ਼ੀਆਂ ਤੋਂ ਮਿਲਦਾ ਹੈ। ਵਿਟਾਮਿਨ ਡੀ ਸਾਨੂੰ ਆਂਡਾ, ਮਾਸ, ਪਨੀਰ, ਘਿਉ ਅਤੇ ਧੁੱਪ ਤੋਂ ਪ੍ਰਾਪਤ ਹੁੰਦੀ ਹੈ। ਵਿਟਾਮਿਨ ਈ ਸਾਨੂੰ ਘਿਉ, ਛੱਲੀਆਂ, ਹਰੀਆਂ ਸਬਜ਼ੀਆਂ ਆਦਿ ਤੋਂ ਪ੍ਰਾਪਤ ਹੁੰਦਾ ਹੈ। ਵਿਟਾਮਿਨ ਏ ਵੀ ਸਾਨੂੰ ਟਮਾਟਰ, ਤੇਲ ਅਤੇ ਹਰੀਆਂ ਸਬਜ਼ੀਆਂ ਤੋਂ ਪ੍ਰਾਪਤ ਹੁੰਦਾ ਹੈ।

? ਮੇਰਾ ਭਰਾ ਜਿਸਦੀ ਉਮਰ 12 ਸਾਲ ਹੈ, ਦੇ ਵਾਲ ਇੱਕ ਵਾਲ ਤੋਂ ਸਫੈਦ ਹੋਣੇ ਸ਼ੁਰੂ ਹੋ ਗਏ ਹਨ ਤੇ ਲਗਭਗ ਅੱਧੇ ਵਾਲ ਸਫੈਦ ਹੋ ਗਏ ਹਨ। ਕੀ ਵਾਲਾਂ ਨੂੰ ਕਾਲਾ ਕਰਨ ਦਾ ਕੋਈ ਉਪਾ* ਹੈ?

* ਵਾਲਾਂ ਨੂੰ ਕਾਲਾ ਕਰਨ ਦਾ ਉਪਾ* ਹੈ, ਉਹ ਸਿਰਫ ਵਾਲਾਂ ਨੂੰ ਰੰਗ ਕੇ ਕੀਤਾ ਜਾ ਸਕਦਾ ਹੈ। ਅਜੇ ਤੱਕ ਸ਼ਾਇਦ ਅਜਿਹੀ ਦਵਾਈ ਮਾਰਕਿਟ ਵਿਚ ਨਹੀਂ ਆਈ ਜਿਹੜੀ ਚਿੱਟੇ ਵਾਲਾਂ ਨੂੰ ਕਾਲਾ ਕਰ ਸਕਦੀ ਹੋਵੇ।

? ਕੀ ਕੱਦ ਲਟਕਣ ਨਾਲ ਵਧਾਇਆ ਜਾ ਸਕਦਾ ਹੈ। ਜੇਕਰ ਨਹੀਂ ਤਾਂ ਕਿਸ ਤਰ੍ਹਾਂ ਵਧਾਇਆ ਜਾ ਸਕਦਾ ਹੈ?

* ਮਨੁੱਖੀ ਕੱਦ ਅਸਲ ਵਿਚ ਮਾਂ-ਪਿਓ ਤੋਂ ਜਨਮ ਵਿਚ ਮਿਲੇ ਵਿਰਾਸਤੀ ਗੁਣਾਂ 'ਤੇ ਹੀ ਨਿਰਭਰ ਕਰਦਾ ਹੈ। ਕਸਰਤ ਜਾਂ ਖੁਰਾਕ ਕੋਈ ਗਿਣਨਯੋਗ ਪ੍ਰਭਾਵ ਨਹੀਂ ਪਾਉਂਦੇ। ਅੱਜਕੱਲ੍ਹ ਕੱਦ ਵਧਾਉਣ ਲਈ ਇੱਕ ਨਵੀਂ ਤਕਨੀਕ ਵਿਕਸਤ ਹੋਈ ਹੈ। ਇਸ ਰਾਹੀਂ ਕੱਦ 2-3 ਇੰਚ ਲੰਬਾ ਕੀਤਾ ਜਾ ਸਕਦਾ ਹੈ। ਇਸ ਤਕਨੀਕ ਵਿਚ ਦੋਵੇਂ ਲੱਤਾਂ ਵਿਚ ਦੋ ਦੋ ਕੜੇ ਉੱਪਰ ਹੇਠਾਂ ਕਰਕੇ ਪਾ ਦਿੱਤੇ ਜਾਂਦੇ ਹਨ, ਤੇ ਹਰ ਰੋਜ਼ ਕੜ੍ਹਿਆਂ ਵਿਚਲੀ ਦੂਰੀ ਨੂੰ ਇੱਕ ਸੂਤ ਵਧਾਇਆ ਜਾਂਦਾ ਹੈ। ਇਹ ਤਕਨੀਕ ਬਹੁਤ ਮਹਿੰਗੀ ਹੈ ਤੇ ਸਿਰਫ਼ ਹਿੰਦੁਸਤਾਨ ਦੇ ਕੁਝ ਗਿਣੇ-ਚੁਣੇ ਡਾਕਟਰ ਹੀ ਇਸ ਤਕਨੀਕ ਦੇ ਮਾਹਿਰ ਹਨ।

? ਕੁਝ ਸਮਾਂ ਤੇਜ਼ ਦੌੜਨ ਤੋਂ ਬਾਅਦ ਦਿਲ ਦੀ ਧੜਕਨ ਤੇਜ਼ ਹੋ ਜਾਂਦੀ ਹੈ, ਕਿਉਂ?

* ਸਰੀਰ ਦੇ ਸੈੱਲਾਂ ਨੂੰ ਇਸ ਸਮੇਂ ਊਰਜਾ ਦੀ ਵੱਧ ਲੋੜ ਹੁੰਦੀ ਹੈ। ਊਰਜਾ ਖ਼ੂਨ ਦੁਆਰਾ ਲਿਜਾਈ ਜਾਂਦੀ ਖੁਰਾਕ ਵਿਚੋਂ ਪ੍ਰਾਪਤ ਹੁੰਦੀ ਹੈ। ਇਸ ਲਈ ਖ਼ੂਨ ਦਾ ਦੌਰਾ ਵੱਧ ਤੇਜ਼ੀ ਨਾਲ ਹੁੰਦਾ ਹੈ। ਦਿਲ ਨੂੰ ਤੇਜ਼ੀ ਨਾਲ ਕੰਮ ਕਰਨਾ ਪੈਂਦਾ ਹੈ। ਇਸ ਲਈ ਦਿਲ ਦੀ ਧੜਕਨ ਤੇਜ਼ ਹੋ ਜਾਂਦੀ ਹੈ।

? ਕੀ ਦੁਨੀਆਂ ਵਿਚ ਕੋਈ ਅਜਿਹੀ ਵਿਧੀ ਹੈ ਜੋ ਇਨਸਾਨ ਨੂੰ ਗਾਇਬ ਕਰਦੀ ਹੋਵੇ?

* ਪ੍ਰਮਾਣੂ ਬੰਬ, ਏਡਜ਼, ਹੈਪੇਟਾਈਟਸ ਅਜਿਹੀਆਂ ਵਿਧੀਆਂ ਹਨ ਜਿਹੜੀਆਂ ਧਰਤੀ ਤੋਂ ਮਨੁੱਖਾਂ ਨੂੰ ਗਾਇਬ ਕਰ ਦਿੰਦੀਆਂ ਹਨ।

? ਮੇਰੀ ਇੱਕ 6ਗਜਕਅਦ ਬਹੁਤ ਹੀ ਚੀੜ੍ਹੀ ਜਿਹੀ ਭਾਵ ਰੁੱਖੀ ਜਿਹੀ ਹਰ ਗੱਲ ਨੂੰ ਸ਼ੱਕ ਦੀ ਨਿਗ੍ਹਾ ਨਾਲ ਤੇ ਹਰ ਗੱਲ ਦਾ ਨੈਗੇਟਿਵ ਮਤਲਬ ਕੱਢਦੀ ਹੈ ਤੇ ਖਾਧਾ ਪੀਤਾ ਵੀ ਉਸਨੂੰ ਨਹੀਂ ਲੱਗਦਾ।

ਉਹ ਬਹੁਤ ਜ਼ਿਆਦਾ ਕਮਜ਼ੋਰ ਹੈ। ਉਹ ਬਹੁਤ ਘੱਟ ਹੱਸਦੀ ਹੈ। ਉਸਦੀ ਇਸ ਮਾਨਸਿਕਤਾ ਦਾ ਕੀ ਇਲਾਜ ਹੋ ਸਕਦਾ ਹੈ। ਹਮਦਰਦੀ, ਪਿਆਰ ਜਾਂ ਕੋਈ ਦਵਾਈ? ਮੈਂ ਉਸ ਦਾ ਸੁਭਾ* ਬਦਲਣਾ ਚਾਹੁੰਦੀ ਹਾਂ ਜਿਸ ਕਰਕੇ ਉਸਦੀ ਸਿਹਤ ਵੀ ਠੀਕ ਹੋ ਸਕੇ। ਕ੍ਰਿਪਾ ਕਰਕੇ ਯੋਗ ਸਲਾਹ ਦੇਵੋ।

* ਤੁਹਾਡੀ ਮਿੱਤਰ ਦੀ ਇਹ ਹਾਲਤ ਉਸ ਨੂੰ ਮਿਲੀਆਂ ਸਮਾਜਿਕ ਹਾਲਤਾਂ ਨੇ ਬਣਾਈ ਹੈ। ਸਮਾਜਿਕ ਹਾਲਤਾਂ ਬਦਲ ਕੇ ਤੁਸੀਂ ਉਸ ਵਿਚ ਥੋੜ੍ਹਾ-ਬਹੁਤ ਸੁਧਾਰ ਜ਼ਰੂਰ ਕਰ ਸਕਦੇ ਹੋ।

? ਸ਼ਰਾਬ ਦਿਮਾਗ ਦੇ ਕਿਹੜੇ ਹਿੱਸੇ 'ਤੇ ਪ੍ਰਭਾਵ ਪਾਉਂਦੀ ਹੈ।

* ਸ਼ਰਾਬ ਪੀਣ ਨਾਲ ਦਿਮਾਗ ਦੇ ਨਿਊਰੋਨਜ਼ ਪ੍ਰਭਾਵਿਤ ਹੁੰਦੇ ਹਨ। ਇਨ੍ਹਾਂ ਨਾਲ ਦਿਮਾਗ ਦੀ ਫੈਸਲੇ ਲੈਣ ਦੀ ਸ਼ਕਤੀ ਲੇਟ ਹੋ ਜਾਂਦੀ ਹੈ।

? ਮਨੋਵਿਗਿਆਨਕਾਂ ਨੇ ਇਸ ਤੱਥ ਦੀ ਪੁਸ਼ਟੀ ਕੀਤੀ ਹੈ ਕਿ ਮਨੁੱਖੀ ਦਿਮਾਗ ਹਰ 7 ਮਿੰਟ ਬਾਅਦ ਇੱਕ ਖੁਸ਼ੀ ਲੱਭਦਾ ਹੈ। ਮਨੁੱਖੀ ਦਿਮਾਗ ਖੁਸ਼ ਹੋਣ ਲਈ ਹਰ 7 ਮਿੰਟ ਬਾਅਦ ਖੁਸ਼ੀ ਕਿਉਂ ਲੱਭਦਾ ਹੈ। ਇਸ ਪਿੱਛੇ ਕੀ ਕਾਰਨ ਹੈ?

* ਅਸਲ ਵਿਚ ਮਨੁੱਖੀ ਸੋਚ ਦਿਮਾਗ ਵਿਚ ਹੋ ਰਹੀਆਂ ਰਸਾਇਣਿਕ ਕਿਰਿਆਵਾਂ ਦਾ ਸਿੱਟਾ ਹੁੰਦੀ ਹੈ। ਇਸ ਲਈ ਖੁਸ਼ੀ ਸਮੇਂ ਹੋਰ ਰਸਾਇਣਿਕ ਕਿਰਿਆਵਾਂ ਹੁੰਦੀਆਂ ਹਨ ਦੁੱਖ ਦੇ ਸਮੇਂ ਇਹ ਰਸਾਇਣਿਕ ਕਿਰਿਆਵਾਂ ਹੋਰ ਹੁੰਦੀਆਂ ਹਨ। ਰਸਾਇਣਿਕ ਕਿਰਿਆਵਾਂ ਸਾਡੀਆਂ ਗ੍ਰੰਥੀਆਂ ਵਿਚ ਪੈਦਾ ਹੋ ਰਹੇ ਰਸਾਂ ਕਾਰਨ ਹੁੰਦੀਆਂ ਹਨ। ਜੇ ਉਪਰੋਕਤ ਵਰਤਾਰਾ ਇਸ ਤਰ੍ਹਾਂ ਹੀ ਵਾਪਰਦਾ ਹੈ ਤਾਂ ਹੋ ਸਕਦਾ ਹੈ ਕਿ ਉਸ ਤਰ੍ਹਾਂ ਦੀਆਂ ਰਸਾਇਣਿਕ ਕਿਰਿਆਵਾਂ ਵਾਰ-ਵਾਰ ਵਾਪਰਦੀਆਂ ਹੋਣ।

? ਸੁਣਨ ਵਿੱਚ ਆਇਆ ਹੈ ਕਿ ਮੋਬਾਈਲ ਫੋਨ ਦੀ ਵਰਤੋਂ ਨਾਲ ਦਿਲ ਤੇ ਅਸਰ ਪੈਂਦਾ ਹੈ, ਮੈਂ ਜਾਨਣਾ ਚਾਹੁੰਦਾ ਹਾਂ ਕਿ ਇਹ ਮੋਬਾਈਲ ਫੋਨ ਦਿਲ 'ਤੇ ਕਿਸ ਕਿਸਮ ਦਾ ਅਸਰ ਪਾਉਂਦੇ ਹਨ।

* ਮੋਬਾਇਲ ਫੋਨਾਂ ਵਿੱਚ ਕਈ ਵਾਰ ਵਾਈਬ੍ਰੇਸ਼ਨ ਹੋਣੀ ਸ਼ੁਰੂ ਹੋ ਜਾਂਦੀ ਹੈ। ਜੋ ਦਿਲ ਦੀ ਧੜਕਣ ਵਿੱਚ ਵਿਘਨ ਪਾਉਂਦੀ ਹੈ। ਇਸ ਲਈ ਇਹ ਥੋੜ੍ਹਾ ਜਿਹਾ ਨੁਕਸਾਨ-ਦੇਹ ਹੁੰਦਾ ਹੈ।

? ਜੇਕਰ ਕੋਕਾ ਕੋਲਾ ਜਾਂ ਪੈਪਸੀ ਵਿੱਚ 40% ਤੋਂ 50% ਕੀਟਨਾਸ਼ਕ ਦਵਾਈਆਂ ਪੈਂਦੀਆਂ ਹਨ ਤਾਂ ਲਗਾਤਾਰ ਰੋਜ਼ਾਨਾ 2-3 ਸਾਲ ਪੀਣ ਨਾਲ ਬੰਦਾ ਜਿਉਂਦਾ ਰਹੇਗਾ ਜਾਂ ਮਰ ਜਾਵੇਗਾ।

* ਕੋਕਾ ਕੋਲਾ ਜਾਂ ਪੈਪਸੀ ਵਿੱਚ ਪਾਣੀ ਤੇ ਖੰਡ ਹਿੰਦੋਸਤਾਨ ਦੇ ਹੀ ਹੁੰਦੇ ਹਨ ਪਰ ਇਸ ਵਿੱਚ ਮਿਲਾਈ ਜਾਣ ਵਾਲੀ ਜ਼ਹਿਰ ਵਿਦੇਸ਼ਾਂ ਵਿੱਚੋਂ ਆਉਂਦੀ ਹੈ। ਤੇ ਇਹ ਹਿੰਦੋਸਤਾਨ ਵਿੱਚੋਂ ਅਰਬਾਂ ਰੁਪਏ ਹਰ ਸਾਲ ਵਿਦੇਸ਼ਾਂ ਵਿੱਚ ਲੈ ਜਾਂਦੀ ਹੈ।

ਜ਼ਹਿਰ ਦੀ ਮਾਤਰਾ ਹੁੰਦੀ ਜ਼ਰੂਰ ਹੈ ਪਰ ਐਨੀ ਜ਼ਿਆਦਾ ਨਹੀਂ ਕਿ ਉਹ ਕਿਸੇ ਬੰਦੇ ਨੂੰ ਦੋ-ਚਾਰ ਸਾਲ ਵਿੱਚ ਕੋਈ ਨੁਕਸਾਨ ਕਰ ਸਕੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਇਨਫੋਸਿਸ ਵਲੋਂ ਮੁਹਾਲੀ ਕੈਂਪਸ ਦੀ ਉਸਾਰੀ ਇਕ ਮਹੀਨੇ ਅੰਦਰ ਸ਼ੁਰੂ ਕਰਨ ਦਾ ਐਲਾਨ

**ਬੰਗਲੌਰ/ ਚੰਡੀਗੜ੍ਹ–** ਵਿਸ਼ਵ ਦੀ ਨਾਮੀ ਆਈ.ਟੀ. ਕੰਪਨੀ ਇਨਫੋਸਿਸ ਵਲੋਂ 25,000 ਕਰਮਚਾਰੀਆਂ ਦੀ ਸਮਰੱਥਾ ਵਾਲੇ ਮੁਹਾਲੀ ਕੈਂਪਸ ਦੀ ਉਸਾਰੀ ਇਕ ਮਹੀਨੇ ਅੰਦਰ ਸ਼ੁਰੂ ਕਰਕੇ ਇਸਨੂੰ 18 ਮਹੀਨਿਆਂ ਦੌਰਾਨ ਮੁਕੰਮਲ ਕਰਨ ਦਾ ਐਲਾਨ ਕੀਤਾ ਗਿਆ ਹੈ। ਕੰਪਨੀ ਦੇ ਕਾਰਜਕਾਰੀ ਉਪ ਪ੍ਰਧਾਨ ਰਾਮਦਾਸ ਕਾਮਥ ਵਲੋਂ ਇਸ ਸਬੰਧੀ ਭਰੋਸਾ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨਾਲ ਪੰਜਾਬ ਨਿਵੇਸ਼ਕ ਸੰਮੇਲਨ ਸਬੰਧੀ ਕੀਤੀ ਮੁਲਾਕਾਤ ਦੌਰਾਨ ਦਿੱਤਾ ਗਿਆ। ਇਸ ਤੋਂ ਇਲਾਵਾ ਉਪ ਮੁੱਖ ਮੰਤਰੀ ਵਲੋਂ ਹੋਰਨਾਂ ਉਦਯੋਗਿਕ ਅਦਾਰਿਆਂ ਨਾਲ ਮੀਟਿੰਗਾਂ ਵੀ ਕੀਤੀਆਂ ਗਈਆਂ ਜਿਸ ਵਿਚੋਂ ਵੋਲਵੋ ਵਲੋਂ ਅੰਮ੍ਰਿਤਸਰ ਵਿਖੇ ਬੱਸ ਰੈਪਿਡ ਟਰਾਂਜ਼ਿਟ ਸਿਸਟਮ ਵਿਚ ਡੂੰਘੀ ਦਿਲਚਸਪੀ ਦਿਖਾਈ ਗਈ। ਇਸ ਤੋਂ ਇਲਾਵਾ ਕੰਪਨੀ ਵਲੋਂ ਵੋਲਵੋ ਕਾਰਾਂ ਦੇ ਉਤਪਾਦਨ ਲਈ ਵੀ ਇਕ ਯੂਨਿਟ ਪੰਜਾਬ ਵਿਚ ਲਾਉਣਾ ਵਿਚਾਰ ਅਧੀਨ ਹੈ। ਇਨਵੈਸਟ ਪੰਜਾਬ ਸਬੰਧੀ ਗੱਲਬਾਤ ਜਿਸ ਵਿਚ ਉਦਯੋਗ ਮੰਤਰੀ ਸ੍ਰੀ ਮਦਨ ਮੋਹਨ ਮਿੱਤਲ ਤੇ ਸੰਸਦੀ ਸਕੱਤਰ ਐਨ.ਕੇ.ਸ਼ਰਮਾ ਵੀ ਹਾਜ਼ਰ ਸਨ, ਵਿਚ ਇਨਫੋਸਿਸ ਦੇ ਕਾਰਜਕਾਰੀ ਉਪ ਪ੍ਰਧਾਨ ਨੇ



ਕਿਹਾ ਕਿ ਪੰਜਾਬ ਸਰਕਾਰ ਵਲੋਂ ਪ੍ਰਾਜੈਕਟ ਸ਼ਥਾਪਿਤ ਕਰਨ ਲਈ ਮਨਜ਼ੂਰੀ ਦੇਣ ਸਬੰਧੀ ਦੇਸ਼ ਦੀ ਸਭ ਤੋਂ ਬਿਹਤਰੀਨ ਵਿਵਸਥਾ ਕਾਇਮ ਕੀਤੀ ਗਈ ਹੈ। ਸ੍ਰੀ ਕਾਮਥ ਨੇ ਉਪ ਮੁੱਖ ਮੰਤਰੀ ਨੂੰ ਕਿਹਾ ਕਿ 'ਅਸੀਂ ਤੁਹਾਡੇ ਅੰਦਾਜ ਤੇ ਸਪੱਸ਼ਟ ਪਹੁੰਚ ਦੇ ਕਾਇਲ ਹਾਂ ਅਤੇ ਇਸੇ ਕਾਰਨ ਹੀ ਅਸੀਂ ਆਂਧਰ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਚੰਦਰ ਬਾਬੂ ਨਾਇਡੂ ਦੇ ਪ੍ਰਸ਼ੰਸ਼ਕ ਹਾਂ'। ਉਨ੍ਹਾਂ ਕਿਹਾ ਕਿ ਮੋਹਾਲੀ ਵਿਖੇ ਕੰਪਨੀ ਦਾ ਕੈਂਪਸ ਦੋਹਾਂ ਧਿਰਾਂ ਲਈ ਲਾਹੇਵੰਦ ਹੋਵੇਗਾ ਕਿਉਂਕਿ ਕੰਪਨੀ ਵਿਚ ਪੰਜਾਬੀ ਮੂਲ ਦੇ 2500 ਦੇ ਕਰੀਬ ਕਰਮਚਾਰੀ ਕੰਮ ਕਰਦੇ ਹਨ, ਜਿਨ੍ਹਾਂ ਨੂੰ ਪੰਜਾਬ ਤਬਦੀਲ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਕੰਪਨੀ ਦਾ ਕੈਂਪਸ ਸ਼ੁਰੂ ਹੋਣ ਨਾਲ ਸੂਬੇ ਦੀ ਅਰਥ ਵਿਵਸਥਾ ਨੂੰ ਵੱਡਾ ਹੁਲਾਰਾ ਮਿਲੇਗਾ। ਵੋਲਵੋ ਇੰਡੀਆ ਦੇ ਪ੍ਰਬੰਧਕੀ ਨਿਰਦੇਸ਼ਕ ਕਮਲ ਬਾਲੀ ਤੇ ਵੋਲਵੋ ਬੱਸਜ਼ ਦੇ ਪ੍ਰਬੰਧਕੀ ਨਿਰਦੇਸ਼ਕ ਵੀ.ਆਰ.ਵੀ. ਸ੍ਰੀਪ੍ਰਸ਼ਾਦ ਨੇ ਉਪ ਮੁੱਖ ਮੰਤਰੀ ਨਾਲ ਮੁਲਾਕਾਤ ਦੌਰਾਨ ਕਿਹਾ ਕਿ ਸਿਟੀ ਬੱਸ ਸੇਵਾ ਤੇ ਬੱਸ ਰੈਪਿਡ ਟਰਾਂਸਪੋਰਟ ਸਿਸਟਮ ਵਿਚ ਸਹਿਯੋਗ ਦੀਆਂ ਅਸੀਮ ਸੰਭਾਵਨਾਵਾਂ ਮੌਜੂਦ ਹਨ।

# ਪੰਜਾਬ ਸਰਕਾਰ ਨੇ ਸ਼ਿਵ ਬਟਾਲਵੀ ਦੀ ਯਾਦਗਾਰ ਨੂੰ ਖੰਡਰ ਤੋਂ ਆਧੁਨਿਕ ਆਡੀਟੋਰੀਅਮ 'ਚ ਬਦਲਿਆ

## ਸ਼ਿਵ ਬਟਾਲਵੀ ਆਡੀਟੋਰੀਅਮ ਮੁਕੰਮਲ ਹੋਣ 'ਤੇ ਸਾਹਿਤਕਾਰਾਂ ਤੇ ਸ਼ਿਵ ਪ੍ਰੇਮੀਆਂ 'ਚ ਖੁਸ਼ੀ ਦੀ ਲਹਿਰ







**ਬਟਾਲਾ (ਨਰਿੰਦਰ ਸਿੰਘ ਬਰਨਾਲ)–**ਪੰਜਾਬੀ ਮਾਂ ਬੋਲੀ ਦੇ ਪ੍ਰਸਿੱਧ ਸ਼ਾਇਰ ਬਿਰਹਾ ਦੇ ਸੁਲਤਾਨ ਸ਼ਿਵ ਕੁਮਾਰ ਬਟਾਲਵੀ ਦੇ ਇਹ ਬੋਲ 'ਜਿੱਥੇ ਭੱਜਿਆ ਵੀ ਨਾ ਮਿਲੂ ਦੀਵਾ, ਸੋਈਓ ਮੇਰਾ ਮਜ਼ਾਰ ਹੋਵੇਗਾ' ਹੁਣ ਆਪਣੀ ਆਉਧ ਹੰਢਾਉਂਦੇ ਨਜ਼ਰੀਂ ਆ ਰਹੇ ਹਨ। ਬਿਰਹਾ ਦੇ ਇਸ ਸ਼ਾਇਰ ਦੀ ਆਤਮਾ ਹੁਣ ਤਾਰਾ ਬਣ ਆਸਮਾਨ 'ਚੋਂ ਇਹ ਬੋਲ ਨਹੀਂ ਉਚਾਰੇਗੀ ਕਿ 'ਲੋਹੇ ਦੇ ਇਸ ਸ਼ਹਿਰ ਵਿੱਚ ਪਿੱਤਲ ਦੇ ਲੋਕ ਰਹਿੰਦੇ' ਕਿਉਂਕਿ ਹੁਣ ਉਸਦੇ ਸ਼ਹਿਰ ਬਟਾਲਾ ਅੰਦਰ ਉਸਦੀ ਯਾਦਗਾਰ ਨੂੰ ਪੰਜਾਬ ਸਰਕਾਰ ਵੱਲੋਂ ਖੂਬਸੂਰਤ ਦਿੱਖ ਦੇ ਕੇ ਨਵੀਂ ਜਾਨ ਪਾ ਦਿੱਤੀ ਗਈ ਹੈ। ਪੰਜਾਬ ਸਰਕਾਰ ਵੱਲੋਂ 2 ਕਰੋੜ ਤੋਂ ਵੱਧ ਰਾਸ਼ੀ ਖਰਚ ਕਰਕੇ ਖੰਡਰ ਬਣੇ ਸ਼ਿਵ ਆਡੀਟੋਰੀਅਮ ਨੂੰ ਆਧੁਨਿਕ ਦਿੱਖ ਦਿੱਤੀ ਗਈ ਹੈ ਅਤੇ ਹੁਣ ਇਹ ਆਡੀਟੋਰੀਅਮ ਸਾਹਿਤਕ ਮਹਿਫਲਾਂ ਲਈ ਤਿਆਰ ਹੈ। ਸ਼ਿਵ ਦੀ ਸ਼ਾਇਰੀ ਵਾਂਗ ਹੀ ਹੁਣ ਇਸ ਆਡੀਟੋਰੀਅਮ ਦੀ ਖੂਬਸੂਰਤੀ ਤੇ ਖੂਬੀਆਂ ਡੁੱਲ-ਡੁੱਲ ਪੈ ਰਹੀਆਂ ਹਨ, ਜਿਸ ਨੂੰ ਲੈ ਕੇ ਸਾਹਿਤ ਪ੍ਰੇਮੀਆਂ ਤੇ ਸ਼ਿਵ ਦੇ ਪ੍ਰਸ਼ੰਸਕਾਂ 'ਚ ਖੁਸ਼ੀ ਦੀ ਲਹਿਰ ਹੈ।

ਸ਼ਿਵ ਬਟਾਲਵੀ ਆਡੀਟੋਰੀਅਮ ਦੇ ਮੁਰੰਮਤ ਕਾਰਜ ਜੋ ਕਿ ਆਪਣੇ ਆਖਰੀ ਪੜ੍ਹਾਅ 'ਤੇ ਹਨ ਦੀ ਨਿਗਰਾਨੀ ਖੁਦ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਅਭਿਨਵ ਤ੍ਰਿਖਾ ਵੱਲੋਂ ਕੀਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਡਾ. ਤ੍ਰਿਖਾ ਵੱਲੋਂ ਅੱਜ ਇੱਕ ਵਾਰ ਆਡੀਟੋਰੀਅਮ ਦਾ ਦੌਰਾ ਕੀਤਾ ਗਿਆ ਅਤੇ ਇਸਦੇ ਮੁਰੰਮਤ ਕਾਰਜਾਂ ਦਾ ਜਾਇਜਾ ਲਿਆ। ਆਡੀਟੋਰੀਅਮ ਦੇ ਹਾਲ ਵਿੱਚ ਮੈਟ ਲੱਗਣ ਤੋਂ ਬਾਅਦ ਕੁਰਸੀਆਂ ਲੱਗਣ ਦਾ ਕੰਮ ਵੀ ਤਕਰੀਬਨ ਖਤਮ ਹੋ ਗਿਆ ਹੈ। ਲਾਈਟਾਂ ਤੇ ਹਾਈ-ਫਾਈ ਸਾਊਂਡ ਸਿਸਟਮ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਸਾਰਾ ਹਾਲ ਸਾਊਂਡ ਤੇ ਫਾਇਰ ਪਰੂਫ ਬਣਾਇਆ ਗਿਆ ਹੈ। ਆਡੀਟੋਰੀਅਮ ਦੇ ਸਾਰੇ ਹਾਲ ਨੂੰ ਵਾਤਾਅਨਕੂਲ ਕੀਤਾ ਗਿਆ ਹੈ ਅਤੇ ਸਟੇਜ ਸਮੇਤ ਸਮੁੱਚੇ ਅੰਦਰੂਨੀ ਹਿੱਸੇ ਨੂੰ ਖੂਬਸੂਰਤ ਤੇ ਆਧੁਨਿਕ ਦਿੱਖ ਦਿੱਤੀ ਗਈ ਹੈ। ਆਡੀਟੋਰੀਅਮ 'ਚ ਇੱਕ ਅਤਿ-ਆਧੁਨਿਕ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ ਜਿਥੋਂ ਸਾਰਾ ਸਿਸਟਮ ਚਲਾਇਆ ਜਾਵੇਗਾ। ਆਡੀਟੋਰੀਅਮ ਦੇ ਬਾਹਰੀ ਭਾਗ ਨੂੰ ਰੰਗ ਰੋਗਨ ਦਾ ਕੰਮ ਮੁਕੰਮਲ ਹੋ ਗਿਆ ਹੈ ਅਤੇ ਪਿਛਲੇ ਹਿੱਸੇ 'ਚ ਬਾਗਬਾਨੀ ਵਿਭਾਗ ਵੱਲੋਂ ਲੈਂਡਸਕੇਪਿੰਗ ਦਾ ਕੰਮ ਚੱਲ ਰਿਹਾ ਹੈ।

ਡਿਪਟੀ ਕਮਿਸ਼ਨਰ ਡਾ. ਅਭਿਨਵ ਤ੍ਰਿਖਾ ਨੇ ਸਾਰੇ ਕੰਮ ਦਾ ਜਾਇਜਾ ਲੈਣ ਉਪਰੰਤ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਵੱਖ-ਵੱਖ ਵਿਭਾਗਾਂ ਦੀਆਂ ਏਜੰਸੀਆਂ ਦੇ ਸਾਂਝੇ ਉਪਰਾਲਿਆਂ ਸਦਕਾ ਖੰਡਰਨੁਮਾ ਇਸ ਇਮਾਰਤ ਨੂੰ ਆਧੁਨਿਕ ਆਡੀਟੋਰੀਅਮ ਦਾ ਰੂਪ ਦਿੱਤਾ ਜਾ ਸਕਿਆ ਹੈ। ਉਨਾਂ ਕਿਹਾ ਕਿ ਆਡੀਟੋਰੀਅਮ ਦਾ ਸਮੁੱਚਾ ਕੰਮ ਬਹੁਤ ਪੁਖਤਾ ਤੇ ਆਲਾ ਮਿਆਰੀ ਦਰਜੇ ਦਾ ਕੀਤਾ ਗਿਆ ਹੈ ਅਤੇ ਇਹ ਆਡੀਟੋਰੀਅਮ ਰਾਜ ਦੇ ਖੂਬਸੂਰਤ ਆਡੀਟੋਰੀਅਮ 'ਚੋਂ ਇੱਕ ਹੋਵੇਗਾ। ਉਨ੍ਹਾਂ ਕਿਹਾ ਆਡੀਟੋਰੀਅਮ ਦੀ ਮੁਰੰਮਤ ਦੇ ਵੱਡੇ ਕੰਮ ਤਕਰੀਬਨ ਮੁਕੰਮਲ ਹਨ ਅਤੇ ਹੁਣ ਵੱਖ-ਵੱਖ ਏਜੰਸੀਆਂ ਵੱਲੋਂ ਛੋਟੇ ਕੰਮਾਂ ਤੇ ਸਜਾਵਟ ਨੂੰ ਪੂਰਿਆਂ ਕੀਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਟਾਲਾ ਵਾਸੀਆਂ ਦੀ ਦਹਾਕਿਆਂ ਪੁਰਾਣੀ ਮੰਗ ਹੁਣ ਪੂਰੀ ਹੋਣ ਜਾ ਰਹੀ ਹੈ ਪੰਜਾਬ ਸਰਕਾਰ ਵੱਲੋਂ ਬਹੁਤ ਛੇਤੀ ਇਸ ਆਡੀਟੋਰੀਅਮ ਨੂੰ ਸਾਹਿਤਕਾਰਾਂ ਤੇ ਬਟਾਲਾ ਦੇ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ।

ਆਡੀਟੋਰੀਅਮ ਪਹੁੰਚੇ ਪ੍ਰਸਿੱਧ ਵਿਦਵਾਨ ਡਾ. ਅਨੂਪ ਸਿੰਘ, ਡਾ ਰਵਿੰਦਰ ਸਿੰਘ, ਦਵਿੰਦਰ ਦੀਦਾਰ ਅਤੇ ਜਸਵੰਤ ਹਾਂਸ ਨੇ ਸ਼ਿਵ ਆਡੀਟੋਰੀਅਮ ਨੂੰ ਮੁਕੰਮਲ ਕਰਨ 'ਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਡਾ. ਅਨੂਪ ਸਿੰਘ ਨੇ ਕਿਹਾ ਕਿ ਸਾਹਿਤਕਾਰਾਂ ਦਾ ਸ਼ਿਵ ਦੀ ਯਾਦਗਾਰ ਸਬੰਧੀ ਸੁਪਨਾ ਆਖਰ ਪੂਰਾ ਹੋਇਆ ਹੈ ਅਤੇ ਇਹ ਆਡੀਟੋਰੀਅਮ ਸਾਹਿਤਕਾਰਾਂ ਦਾ 'ਮੱਕਾ' ਹੋ ਨਿਬੜੇਗਾ। ਉਨ੍ਹਾਂ ਕਿਹਾ ਕਿ ਬਟਾਲਾ ਦੇ ਸਾਹਿਤਕਾਰ ਤੇ ਪੂਰੀ ਦੁਨੀਆਂ 'ਚ ਰਹਿੰਦੇ ਸ਼ਿਵ ਬਟਾਲਵੀ ਦੇ ਪ੍ਰਸ਼ੰਸਕ ਇਸ ਖੂਬਸੂਰਤ ਯਾਦਗਾਰ ਲਈ ਸੂਬਾ ਸਰਕਾਰ ਦੇ ਧੰਨਵਾਦੀ ਹਨ। ਇਸ ਮੌਕੇ ਐਸ.ਡੀ.ਐਮ. ਬਟਾਲਾ ਸ. ਸਕੱਤਰ ਸਿੰਘ ਬੱਲ, ਤਹਿਸੀਲਦਾਰ ਬਟਾਲਾ ਅਰਵਿੰਦਰਪਾਲ ਸਿੰਘ, ਐਸ.ਡੀ.ਓ. ਪਬਲਿਕ ਹੈਲਥ ਵਿਜੇ ਕੁਮਾਰ, ਲੋਕ ਨਿਰਮਾਣ ਵਿਭਾਗ ਦੇ ਐਸ.ਡੀ.ਓ. ਦਵਿੰਦਰ ਸਿੰਘ, ਗੁਰਦੇਵ ਸਿੰਘ ਸੰਦੀਪ ਸਿੰਘ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਆਈ.ਏ.ਐਸ.ਅਧਿਕਾਰੀਆਂ ਦੀਆਂ ਜਾਇਦਾਦ ਰਿਟਰਨਾਂ ਦਿਲਚਸਪ ਜਾਣਕਾਰੀਆਂ ਨਾਲ ਭਰਪੂਰ

## ਆਮ ਬਾਜ਼ਾਰੀ ਮੁੱਲ ਨਾਲੋਂ ਅੱਧੀ ਦੱਸ ਰਹੇ ਨੇ ਆਪਣੀਆਂ ਜਾਇਦਾਦਾਂ ਦੀ ਕੀਮਤ

ਲੁਧਿਆਣਾ: ਪੰਜਾਬ ਦੇ ਡਿਪਟੀ ਕਮਿਸ਼ਨਰਾਂ ਸਮੇਤ ਸਮੂਹ ਆਈ. ਏ. ਐਸ. ਅਧਿਕਾਰੀਆਂ ਵੱਲੋਂ ਆਪਣੀਆਂ ਅਚੱਲ ਜਾਇਦਾਦਾਂ ਬਾਰੇ ਕੇਂਦਰ ਸਰਕਾਰ ਦੇ ਪ੍ਰਸੋਨਲ ਵਿਭਾਗ ਨੂੰ ਭੇਜੀਆਂ ਸਾਲਾਨਾ ਪ੍ਰਾਪਰਟੀ ਰਿਟਰਨਾ ਦੇ ਅੰਕੜੇ ਬੇਹੱਦ ਦਿਲਚਸਪ ਤੇ ਹੈਰਾਨੀਜਨਕ ਜਾਣਕਾਰੀਆਂ ਨਾਲ ਭਰਪੂਰ ਹਨ। ਇਨ੍ਹਾਂ ਰਿਟਰਨਾਂ 'ਤੇ ਸਰਸਰੀ ਨਜ਼ਰ ਮਾਰਿਆਂ ਹੀ ਅਨੇਕਾਂ ਖਾਮੀਆਂ ਵੀ ਸਪਸ਼ਟ ਵਿਖਾਈ ਦਿੰਦੀਆਂ ਹਨ।

ਪਾਠਕਾਂ ਨੂੰ ਇਹ ਜਾਣ ਕੇ ਡਾਢੀ ਹੈਰਾਨੀ ਹੋਵੇਗੀ ਕਿ ਗ੍ਰਹਿ ਵਿਭਾਗ ਦੇ ਜੁਆਇੰਟ ਸਕੱਤਰ ਦਲੀਪ ਕੁਮਾਰ ਨੇ ਆਪਣੀ ਰਿਟਰਨ ਵਿਚ ਆਪਣੇ ਬਾਰੇ ਮੁੱਢਲੀ ਜਾਣਕਾਰੀ ਦੇ ਖਾਨੇ 'ਚ ਲੜੀ ਨੰ: 5 ਨੰਬਰ 'ਤੇ ਕਿਹੜੇ ਸੂਬੇ ਵਿਚ ਜਨਮ ਹੋਇਆ ਦੇ ਅੱਗੇ ਲਿਖਿਐ : ਇੰਡੀਅਨ ਐਡਮਨਿਸਟ੍ਰੇਟਿਵ ਸਰਵਿਸ। ਇਕ ਹੋਰ ਅਧਿਕਾਰੀ ਦੀਪਿੰਦਰ ਸਿੰਘ ਨੇ ਆਪਣੀ ਰਿਟਰਨ ਵਿਚ ਜਾਇਦਾਦ ਦੇ ਸਥਾਨ ਵਾਲ਼ੇ ਖਾਨੇ ਵਿਚ ਪਿੰਡ ਚੱਕ ਰੋਹੀ ਵਾਲ਼ਾ ਤਹਿਸੀਲ ਫਾਜ਼ਿਲਕਾ ਜ਼ਿਲ੍ਹਾ ਫਿਰੋਜ਼ਪੁਰ ਲਿਖਿਆ ਹੋਇਐ ਜਦਕਿ ਫਾਜ਼ਿਲਕਾ ਨੂੰ ਜ਼ਿਲ੍ਹਾ ਬਣਿਆਂ ਵੀ ਦੋ ਸਾਲ ਦੇ ਕਰੀਬ ਹੋ ਚੁੱਕੇ ਹਨ।

ਬਹੁਤੀਆਂ ਰਿਟਰਨਾਂ ਅਧੂਰੀਆਂ ਤੇ ਖਾਮੀਆਂ ਭਰਪੂਰ: ਆਮ ਲੋਕਾਂ ਦੀਆਂ ਫਾਈਲਾਂ 'ਤੇ ਛੋਟੀ ਛੋਟੀ ਗੱਲ ਦੇ ਨੁਕਸ ਕੱਢ ਕੇ ਮਹੀਨਿਆਂ ਬੱਧੀ ਦਫ਼ਤਰਾਂ ਦੇ ਚੱਕਰ ਮਰਵਾਉਣ ਵਾਲੇ ਇਨ੍ਹਾਂ ਸਰਕਾਰੀ ਅਧਿਕਾਰੀਆਂ ਵੱਲੋਂ ਸਰਕਾਰ ਨੂੰ ਭੇਜੀਆਂ ਆਪਣੀਆਂ ਜਾਇਦਾਦਾਂ ਦੀਆਂ ਰਿਟਰਨਾਂ ਵਿਚੋਂ ਬਹੁਤੀਆਂ ਕਿਸੇ ਨਾ ਕਿਸੇ ਗੱਲੋਂ ਅਧੂਰੀਆਂ ਹਨ। ਸਭ ਤੋਂ ਵੱਧ ਹੈਰਾਨਕੁਨ ਤੱਥ ਇਹ ਹੈ ਕਿ 2004 ਬੈਚ ਦੀ ਅਧਿਕਾਰੀ ਸ੍ਰੀਮਤੀ ਕਵਿਤਾ ਸਿੰਘ ਦੇ ਨਾਂਅ 'ਤੇ ਅੱਪਲੋਡ ਕੀਤੀ ਹੋਈ ਇਕ ਸਫ਼ੇ ਦੀ ਜਾਇਦਾਦ ਰਿਟਰਨ ਵਿਚ ਨਾਂ ਤਾਂ ਕਿਸੇ ਦਾ ਨਾਂਅ ਲਿਖਿਆ ਹੋਇਐ, ਨਾ ਬੈਚ ਸਾਲ, ਨਾ ਕੇਡਰ, ਨਾ ਤਨਖਾਹ ਸਕੇਲ ਅਤੇ ਨਾ ਹੀ ਕੋਈ ਹੋਰ ਜਾਣਕਾਰੀ ਲਿਖੀ ਗਈ ਹੈ। ਬਾਕੀ ਰਿਟਰਨਾਂ ਵਿਚੋਂ ਵੀ ਕਿਸੇ ਅਫ਼ਸਰ ਨੇ ਜਾਇਦਾਦ ਖਰੀਦਣ ਦਾ ਸਾਲ ਨਹੀਂ ਦੱਸਿਆ ਤਾਂ ਕਿਸੇ ਨੇ ਜਾਇਦਾਦ ਦੇ ਖਰੀਦ ਮੁੱਲ ਅਤੇ ਮੌਜੂਦਾ ਬਾਜ਼ਾਰੀ ਕੀਮਤ ਦਾ ਜਿਕਰ ਨਹੀਂ ਕੀਤਾ ਜਦਕਿ ਕਈ ਅਧਿਕਾਰੀਆਂ ਨੇ ਜਾਇਦਾਦ ਖਰੀਦਣ ਲਈ ਖਰਚੀ ਰਕਮ ਦਾ ਜਰੀਆ ਦੱਸਣਾ ਜਰੂਰੀ ਨਹੀਂ ਸਮਝਿਆ।

**ਸਾਰੀ ਜਾਇਦਾਦ ਪਤਨੀ ਦੇ ਨਾਂਅ:** ਦੀਪਿੰਦਰ ਸਿੰਘ ਹੀ ਅਜਿਹਾ ਇਕੋ ਇਕ ਅਧਿਕਾਰੀ ਹੈ ਜਿਸਦੀ ਸਾਰੀ ਜਾਇਦਾਦ ਸਿਰਫ਼ ਪਤਨੀ ਦੇ ਨਾਂਅ 'ਤੇ ਹੈ। ਉਸਦੀ ਪਤਨੀ ਰੁਪਿੰਦਰ ਪਾਲ ਕੌਰ ਦੇ ਨਾਂਅ ਚੰਡੀਗੜ੍ਹ ਵਿਖੇ ਇਕ ਕਨਾਲ ਦੀ ਕੋਠੀ ਤੋਂ ਇਲਾਵਾ ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਚੱਕ ਰੋਹੀ ਵਾਲਾ ਵਿਖੇ 25 ਏਕੜ ਖੇਤੀਬਾੜੀ ਵਾਲ਼ੀ ਭੋਇੰ ਦੱਸੀ ਗਈ ਹੈ।

**ਅਧਿਕਾਰੀਆਂ ਨੂੰ ਜਾਇਦਾਦਾਂ ਤੋਂ ਕਿਰਾਏ ਦੀ ਆਮਦਨ:** ਆਪਣੀਆਂ ਜਾਇਦਾਦਾਂ ਨੂੰ ਕਿਰਾਏ 'ਤੇ ਦਿੱਤੇ ਹੋਣ ਬਦਲੇ ਮਿਲ ਰਹੀ ਆਮਦਨ ਦੇ ਮਾਮਲੇ 'ਚ ਮਨਜੀਤ ਸਿੰਘ ਬਰਾੜ ਚੋਟੀ 'ਤੇ ਹਨ। ਉਨ੍ਹਾਂ ਬਾਘਾ ਪੁਰਾਣਾ ਵਿਖੇ ਆਪਣੀ ਖੇਤੀਬਾੜੀ ਜ਼ਮੀਨ, ਇਸੇ ਕਸਬੇ ਵਿਚ ਇਕ ਦੁਕਾਨ, ਚੰਡੀਗੜ੍ਹ 'ਚ ਐਸ. ਸੀ. ਓ. ਤੇ ਲੁਧਿਆਣੇ ਵੈਸਟਐਂਡ ਮਾਲ ਦੇ ਸ਼ੋਅਰੂਮ ਤੋਂ 79 ਲੱਖ ਰੁਪਏ ਸਾਲਾਨਾ ਆਮਦਨ ਦੱਸੀ ਹੈ। ਗੁਰਦੇਵ ਸਿੰਘ ਘੁੰਮਣ ਨੇ ਆਪਣੀਆਂ ਖੇਤੀਬਾੜੀ ਵਾਲੀਆਂ ਜ਼ਮੀਨਾਂ ਤੋਂ 32 ਲੱਖ 60 ਹਜ਼ਾਰ ਰੁਪਏ ਸਾਲਾਨਾ ਆਮਦਨ ਦੀ ਸੂਚਨਾ ਦਿੱਤੀ ਹੈ। ਗਗਨਦੀਪ ਸਿੰਘ ਬਰਾੜ ਨੇ ਮੁਕਤਸਰ ਸਾਹਿਬ ਜ਼ਿਲ੍ਹੇ 'ਚ 25 ਏਕੜ ਜ਼ਮੀਨ ਅਤੇ ਅਜੀਤਨਗਰ (ਮੋਹਾਲੀ) ਵਿਖੇ ਵਪਾਰਕ ਜਾਇਦਾਦ ਤੋਂ 16 ਲੱਖ 68 ਹਜ਼ਾਰ ਰੁਪਏ ਸਾਲਾਨਾ, ਤੀਜੇ ਨੰਬਰ 'ਤੇ ਇਸੇ ਜ਼ਿਲ੍ਹੇ ਦੇ ਤੇਜਿੰਦਰ ਪਾਲ ਸਿੰਘ ਸਿੱਧੂ ਨੇ 31 ਏਕੜ ਖੇਤੀਬਾੜੀ ਵਾਲ਼ੀ ਜ਼ਮੀਨ ਤੇ ਚੰਡੀਗੜ੍ਹ ਵਿਖੇ ਵਪਾਰਕ ਜਾਇਦਾਦਾਂ ਤੋਂ 15 ਲੱਖ 65 ਹਜ਼ਾਰ ਰੁਪਏ ਸਾਲਾਨਾ ਕਿਰਾਏ ਦੀ ਆਮਦਨ ਦੱਸੀ ਹੈ। ਚੌਥੇ ਨੰਬਰ 'ਤੇ ਲੁਧਿਆਣੇ ਦੇ ਨਗਰ ਨਿਗਮ ਕਮਿਸ਼ਨਰ ਗੋਪਾਲ ਕ੍ਰਿਸ਼ਨ ਸਿੰਘ ਧਾਲੀਵਾਲ ਹਨ ਜਿਨ੍ਹਾਂ ਚੰਡੀਗੜ੍ਹ ਦੀਆਂ ਵਪਾਰਕ ਤੇ ਰਾਏਕੋਟ ਤਹਿਸੀਲ ਵਿਚ ਖੇਤੀਬਾੜੀ ਵਾਲੀ ਜ਼ਮੀਨ ਤੋਂ ਕੁੱਲ 12 ਲੱਖ ਰੁਪਏ ਸਾਲਾਨਾ ਤੋਂ ਵੱਧ ਕਿਰਾਏ ਦੀ ਆਮਦਨ ਆਪਣੀ ਰਿਟਰਨ ਵਿਚ ਦੱਸੀ ਹੈ।



ਪਰਮੇਸ਼ਰ ਸਿੰਘ 'ਬੇਰ ਕਲਾਂ)
+91-98141-74325

ਮੌਜੂਦਾ ਕੀਮਤਾਂ ਆਮ ਬਾਜ਼ਾਰੀ ਮੁੱਲ ਤੋਂ ਅੱਧੇ ਨਾਲੋਂ ਵੀ ਘੱਟ ਵਿਖਾਈਆਂ: ਅਰੁਨ ਗੋਇਲ ਨੇ ਨਵੀਂ ਦਿੱਲੀ ਦੇ ਦੁਆਰਕਾ ਸੈਕਟਰ 22 ਵਿਚ 2350 ਵਰਗ ਫੁੱਟ ਦੇ ਫਲੈਟ ਦੀ ਕੀਮਤ ਸਿਰਫ਼ 60 ਲੱਖ, ਚੰਡੀਗੜ੍ਹ ਦੇ ਸੈਕਟਰ 49 ਵਿਚਲ਼ੇ ਫਲੈਟ ਦੀ ਕੀਮਤ 40 ਲੱਖ ਜਦਕਿ ਮੁੱਲਾਂਪੁਰ ਨਿਊ ਚੰਡੀਗੜ੍ਹ ਇਲਾਕੇ ਦੀ ਆਈ. ਏ. ਐਸ. ਸੁਸਾਇਟੀ ਵਿਖੇ 822 ਵਰਗ ਗਜ ਦੇ ਪਲਾਟ ਦੀ ਬਾਜ਼ਾਰੀ ਕੀਮਤ ਸਿਰਫ਼ 50 ਲੱਖ ਰੁਪਏ ਦੱਸੀ ਹੈ। ਸ੍ਰੀਮਤੀ ਕਲਪਨਾ ਮਿੱਤਲ ਬਰੂਆ ਨੇ ਵੀ ਇਸ ਸੁਸਾਇਟੀ ਦੇ 822 ਵਰਗ ਦੇ ਪਲਾਟ ਦੀ ਕੀਮਤ 58 ਲੱਖ ਰੁਪਏ ਜਦਕਿ ਡੀ. ਪੀ. ਰੈਡੀ ਵੱਲੋਂ ਇਸੇ ਜਗ੍ਹਾ ਏਨੇ ਹੀ ਰਕਬੇ ਦੇ ਪਲਾਟ ਦੀ ਮੌਜੂਦਾ ਕੀਮਤ 100 ਲੱਖ ਭਾਵ ਇਕ ਕਰੋੜ ਦੱਸੀ ਗਈ ਹੈ ਅਤੇ ਪ੍ਰੀਤਦੇਵ ਸਿੰਘ ਸ਼ੇਰਗਿੱਲ ਨੇ ਕਲੈਕਟਰ ਰੇਟ 13000 ਰੁਪਏ ਪ੍ਰਤੀ ਵਰਗ ਗਜ ਹੋਣ ਦਾ ਹਵਾਲਾ ਦੇ ਕੇ ਇਕ ਕਰੋੜ 6 ਲੱਖ 86 ਹਜ਼ਾਰ ਰੁਪਏ ਕੀਮਤ ਦੱਸੀ ਹੈ। ਲੁਧਿਆਣੇ ਵਧੀਕ ਡਿਪਟੀ ਕਮਿਸ਼ਨਰ ਰਹੇ ਆਂਧਰਾ ਪ੍ਰਦੇਸ਼ ਦੇ ਅਰਬੰਦੀ ਵੇਨੂੰ ਪ੍ਰਸ਼ਾਦ ਨੇ ਲੁਧਿਆਣੇ ਦੀਆਂ ਦੋ ਪੌਸ਼ ਕਲੋਨੀਆਂ ਵਿਚੋਂ ਬਾੜੇਵਾਲ ਵਿਖੇ 522 ਦਾ ਪਲਾਟ ਸਿਰਫ਼ 4 ਲੱਖ 95 ਹਜ਼ਾਰ ਰੁਪਏ ਵਿਚ ਜਦਕਿ ਬਸੰਤ ਸਿਟੀ ਪੱਖੋਵਾਲ ਰੋਡ ਵਿਖੇ 600 ਵਰਗ ਦਾ ਪਲਾਟ 4 ਲੱਖ 80 ਹਜ਼ਾਰ ਰੁਪਏ 'ਚ ਖਰੀਦਿਆ ਵਿਖਾਇਆ ਹੈ। ਜਦੋਂ ਕਿ ਅਸਲ ਵਿਚ ਉਦੋਂ ਇਨ੍ਹਾਂ ਪਲਾਟਾਂ ਦੀ ਕੀਮਤ ਇਸਤੋਂ ਚਾਰ ਗੁਣਾ ਵੱਧ ਸੀ। ਇਕ ਪਾਸੇ ਆਪਣੀਆਂ ਗਰਜਾਂ ਪੂਰੀਆਂ ਕਰਨ ਲਈ ਚੁੱਕੇ ਕਰਜ਼ੇ ਨਾ ਮੋੜ ਸਕਣ ਤੇ ਪੀੜ੍ਹੀ ਦਰ ਪੀੜ੍ਹੀ ਘਟਦੇ ਸਿਆੜਾਂ ਕਾਰਨ ਆਏ ਦਿਨ ਅਨੇਕਾਂ ਕਿਸਾਨ ਮੌਤ ਦੇ ਮੂੰਹ ਪੈ ਰਹੇ ਨੇ ਪਰ ਦੂਜੇ ਪਾਸੇ ਕਥਿਤ ਭ੍ਰਿਸ਼ਟਾਚਾਰ ਤੇ ਹੋਰ ਢੰਗ ਤਰੀਕਿਆਂ ਰਾਹੀਂ ਕਰੋੜਾਂ ਰੁਪਏ ਕਮਾਉਣ ਲਈ ਬਦਨਾਮ ਸਾਡੇ ਉਚ ਪ੍ਰਸ਼ਾਸਨ ਅਧਿਕਾਰੀਆਂ ਵਿਚੋਂ ਬਹੁਤੇ ਆਪਣੇ ਆਪ ਨੂੰ ਬੈਂਕਾਂ ਤੇ ਪਰਿਵਾਰਕ ਮੈਂਬਰਾਂ ਦੇ ਕਰਜ਼ਦਾਰ ਦੱਸ ਕੇ ਸਰਕਾਰਾਂ ਤੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਦਾ ਯਤਨ ਕਰ ਰਹੇ ਨੇ।

ਸਾਲਾਨਾ ਪ੍ਰਾਪਰਟੀ ਰਿਟਰਨਾਂ ਦੀ ਘੋਖ ਪੜਤਾਲ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਪੰਜਾਬ ਦੇ ਲਗਪਗ 80 ਫੀਸਦੀ ਆਈ. ਏ. ਐਸ. ਅਧਿਕਾਰੀਆਂ ਨੇ ਆਪਣੇ ਪਰਿਵਾਰ ਲਈ ਕਰੋੜਾਂ ਰੁਪਏ ਮੁੱਲ ਦੀਆਂ ਆਲੀਸ਼ਾਨ ਜਾਇਦਾਦਾਂ ਖਰੀਦਣ ਲਈ ਕਰਜ਼ੇ ਲਏ ਹੋਏ ਦੱਸੇ ਹਨ।


ਇਨ੍ਹਾਂ ਅਧਿਕਾਰੀਆਂ ਵਿਚ ਲੰਮਾਂ ਸਮਾਂ ਲੁਧਿਆਣੇ ਤਾਇਨਾਤ ਰਹੇ ਮਾਲਵਿੰਦਰ ਸਿੰਘ ਜੱਗੀ ਦੇ ਸਿਰ ਕਰਜ਼ੇ ਦੀ ਪੰਡ ਸਭ ਤੋਂ ਭਾਰੀ ਹੈ ਜਿਨ੍ਹਾਂ ਨੇ ਮਾਡਲ ਟਾਊਨ ਲੁਧਿਆਣੇ ਵਿਖੇ ਭੋਗਲ ਪਰਿਵਾਰ ਤੋਂ ਕੋਠੀ ਨੰਬਰ 580/1 ਖਰੀਦਣ ਲਈ ਭਾਰਤੀ ਸਟੇਟ ਬੈਂਕ ਫੁਆਰਾ ਚੌਂਕ ਤੋਂ 70 ਲੱਖ ਰੁਪਏ ਕਰਜ਼ਾ ਲਿਆ ਹੋਣ ਦੀ ਸੂਚਨਾ ਸਰਕਾਰ ਨੂੰ ਦਿੱਤੀ ਹੈ। ਦੂਜੇ ਨੰਬਰ 'ਤੇ ਸ੍ਰੀਮਤੀ ਰੁਪੰਜਲੀ ਕਾਰਤਿਕ ਹੈ ਜਿਸ ਨੇ ਆਪਣੇ ਸਿਰ 48 ਲੱਖ ਰੁਪਏ ਕਰਜ਼ਾ ਹੋਣ ਬਾਰੇ ਦੱਸਿਆ ਹੈ। ਸਿੱਖਿਆ ਸਕੱਤਰ ਛਬੀਲੇਂਦਰਾ ਰਾਊਲ (ਸੀ. ਰਾਊਲ) ਵੱਲੋਂ ਐਚ. ਡੀ. ਐਫ਼. ਸੀ. ਬੈਂਕ ਪਾਸੋਂ 5 ਲੱਖ ਰੁਪਏ ਜਦਕਿ ਸੈਕਟਰ 48 ਗੁੜਗਾਓਂ ਦੀ ਪੌਸ਼ ਕਲੋਨੀ ਵਿਪੁਲ ਵਰਲਡ ਵਿਖੇ ਪਰਿਵਾਰ ਲਈ ਬਣਾਏ ਆਲੀਸ਼ਾਨ ਬੰਗਲੇ ਲਈ 28 ਲੱਖ ਰੁਪਏ ਕਰਜ਼ਾ ਕਾਰਪੋਰੇਸ਼ਨ ਬੈਂਕ ਤੋਂ ਲਿਆ ਹੋਇਆ ਦੱਸਿਆ ਹੈ।

ਸ੍ਰੀ ਰਾਊਲ ਦੇ ਇਸ ਪਰਿਵਾਰਕ ਬੰਗਲੇ ਦੀ ਅਸਲ ਕੀਮਤ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲਾਇਆ ਜਾ ਸਕਦੈ ਕਿ ਉਨ੍ਹਾਂ ਆਪਣੇ ਅਤੇ ਪਤਨੀ ਦੇ ਇਸ ਜਾਇਦਾਦ 'ਚ ਬਣਦੇ ਤੀਜੇ ਹਿੱਸੇ ਵਜੋਂ 37 ਲੱਖ ਰੁਪਏ ਪਲਾਟ ਦੀ ਕੀਮਤ ਜਦਕਿ 65 ਲੱਖ ਰੁਪਏ ਉਸਾਰੀ ਖਰਚੇ ਵਜੋਂ ਵਿਖਾਏ ਹਨ। ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨਾਲ ਵਿਵਾਦ ਕਾਰਨ ਚਰਚਾ 'ਚ ਰਹੇ ਤੇ ਈਮਾਨਦਾਰ ਮੰਨੇ ਜਾਂਦੇ ਅਧਿਕਾਰੀ ਕ੍ਰਿਸ਼ਨ ਕੁਮਾਰ ਨੇ ਵੀ ਨਿਊ ਚੰਡੀਗੜ੍ਹ ਮੁੱਲਾਂਪੁਰ ਅਤੇ ਸੈਕਟਰ 104 ਗੁੜਗਾਓਂ ਦੀ ਗੋਦਰੇਜ ਕਲੋਨੀ ਵਿਖੇ ਫਲੈਟ ਖਰੀਦਣ ਲਈ ਵੱਖ ਵੱਖ ਬੈਂਕਾਂ ਤੋਂ 30 ਲੱਖ ਰੁਪਏ ਤੋਂ ਵੱਧ ਦਾ ਕਰਜ਼ਾ ਲੈ ਰੱਖਿਐ। ਅਨੁਗ੍ਰਹਿ ਪ੍ਰਸਾਦ ਸਿਨਹਾ ਨੇ 25 ਲੱਖ, ਸ੍ਰੀਮਤੀ ਰਿਤੂ ਅਗਰਵਾਲ 21 ਲੱਖ, ਜਸਪਾਲ ਸਿੰਘ 21 ਲੱਖ, ਸਰਵਜੀਤ ਸਿੰਘ 17.50 ਲੱਖ, ਅਮਿਤ ਕੁਮਾਰ 10 ਲੱਖ ਰੁਪਏ, ਤਨੂੰ ਕਸ਼ਯਪ 10 ਲੱਖ, ਚੰਡੀਗੜ੍ਹ ਨਗਰ ਨਿਗਮ ਦੇ ਕਮਿਸ਼ਨਰ ਵਿਵੇਕ ਪ੍ਰਤਾਪ ਸਿੰਘ 12 ਲੱਖ 39 ਹਜ਼ਾਰ ਕਰਜ਼ਾ ਲੈ ਰੱਖਿਐ। ਪਰਿਵਾਰਕ ਮੈਂਬਰਾਂ ਤੋਂ ਵੀ ਲਏ ਕਰਜ਼ੇ: ਅਧਿਕਾਰੀਆਂ ਨੇ ਇਹ ਜਾਇਦਾਦਾਂ ਖਰੀਦਣ ਲਈ ਆਪਣੇ ਪਰਿਵਾਰਕ ਮੈਂਬਰਾਂ ਪਾਸੋਂ ਵੀ ਕਰਜ਼ੇ ਚੁੱਕੇ ਹੋਏ ਵਿਖਾਏ ਹਨ।

ਜਿਵੇਂ ਕਿ ਅੰਜਲੀ ਭਾਵੜਾ ਨੇ ਆਪਣੇ ਭਰਾ ਤੋਂ 13 ਲੱਖ ਅਤੇ ਅਨੀਰੁਧ ਤਿਵਾੜੀ ਨੇ ਆਪਣੀ ਮਾਤਾ ਤੋਂ ਬਿਨਾ ਵਿਆਜ਼ ਦੇ 5 ਲੱਖ ਦਾ ਕਰਜ਼ਾ ਲਿਆ ਹੋਇਆ ਵਿਖਾਇਆ ਹੈ। ਸ੍ਰੀਮਤੀ ਰਾਜੀ ਸ੍ਰੀਵਾਸਤਵਾ ਨੇ ਵੀ ਆਪਣੇ ਸਵਰਗੀ ਪਿਤਾ, ਪਤੀ ਅਤੇ ਮਾਂ ਤੋਂ ਅਤੇ ਪ੍ਰੀਤਦੇਵ ਸਿੰਘ ਸ਼ੇਰਗਿੱਲ ਨੇ ਆਪਣੇ ਪਿਤਾ, ਪੁੱਤਰੀ ਅਤੇ ਦੋਸਤਾਂ ਤੋਂ ਬਿਨਾ ਵਿਆਜ ਉਧਾਰ ਲਿਆ ਦੱਸਿਆ ਹੈ।

ਦਿਲਚਸਪ ਗੱਲ ਇਹ ਐ ਕਿ ਇਨ੍ਹਾਂ ਅਧਿਕਾਰੀਆਂ ਨੇ ਇਹ ਸਾਰੇ ਕਰਜ਼ੇ ਨੋਇਡਾ, ਗੁੜਗਾਓਂ, ਚੰਡੀਗੜ੍ਹ ਤੇ ਅਜੀਤ ਨਗਰ ਵਿਖੇ ਆਲੀਸਾਨ ਜਾਇਦਾਦਾਂ ਖਰੀਦਣ ਲਈ ਲਏ ਹਨ।

# ਸੋਹਣ ਸਹਿਜਲ ਦੁਆਰਾ 'ਥਾਟਸ ਆਫ ਡਾ. ਬਾਬਾ ਸਾਹਿਬ ਅੰਬੇਦਕਰ' ਕਿਤਾਬ ਦਾ ਪੰਜਾਬੀ ਅਨੁਵਾਦ




**(ਦੂਜੀ ਕਿਸਤ)**

### 5. ਸੱਭਿਅਤਾ

"ਸੱਭਿਅਤਾ, ਕੋਈ ਆਸਾਨ ਚੀਜ਼ ਨਹੀਂ ਹੈ। ਇਸ ਦਾ ਬਹੁਤ ਮਹੱਤਵ ਹੁੰਦਾ ਹੈ। ਇੱਕ ਪੀੜ੍ਹੀ ਲਈ ਹੀ ਨਹੀਂ ਅਗਲੀਆਂ ਨਸਲਾਂ ਤੱਕ ਦੀ ਇੱਕ ਪੀੜ੍ਹੀ ਦੀ ਸੱਭਿਅਤਾ, ਵਿਰਾਸਤ ਵਜੋਂ ਹੀ, ਦੂਜੀ ਪੀੜ੍ਹੀ ਦਾ ਸਰਮਾਇਆ ਬਣ ਜਾਂਦੀ ਹੈ। ਇਹ ਸਮਾਜਿਕ ਅਮੀਰੀ ਹਰ ਪੀੜ੍ਹੀ ਲਈ ਅਤਿਅੰਤ ਜ਼ਰੂਰੀ ਹੈ। ਜੇ ਇਹ ਸਮਾਜਿਕ ਵਿਰਾਸਤ ਖਤਮ ਹੋ ਜਾਂਦੀ ਹੈ ਤਾਂ ਸਾਰੀ ਉਨਤੀ ਖਤਮ ਹੋ ਜਾਵੇਗੀ।"

### 6. ਅਹਿੰਸਾ

"ਬੁਰਾਈ ਦੀ ਜੜ੍ਹ ਤਾਕਤ ਦੀ ਵਰਤੋਂ ਵਿੱਚ ਨਹੀਂ, ਜਿੱਤ ਦੀ ਦੁਰਵਰਤੋਂ ਵਿੱਚ ਹੈ।"

### ਅਹਿੰਸਾ ਸਿਧਾਂਤ ਦਾ ਮੁੱਖ ਤੱਤ

"ਅਹਿੰਸਾ ਦਾ ਸਿਧਾਂਤ ਮੈਨੂੰ ਚੰਗਾ ਲਗਦਾ ਹੈ ਪਰੰਤੂ ਅਹਿੰਸਾ ਅਤੇ ਘਟੀਆ ਤਰੀਕੇ ਨਾਲ ਹਾਰ ਮੰਨ ਲੈਣ ਵਿੱਚ ਫਰਕ ਹੈ। ਮੈਂ ਵਲੰਟੀਅਰਾਂ ਨੂੰ ਦੱਸਿਆ ਕਿ ਮਨੁੱਖ ਨੂੰ ਇਹ ਸ਼ੋਭਾ ਨਹੀਂ ਦਿੰਦਾ ਕਿ ਉਹ ਹਾਰ, ਗ਼ੁਲਾਮੀ ਅਤੇ ਮਜ਼ਬੂਰੀ ਦਾ ਜੀਵਨ ਜੀਵੇ। ਮੈਂ ਸੰਤ ਤੁੱਕਾ ਰਾਮ ਨਾਲ ਸਹਿਮਤ ਹਾਂ ਜੋ ਕਹਿੰਦੇ ਹਨ, ਦੁਸ਼ਟ ਦਾ ਨਾਸ ਕਰਨਾ ਵੀ ਇਕ ਪ੍ਰਕਾਰ ਦੀ ਅਹਿੰਸਾ ਹੈ। ਭਾਵੇਂ ਸਭ ਜੀਵਾਂ ਪ੍ਰਤੀ ਪਿਆਰ ਅਤੇ ਦਇਆ ਅਹਿੰਸਾ ਦੇ ਅਸੂਲ ਦਾ ਇਕ ਹਿੱਸਾ ਹੈ ਪਰੰਤੂ ਬੁਰਾਈ ਕਰਨ ਵਾਲਿਆਂ ਦਾ ਖਾਤਮਾ ਵੀ ਇਸ ਦਾ ਮੁੱਖ ਹਿੱਸਾ ਹੋਣਾ ਚਾਹੀਦਾ ਹੈ। ਇਸ ਤੋਂ ਬਿਨਾਂ ਅਹਿੰਸਾ ਇੱਕ ਖਾਲੀ ਖੋਲ ਹੈ, ਨਿਰਾ ਉਪਦੇਸ਼ ਹੈ। ਸ਼ਕਤੀ ਅਤੇ ਸ਼ੀਲ (ਚਰਿੱਤਰ) ਉਨ੍ਹਾਂ ਦਾ ਆਦਰਸ਼ ਹੋਣਾ ਚਾਹੀਦਾ ਹੈ।"

"ਮੈਂ ਖੁਦ ਅਹਿੰਸਾ ਵਿੱਚ ਵਿਸ਼ਵਾਸ ਰੱਖਦਾ ਹਾਂ। ਪਰੰਤੂ ਅਹਿੰਸਾ ਅਤੇ ਬੇਚਾਰਗੀ ਜਾਂ ਨਿਮਾਣਾ ਹੋਣ ਵਿੱਚ ਫ਼ਰਕ ਹੈ। ਨਿਮਾਣਾਪਣ ਕਮਜ਼ੋਰੀ ਹੈ ਅਤੇ ਨਿਮਾਣੇ ਬਣੇ ਰਹਿਣਾ, ਕੋਈ ਗੁਣ ਨਹੀਂ।"

"ਹਿੰਸਕ ਤਾਕਤਾਂ ਅੱਗੇ ਗੋਡੇ ਟੇਕ ਕੇ ਪ੍ਰਾਪਤ ਕੀਤੀ ਸ਼ਾਂਤੀ, ਸ਼ਾਂਤੀ ਨਹੀਂ ਹੁੰਦੀ, ਇਹ ਤਾਂ ਆਤਮ ਹੱਤਿਆ ਹੈ, ਯੋਗ ਮਨੁੱਖੀ ਜੀਵਨ ਲਈ ਸਭ ਚੰਗੇ ਅਤੇ ਜ਼ਰੂਰੀ ਨੂੰ ਕੁਰਬਾਨ ਕਰਨ ਵਾਲੀ ਗੱਲ ਹੈ। ਜ਼ੁਲਮ ਤਸ਼ੱਦਦ ਕਰਨ ਵਾਲੀਆਂ ਤਾਕਤਾਂ ਅੱਗੇ ਹਾਰ ਮੰਨਣ ਵਾਂਗ ਹੈ। ਜੰਗ ਏਨੇ ਨਾਲ ਹੀ ਖਤਮ ਨਹੀਂ ਹੋ ਜਾਂਦੀ ਕਿ ਹਮਲਾ ਹੋਣ ਦੀ ਸੂਰਤ ਵਿੱਚ ਤੁਸੀਂ, ਲੜਨ ਤੋਂ ਇਨਕਾਰ ਕਰ ਦਿੰਦੇ ਹੋ। ਜੰਗ ਖਤਮ ਕਰਨ ਲਈ ਜੰਗ ਜਿੱਤਣੀ ਜ਼ਰੂਰੀ ਹੈ ਤਾਂ ਹੀ ਤੁਸੀਂ ਸਹੀ ਅਮਲ ਬਹਾਲ ਕਰ ਸਕਦੇ ਹੋ।"

### ਪੱਤਰਕਾਰਤਾ ਅਤੇ ਭਾਰਤੀ ਪਰੈੱਸ

ਪੱਤਰਕਾਰਤਾ ਹੁਣ ਵਿਉਪਾਰ ਬਣ ਗਈ ਹੈ।

"ਕਿਸੇ ਸਮੇਂ ਪੱਤਰਕਾਰਤਾ, ਇੱਕ ਕਿੱਤਾ ਸੀ ਹੁਣ ਇਹ ਵਿਉਪਾਰ ਬਣ ਗਈ ਹੈ, ਇਸ ਵਿੱਚ ਨੈਤਿਕ ਜ਼ਿੰਮੇਵਾਰੀ ਵਰਗਾ ਕੁਛ ਨਹੀਂ ਰਿਹਾ। ਹੁਣ ਇਹ ਆਪਣੇ ਆਪ ਨੂੰ ਲੋਕਾਂ ਦੀ ਇੱਕ ਜ਼ਿੰਮੇਵਾਰ ਸਲਾਹਕਾਰ ਨਹੀਂ ਮੰਨਦੀ ਬਿਨ੍ਹਾਂ ਕਿਸੇ ਸਵਾਰਥ ਤੋਂ ਸਹੀ ਸਹੀ ਖ਼ਬਰਾਂ ਪੇਸ਼ ਕਰਨਾ, ਸਮਾਜ ਹਿੱਤ ਵਿੱਚ ਲੋਕਾਂ ਦੀ ਰਾਇ ਨੂੰ ਪ੍ਰਸਤੁਤ ਕਰਨਾ, ਬਿਨਾਂ ਕਿਸੇ ਡਰ ਖ਼ੌਫ਼ ਦੇ, ਭਾਵੇਂ ਉਹ ਕਿੰਨੇ ਵੀ ਸ਼ਕਤੀਸ਼ਾਲੀ ਹੋਣ, ਜੋ ਗ਼ਲਤ ਰਸਤੇ ਚੱਲ ਰਹੇ ਹੋਣ, ਉਨ੍ਹਾਂ ਨੂੰ ਠੀਕ ਕਰਨਾ, ਹੁਣ ਭਾਰਤ ਦੀ ਪੱਤਰਕਾਰੀ ਦੁਆਰਾ ਆਪਣਾ ਪਰਮ ਫਰਜ਼ ਨਹੀਂ ਸਮਝਿਆ ਜਾਂਦਾ, ਨਾਇਕ ਪੂਜਾ ਹੀ ਮੁੱਖ ਫਰਜ਼ ਹੋ ਗਿਆ ਹੈ। ਇਸ ਤਹਿਤ ਹੀ ਖ਼ਬਰਾਂ ਨੂੰ ਰੰਗ ਚਾੜ੍ਹਿਆ ਜਾਂਦਾ ਹੈ। ਲਾਰਡ ਸੇਲਿਸਬਰੀ ਨੇ ਨਾਰਥਕਿਲਫ ਪੱਤਰਕਾਰਤਾ ਬਾਰੇ ਕਿਹਾ ਹੈ ਕਿ ਇਹ ਤਾਂ ਦਫ਼ਤਰੀ ਲੜਕਿਆਂ ਦਾ ਦਫ਼ਤਰੀ ਲੜਕਿਆਂ ਲਈ ਲੇਖਨ ਬਣ ਗਿਆ ਹੈ। ਭਾਰਤੀ ਪੱਤਰਕਾਰਤਾ ਇਸ ਤੋਂ ਵੀ ਦੋ ਕਦਮ ਅੱਗੇ ਹੈ। ਢੰਡੋਰਚੀ, ਆਪਣੇ ਨਾਇਕਾਂ ਦਾ ਢੰਡੋਰਾ ਪਿੱਟਦੇ ਹਨ, ਨਾਇਕ-ਪੂਜਾ ਦੇ ਪ੍ਰਚਾਰ ਲਈ ਦੇਸ਼ ਹਿਤਾਂ ਦੀ ਕੁਰਬਾਨੀ ਏਨੀ ਬੇਸਮਝੀ ਨਾਲ ਕਦੇ ਨਹੀਂ ਦਿੱਤੀ ਗਈ। ਨਾਇਕ-ਪੂਜਾ ਲਈ ਏਨੀ ਅੰਨ੍ਹੀ ਭਗਤੀ ਪਹਿਲਾਂ ਕਦੇ ਨਹੀਂ ਦੇਖੀ ਗਈ ਜਿੰਨੀ ਅਸੀਂ ਅੱਜ ਭਾਰਤ ਵਿੱਚ ਦੇਖ ਰਹੇ ਹਾਂ।" "ਅਜੋਕੀ ਲੋਕਤੰਤਰੀ ਵਿਵਸਥਾ ਵਿੱਚ ਇੱਕ ਅਖ਼ਬਾਰ, ਚੰਗੀ ਸਰਕਾਰ ਦਾ ਮੂਲ ਆਧਾਰ ਹੈ, ਲੋਕਾਂ ਨੂੰ ਸਿੱਖਿਅਤ ਕਰਨ ਦਾ ਇੱਕ ਸਾਧਨ ਹੈ।"

ਸਾਡੇ ਵਿਚਾਰਾਂ ਨੂੰ ਯੋਜਨਾਬੱਧ ਤਰੀਕੇ ਨਾਲ ਦਬਾਇਆ ਜਾਂਦਾ ਹੈ। "ਸਾਡੀ ਕੋਈ ਪਰੈਸ ਨਹੀਂ ਹੈ। ਪੂਰੇ ਦੇਸ਼ ਅੰਦਰ ਸਾਡੇ ਲੋਕਾਂ ਨੂੰ ਰੋਜ਼ਾਨਾ ਭਾਰੀ ਜ਼ੁਲਮ ਤਸ਼ੱਦਦ ਸਹਿਣਾ ਪੈਂਦਾ ਹੈ ਪਰੰਤੂ ਪਰੈੱਸ ਇਨ੍ਹਾਂ ਬਾਰੇ ਖ਼ਬਰਾਂ ਨਹੀਂ ਲਾਉਂਦੀ। ਪਰੈੱਸ, ਬਕਾਇਦਾ ਇੱਕ ਸਾਜਿਸ਼ ਅਧੀਨ, ਸਮਾਜਿਕ ਅਤੇ ਰਾਜਨੀਤਕ ਪ੍ਰਸ਼ਨਾਂ ਬਾਰੇ ਸਾਡੇ ਵਿਚਾਰਾਂ ਨੂੰ ਦਬਾਉਂਦੀ ਹੈ।"

"ਭਾਰਤ ਵਿੱਚ 'ਐਸੋਸੀਏਟਿਡ ਪਰੈੱਸ ਖ਼ਬਰਾਂ ਦੀ ਮੁੱਖ ਏਜੰਸੀ ਹੈ। ਇਸ ਉੱਤੇ ਪੂਰੀ ਤਰ੍ਹਾਂ ਮਦਰਾਸ ਦੇ ਬ੍ਰਾਹਮਣ ਕਾਬਜ਼ ਹਨ। ਅਸਲ ਵਿੱਚ ਭਾਰਤ ਦੀ ਸਾਰੀ ਪਰੈੱਸ, ਉਨ੍ਹਾਂ ਦੇ ਕਬਜ਼ੇ ਵਿੱਚ ਹੈ। ਸਪਸ਼ਟ ਕਾਰਨਾਂ ਕਰਕੇ ਉਹ ਕਾਂਗਰਸ ਪੱਖੀ ਹਨ। ਕਾਂਗਰਸ ਖਿਲਾਫ਼ ਕੋਈ ਖ਼ਬਰ ਨਹੀਂ ਛਾਪੀ ਜਾਂਦੀ।"

"ਮੈਨੂੰ ਨਹੀਂ ਪਤਾ, ਦੇਸ਼ ਦੀਆਂ ਅਖ਼ਬਾਰਾਂ ਮੇਰੇ ਭਾਸ਼ਣ ਨੂੰ ਕਿਸ ਢੰਗ ਨਾਲ ਪੇਸ਼ ਕਰਨਗੀਆਂ। ਮੈਂ ਪ੍ਰਚਾਰ ਦੀ ਬਹੁਤੀ ਪ੍ਰਵਾਹ ਨਹੀਂ ਕਰਦਾ ਪਰ ਅਖ਼ਬਾਰਾਂ ਵਾਲੇ ਪਿਛਲੇ ਕਈ ਵਰ੍ਹਿਆਂ ਤੋਂ ਮੇਰੇ ਪਿੱਛੇ ਪਏ ਹੋਏ ਹਨ। ਮੈਨੂੰ ਖ਼ੂਬ ਬਦਨਾਮ ਕੀਤਾ ਹੈ। ਮੇਰੇ ਵਿਚਾਰਾਂ ਨੂੰ ਤਰੋੜ ਮਰੋੜ ਕੇ ਪੇਸ਼ ਕਰਦੇ ਹਨ ਮੇਰੇ ਭਾਸ਼ਣਾਂ ਨੂੰ ਭੰਨ ਤੋੜ ਕੇ ਛਾਪਿਆ ਹੈ। ਮੈਂ ਚਾਹੁੰਦਾ ਹਾਂ ਕਿ ਇਹ ਅਖ਼ਬਾਰਾਂ ਵਾਲੇ ਸਿਆਣੇ ਬਣਨ, ਜ਼ਿੰਮੇਵਾਰੀ ਅਤੇ ਸੱਚਾਈ ਨਾਲ ਲਿਖਣ ਤਾਂ ਕਿ ਦੁਨੀਆਂ ਨੂੰ ਸੱਚ ਦਾ ਪਤਾ ਲੱਗੇ ਅਤੇ ਲੋਕ ਇਨ੍ਹਾਂ ਬਾਰੇ ਚੰਗਾ ਪ੍ਰਭਾਵ ਚੰਗੀ ਰਾਇ ਬਣਾਉਣ"
(15 ਅਕਤੂਬਰ 1956, ਨਾਗਪੁਰ )

### 8. ਭਾਰਤੀ ਮਰਦਮਸ਼ੁਮਾਰੀ

"ਭਾਰਤ ਦੀ ਮਰਦਮਸ਼ੁਮਾਰੀ ਕੁਛ ਦਹਾਕਿਆਂ ਤੋਂ ਜਨਮ ਮਰਨ ਦੇ ਵੇਰਵੇ ਸਹੀ ਢੰਗ ਨਾਲ ਦਰਸਾਉਣ ਤੋਂ ਅਸਮਰੱਥ ਰਹੀ ਹੈ। ਇਹ ਰਾਜਨੀਤਕ ਮੁੱਦਾ ਬਣ ਗਈ ਹੈ। ਜਾਪਦਾ ਹੈ, ਹਰ ਸਮੁਦਾਏ, ਕਿਸੇ ਹੋਰ ਸਮੁਦਾਏ ਦੀ ਕੀਮਤ ਤੇ ਆਪਣੇ ਆਪ ਨੂੰ ਬਨਾਵਟੀ ਢੰਗ ਤਰੀਕਿਆਂ ਨਾਲ ਵੱਧ ਤੋਂ ਵੱਧ ਗਿਣਤੀ ਵਿੱਚ ਦੱਸਣ ਦੇ ਯਤਨਾਂ ਵਿੱਚ ਲੱਗਾ ਹੋਇਆ ਹੈ ਤਾਂ ਕਿ ਵੱਧ ਤੋਂ ਵੱਧ ਰਾਜਨੀਤਕ ਸੱਤਾ 'ਤੇ ਕਾਬਜ਼ ਹੋ ਸਕੇ। ਬਾਕੀ ਸਾਰੇ ਸਮੁਦਾਏ ਆਪਣੇ ਲਾਲਚ ਦੀ ਪੂਰਤੀ ਲਈ ਸਮੁੱਚੇ ਤੌਰ ਤੇ ਅਨੁਸੂਚਿਤ ਜਾਤਾਂ ਨੂੰ ਸ਼ਿਕਾਰ ਬਣਾ ਰਹੇ ਹਨ। ਇਉਂ ਉਹ ਆਪਣੇ ਪ੍ਰਚਾਰਕਾਂ ਅਤੇ ਜਨ ਗਣਨਾ ਕਰਨ ਵਾਲਿਆਂ ਰਾਹੀਂ ਮਰਦਸ਼ੁਮਾਰੀ ਦੇ ਨਤੀਜਿਆਂ ਨੂੰ ਪ੍ਰਭਾਵਤ ਕਰ ਰਹੇ ਹਨ।"

"ਭਾਰਤੀ ਸਮਾਜਿਕ ਤਾਣੇ ਬਾਣੇ ਦੀ ਨੀਂਹ ਅਜੇ ਵੀ ਜਾਤ ਹੈ। ਜਾਤ ਦੇ ਵੇਰਵੇ ਅਜੇ ਵੀ ਸਮਾਜ ਦੀਆਂ ਵੱਖ ਵੱਖ ਸ਼੍ਰੇਣੀਆਂ ਵਿੱਚ ਤਬਦੀਲੀਆਂ ਜਾਨਣ ਲਈ ਸਭ ਤੋਂ ਭਰੋਸੇਮੰਦ ਅਗਵਾਈ ਦਿੰਦੇ ਹਨ। ਹਰ ਹਿੰਦੂ, ਜਾਤੀ ਵਿੱਚ ਪੈਦਾ ਹੁੰਦਾ ਹੈ। ਜਨਮ ਤੋਂ ਲੈ ਕੇ ਮਰਨ ਤੱਕ ਉਸ ਦੀ ਜਾਤ ਹੀ ਉਸ ਦੇ ਧਾਰਮਿਕ, ਸਮਾਜਿਕ, ਆਰਥਿਕ ਅਤੇ ਘਰੇਲੂ ਜੀਵਨ ਨੂੰ ਨਿਸ਼ਚਿਤ ਕਰਦੀ ਹੈ।"

"ਕੌਮੀ ਅਤੇ ਸਮਾਜਿਕ ਸੰਸਥਾ ਤੌਰ 'ਤੇ ਜਾਤ ਬਾਰੇ ਜੋ ਵੀ ਦ੍ਰਿਸ਼ਟੀਕੋਣ ਹੋਵੇ, ਇਸ ਨੂੰ ਨਜ਼ਰਅੰਦਾਜ਼ ਕਰਨਾ ਬੇਕਾਰ ਹੈ। ਜਦੋਂ ਤੱਕ ਜਾਤੀ ਮਨੁੱਖ ਦੀ ਸਰਕਾਰੀ ਅਤੇ ਸਮਾਜਿਕ ਪਛਾਣ ਦਾ ਇਕ ਪ੍ਰਮੁੱਖ ਲੱਛਣ ਰਹੇਗੀ, ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ 10 ਸਾਲਾਂ ਬਾਅਦ ਕੀਤੀ ਜਾਂਦੀ ਮਰਦਮਸ਼ੁਮਾਰੀ ਇਕ ਮਾੜੀ ਸੰਸਥਾ (ਜਾਤਪਾਤ) ਨੂੰ ਅਮਰ ਕਰਨ ਵਿੱਚ ਸਹਾਇਤਾ ਕਰਦੀ ਹੈ।"
(ਜਨਗਣਨਾ ਕਮਿਸ਼ਨਰ 1901 ਜਾਤੀ ਅਨੁਸਾਰ ਗਿਣਤੀ ਕਰਨ ਦੀ ਬਹਿਸ)

### 9. ਬੁੱਧੀਜੀਵੀ ਵਰਗ

ਦੇਸ਼ ਦਾ ਭਵਿੱਖ ਇਸ ਦੇ ਬੁੱਧੀਜੀਵੀ ਵਰਗ 'ਤੇ ਨਿਰਭਰ ਕਰਦਾ ਹੈ "ਹਰ ਮੁਲਕ ਵਿੱਚ ਬੁੱਧੀਜੀਵੀ ਵਰਗ ਸਭ ਤੋਂ ਪ੍ਰਭਾਵਸ਼ਾਲੀ ਵਰਗ ਹੁੰਦਾ ਹੈ। ਭਾਵੇ ਕਿ ਉਹ ਸ਼ਾਸਕ ਵਰਗ ਨਾ ਵੀ ਰਿਹਾ ਹੋਵੇ। ਇਹ ਦੂਰਦ੍ਰਿਸ਼ਟੀ ਵਾਲਾ ਵਰਗ ਹੁੰਦਾ ਹੈ। ਇਹ ਵਰਗ, ਸਲਾਹ ਦੇ ਸਕਦਾ ਹੈ, ਅਗਵਾਈ ਕਰ ਸਕਦਾ ਹੈ, ਕਿਸੇ ਵੀ ਦੇਸ਼ ਵਿੱਚ ਜ਼ਿਆਦਾਤਰ ਲੋਕ ਵਿਚਾਰਸ਼ੀਲ ਅਤੇ ਕਿਰਿਆਸ਼ੀਲ ਜੀਵਨ ਬਤੀਤ ਨਹੀਂ ਕਰਦੇ। ਇਹ ਲੋਕ ਅਕਸਰ ਬੁੱਧੀਜੀਵੀ ਵਰਗ ਦਾ ਰਾਹ ਦੇਖਦੇ ਹਨ। ਇਸ ਵਿੱਚ ਕੋਈ ਅੱਤਕਥਨੀ ਨਹੀਂ ਕਿ ਕਿਸੇ ਦੇਸ਼ ਦਾ ਮੁਕੰਮਲ ਭਵਿੱਖ, ਬੁੱਧੀਜੀਵੀ ਵਰਗ ਉੱਤੇ ਨਿਰਭਰ ਕਰਦਾ ਹੈ। ਜੇ ਬੁੱਧੀਜੀਵੀ ਵਰਗ ਈਮਾਨਦਾਰ, ਸੁਤੰਤਰ ਅਤੇ ਨਿਰਪੱਖ ਹੈ ਤਾਂ ਉਸ 'ਤੇ ਭਰੋਸਾ ਕੀਤਾ ਜਾ ਸਕਦਾ ਹੈ ਕਿ ਸੰਕਟ ਦੀ ਘੜੀ ਵਿੱਚ ਉਹ ਪਹਿਲ ਕਰੇਗਾ ਅਤੇ ਯੋਗ ਅਗਵਾਈ ਪ੍ਰਦਾਨ ਕਰੇਗਾ। ਇਹ ਠੀਕ ਹੈ ਕਿ ਸਿਆਣਪ ਸਮਝਦਾਰੀ, ਆਪਣੇ ਆਪ ਵਿੱਚ ਕੋਈ ਗੁਣ ਨਹੀਂ ਹੈ। ਇਹ ਕੇਵਲ ਸਾਧਨ ਹੈ ਅਤੇ ਸਾਧਨ ਦਾ ਪ੍ਰਯੋਗ ਉਸ ਟੀਚੇ ਜਾਂ ਨਿਸ਼ਾਨੇ 'ਤੇ ਨਿਰਭਰ ਕਰਦਾ ਹੈ ਜਿਸ ਨੂੰ ਇੱਕ ਬੁੱਧੀਜੀਵੀ ਵਿਅਕਤੀ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਬੁੱਧੀਜੀਵੀ ਵਿਅਕਤੀ ਇਕ ਨੇਕ ਮਨੁੱਖ ਹੋ ਸਕਦਾ ਹੈ ਪਰ ਉਹ ਸੌਖਿਆਂ ਹੀ ਦੁਸ਼ਟ ਵੀ ਹੋ ਸਕਦਾ ਹੈ। ਇਸੇ ਪ੍ਰਕਾਰ ਬੁੱਧੀਜੀਵੀ ਵਰਗ, ਉੱਚ ਵਿਚਾਰਾਂ ਵਾਲੇ ਵਿਅਕਤੀਆਂ ਦਾ ਇੱਕ ਦਲ ਵੀ ਹੋ ਸਕਦਾ ਹੈ ਜੋ ਮਦੱਦ ਕਰਨ ਲਈ ਤਿਆਰ ਰਹਿੰਦਾ ਹੈ, ਕੁਰਾਹੇ ਪਏ ਲੋਕਾਂ ਨੂੰ ਸਹੀ ਮਾਰਗ 'ਤੇ ਲਿਆਉਂਦਾ ਹੈ। ਸੌਖਿਆਂ ਹੀ ਸ਼ੈਤਾਨਾਂ ਦਾ ਇੱਕ ਗ੍ਰੋਹ, ਤੰਗ ਦਿਲ ਕੱਟੜ ਗੁੱਟ ਦੀ ਪੈਰਵੀ ਕਰਨ ਵਾਲਿਆਂ ਦਾ ਹੱਥਠੋਕਾ ਵੀ ਹੋ ਸਕਦਾ ਹੈ ਜਿੱਥੋਂ ਇਸ ਨੂੰ ਸਮਰਥਨ ਮਿਲਦਾ ਹੈ। ਤੁਹਾਨੂੰ ਇਹ ਜਾਣ ਕੇ ਦੁੱਖ ਹੋਵੇਗਾ ਕਿ ਭਾਰਤ ਵਿੱਚ ਇਹ ਬੁੱਧੀਜੀਵੀ ਵਰਗ, ਬ੍ਰਾਹਮਣ ਜਾਤ ਦਾ ਹੀ ਦੂਜਾ ਨਾਂ ਹੈ।"

"ਭਿਕਸ਼ੂ ਇੱਕ ਬੁੱਧੀਜੀਵੀ ਵਰਗ ਹਨ, ਦੂਜੇ ਪਾਸੇ ਬ੍ਰਾਹਮਣ ਕੇਵਲ ਸਿੱਖਿਅਤ ਵਰਗ ਹੈ ਬੌਧਿਕ ਵਰਗ ਅਤੇ ਸਿੱਖਿਅਤ ਵਰਗ ਵਿੱਚ ਬੜਾ ਅੰਤਰ ਹੁੰਦਾ ਹੈ। ਬੁੱਧੀਜੀਵੀ ਵਰਗ ਨੂੰ ਕਿਸੇ ਵਰਗ ਜਾਂ ਹਿੱਤ ਨਾਲ ਜੁੜਨ ਤੇ ਕੋਈ ਬੰਦਿਸ਼ਾਂ ਨਹੀਂ ਹੁੰਦੀਆਂ, ਦੂਜੇ ਪਾਸੇ ਪੜ੍ਹਿਆ ਲਿਖਿਆ ਵਰਗ ਕੋਈ ਬੌਧਿਕ ਵਰਗ ਨਹੀਂ ਹੁੰਦਾ ਹਾਲਾਂਕਿ ਉਸ ਵਿੱਚ ਤਰਕ ਕਰਨ, ਸੋਚਣ ਸਮਝਣ ਦੀ ਆਪਣੀ ਸ਼ਕਤੀ ਹੁੰਦੀ ਹੈ। ਇਸ ਦਾ ਕਾਰਨ ਹੈ ਸਿੱਖਿਅਤ ਵਰਗ ਦਾ ਨਜ਼ਰੀਆ ਅਤੇ ਨਵੀਂ ਵਿਚਾਰਧਾਰਾ ਪ੍ਰਤੀ ਉਸ ਦਾ ਰਵੱਈਆ, ਉਸ ਵਰਗ ਦੇ ਅਧੀਨ ਹੁੰਦਾ ਹੈ ਜਿਸ ਨਾਲ ਉਹ ਪਹਿਲਾਂ ਤੋਂ ਜੁੜਿਆ ਹੋਵੇ।"

### 10. ਜਨ ਸੰਖਿਆ ਕੰਟਰੋਲ

"ਭਾਵੇਂ ਇਹ ਵੀ ਮੰਨ ਸਕਦੇ ਹਾਂ ਕਿ ਸਵੈ ਸ਼ਾਸਨ, ਸਾਡੀ ਜਨਤਾ ਦੀ ਤਰੱਕੀ ਨੂੰ ਕੁੱਛ ਪ੍ਰਭਾਵਤ ਕਰ ਸਕਦਾ ਹੈ, ਪਰ ਸਾਡੀ ਆਰਥਿਕ ਸਥਿਤੀ ਵਿੱਚ ਕਿਸੇ ਵੀ ਪੱਕੇ ਅਤੇ ਚੋਖੇ ਸੁਧਾਰ ਦੀ ਆਸ ਤਦ ਤੱਕ ਨਹੀਂ ਕੀਤੀ ਜਾ ਸਕਦੀ ਜਦ ਤੱਕ ਜਨਸੰਖਿਆ ਵਾਧੇ ਨੂੰ ਸੋਚ ਸਮਝ ਕੇ (ਪੱਕੀ ਰਾਇ ਬਣਾ ਕੇ) ਕੰਟਰੋਲ ਨਹੀਂ ਕੀਤਾ ਜਾਂਦਾ। ਵਧਦੀ ਹੋਈ ਆਬਾਦੀ ਵਿਸ਼ੇਸ਼ ਕੋਸ਼ਿਸ਼ਾਂ ਨਾਲ ਕਮਾਏ ਲਾਭਾਂ ਨੂੰ ਬੇਅਰਥ ਕਰ ਦਿੰਦੀ ਹੈ। ਵਿਗਿਆਨਕਾਂ ਦੇ ਅਨੁਭਵ ਨੇ ਸਾਬਤ ਕੀਤਾ ਹੈ ਕਿ ਜਦੋਂ ਤੱਕ ਜਨਮ ਦਰ ਕੰਟਰੋਲ ਦੁਆਰਾ ਆਬਾਦੀ ਨੂੰ ਸੀਮਤ ਕਰਨ ਦੇ ਉਪਾਵਾਂ ਦੇ ਨਾਲ ਨਾਲ ਆਰਥਿਕ ਸਥਿਤੀ ਸੁਧਾਰ ਦੇ ਯਤਨ ਨਹੀਂ ਕੀਤੇ ਜਾਂਦੇ, ਤਦ ਤੱਕ ਲੋਕਾਂ ਦੇ ਜੀਵਨ ਪੱਧਰ ਵਿੱਚ ਕੋਈ ਸਥਾਈ ਅਤੇ ਅਸਲ ਤਰੱਕੀ ਨਹੀਂ ਹੋ ਸਕਦੀ।"
(ਬੰਬਈ ਅਸੈਂਬਲੀ 1938)

### 11 ਸਿੱਖਿਆ

#### ਉਦੇਸ਼

"ਸਿੱਖਿਆ ਦਾ ਕੰਮ ਹੈ ਲੋਕਾਂ ਨੂੰ ਨੈਤਿਕਤਾ ਸਿਖਾਉਂਣਾ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਰਹਿਣ ਯੋਗ ਬਣਾਉਂਣਾ।"

#### ਯੂਨੀਵਰਸਿਟੀ ਸਿੱਖਿਆ ਦਾ ਨਿਸ਼ਾਨਾ ਅਤੇ ਕੰਮ

"... ਯੂਨੀਵਰਸਿਟੀ ਪੱਧਰ ਦੀ ਸਿੱਖਿਆ ਦਾ ਉਦੇਸ਼ ਅਤੇ ਕਾਰਜ ਐਸੇ ਹੋਣੇ ਚਾਹੀਦੇ ਹਨ ਕਿ ਏਥੇ ਦਿੱਤੀ ਜਾਣ ਵਾਲੀ ਸਿੱਖਿਆ, ਬਾਲਗਾਂ ਦੇ ਯੋਗ ਹੋਵੇ, ਉਨ੍ਹਾਂ ਲਈ ਲਾਹੇਵੰਦ ਹੋਵੇ। ਆਪਣੇ ਸੁਭਾਅ ਵਿੱਚ ਵਿਗਿਆਨਕ, ਨਿਸ਼ਕਾਮ ਅਤੇ ਨਿਰਪੱਖ ਹੋਵੇ। ਇਸ ਦਾ ਨਿਸ਼ਾਨਾਂ ਵਿਦਿਆਰਥੀ ਦੇ ਦਿਮਾਗ ਨੂੰ ਤੱਥਾਂ ਅੰਕੜਿਆਂ ਸਿਧਾਂਤਾਂ ਨਾਲ ਭਰਨਾ ਹੀ ਨਾ ਹੋਵੇ ਬਲਕਿ ਉਸ ਦੀ ਸਖਸ਼ੀਅਤ ਅਤੇ ਮਾਨਸਿਕ ਸਥਿਤੀ ਨੂੰ ਮਜ਼ਬੂਤ ਕਰਨ ਵਾਲੀ ਹੋਵੇ। ਉਸ ਨੂੰ ਆਲੋਚਨਾਤਮਕ ਅਧਿਐਨ ਦੀ ਆਦਤ ਪਾਵੇ। ਸੰਪੂਰਣਤਾ ਦਾ ਪੱਧਰ ਪ੍ਰਦਾਨ ਕਰਨ ਵਾਲੀ ਹੋਵੇ, ਕਠਿਨਾਈ ਦੀ ਦਿਸ਼ਾ ਵਿੱਚ ਜੂਝਦੇ ਹੋਏ, ਸੱਚ ਤੱਕ ਪੁੱਜਣ ਦਾ ਅਰਥ ਦਿੰਦੀ ਹੋਵੇ।"

ਵਿਦਿਆਰਥੀਆਂ ਨੂੰ ਸਿੱਖਣਾ ਚਾਹੀਦਾ ਹੈ "ਇਸ ਤਰ੍ਹਾਂ ਦਾ ਸਿੱਖਿਅਤ ਵਿਦਿਆਰਥੀ, ਇਹ ਅੰਤਰ ਕਰਨਾ ਸਿੱਖ ਜਾਂਦਾ ਹੈ ਕਿ ਸਹੀ ਮਾਮਲਾ ਕੀ ਹੈ ਅਤੇ ਆਮ ਰਾਇ ਤੌਰ ਤੇ ਮਾਮਲਾ ਕੀ ਹੈ। ਉਸਨੂੰ ਮੁੱਦਿਆਂ ਦਾ ਵਿਸ਼ਲੇਸ਼ਣ ਕਰਨਾ ਆਉਂਦਾ ਹੋਵੇ। ਬਿਨਾਂ ਕਿਸੇ ਪਹਿਲਾਂ ਪ੍ਰਚੱਲਤ ਸਿਧਾਂਤ ਦਾ ਅਸਰ ਕਬੂਲਿਆਂ ਸਵਾਲਾਂ ਬਾਰੇ ਗੁਣ ਦੋਸ਼ ਦੇ ਆਧਾਰ 'ਤੇ ਆਪਣਾ ਵਿਚਾਰ ਬਣਾਵੇ।

ਉਸ ਨੂੰ ਸਹੀ ਰੂਪ ਵਿੱਚ ਅਤੇ ਹਮਦਰਦੀ ਨਾਲ ਉਨ੍ਹਾਂ ਗੱਲਾਂ ਨੂੰ ਜਾਨਣਾ ਚਾਹੀਦੈ ਜਿਨ੍ਹਾਂ ਦੇ ਅਮਲੀ ਨਤੀਜਿਆਂ ਨੂੰ ਉਹ ਨਕਾਰਦਾ ਰਿਹਾ ਹੈ। ਕਿਸੇ ਸੁਝਾਏ ਗਏ ਵਿਚਾਰ ਨੂੰ ਜਾਂਚਣ ਦੀ ਯੋਗਤਾ ਹੋਵੇ। ਉਸ ਗੱਲ ਨੂੰ ਛੱਡਣ ਜਾਂ ਮੰਨਣ ਤੋਂ ਪਹਿਲਾਂ ਦੇਖੇ ਕਿ ਆਖਰ ਬਣਦਾ ਕੀ ਹੈ। ਇੱਕ ਮੌਲਿਕ ਵਿਦਿਆਰਥੀ ਬਣਨ ਦੀ ਬਜਾਏ ਉਸਨੂੰ ਉਨ੍ਹਾਂ ਹਾਲਤਾਂ ਦਾ ਗਿਆਨ ਹੋ ਜਾਣਾ ਚਾਹੀਦੈ ਜਿਨ੍ਹਾਂ ਅਧੀਨ ਮੂਲ ਖੋਜ ਕੀਤੀ ਜਾ ਰਹੀ ਹੈ। ਉਹ, ਸਬੂਤ ਨੂੰ ਤੋਲਣ ਦੇ ਯੋਗ ਹੋਵੇ, ਤਰਕ ਵਿਤਰਕ ਕਰਨਾ ਆਉਂਦਾ ਹੋਵੇ।"

ਚਰਿੱਤਰ ਸਿੱਖਿਆ ਨਾਲੋਂ ਵੀ ਵੱਧ ਮਹੱਤਵਪੂਰਣ ਹੈ

".... ਕਿ ਸਿੱਖਿਆ, ਦੋ ਧਾਰੀ ਤਲਵਾਰ ਹੈ। ਦੋ ਧਾਰੀ ਹਥਿਆਰ ਹੋਣ ਕਰਨ ਇਸ ਦੀ ਵਰਤੋਂ ਕਰਨਾ ਖ਼ਤਰੇ ਤੋਂ ਖਾਲੀ ਨਹੀਂ। ਬਿਨਾਂ ਚਰਿੱਤਰ ਅਤੇ ਨਿਮਰਤਾ ਦੇ ਇੱਕ ਪੜ੍ਹਿਆ ਲਿਖਿਆ ਵਿਅਕਤੀ, ਪਸ਼ੂ ਤੋਂ ਵੀ ਵੱਧ ਭਿਆਨਕ ਹੁੰਦਾ ਹੈ। ਜੇ ਉਸ ਦੀ ਸਿੱਖਿਆ, ਗਰੀਬ ਲੋਕਾਂ ਦੇ ਭਲੇ ਦੇ ਖਿਲਾਫ਼ ਹੈ ਤਾਂ ਇਹ ਸਮਾਜ ਲਈ ਇੱਕ ਲਾਹਣਤ ਹੈ, ਲਾਹਣਤ ਹੈ ਐਸੇ ਪੜ੍ਹੇ ਲਿਖੇ ਮਨੁੱਖਾਂ ਦੇ। ਚਰਿੱਤਰ, ਸਿੱਖਿਆ ਤੋਂ ਵੀ ਵੱਧ ਮਹੱਤਵਪੂਰਨ ਹੈ।"

#### ਸਿੱਖਿਆ ਦਾ ਮਾਧਿਅਮ

"ਸਿੱਖਿਆ ਦਾ ਪਸਾਰ ਕਰਨਾ, ਯੂਨੀਵਰਸਿਟੀ ਦਾ ਅਸਲ ਕੰਮ ਹੋਣਾ ਚਾਹੀਦਾ ਹੈ। ਇਹ ਤਦ ਤੱਕ ਨਹੀਂ ਹੋ ਸਕਦਾ ਜਦ ਤੱਕ ਸਿੱਖਿਆ, ਦੇਸੀ ਭਾਸ਼ਾ ਵਿੱਚ ਨਾ ਦਿੱਤੀ ਜਾਵੇ ਜੋ ਕਿ ਮੌਜੂਦਾ ਹਾਲਾਤ ਵਿੱਚ ਅਜੇ ਦੂਰ ਦੀ ਗੱਲ ਹੈ।

"... ਸਿੱਖਿਆ ਮਾਧਿਅਮ ਤੌਰ 'ਤੇ ਦੇਸ਼ੀ ਭਾਸ਼ਾ ਦੀ ਵਰਤੋਂ ਦਾ ਮੈਂ ਪੱਕਾ ਸਮਰਥਕ ਹਾਂ ਪਰ ਇਹ ਸਮੱਸਿਆ ਉਦੋਂ ਤੱਕ ਹੱਲ ਨਹੀਂ ਹੋ ਸਕਦੀ ਜਦੋਂ ਤੱਕ ਭਾਰਤੀ ਲੋਕ ਇਹ ਫੈਸਲਾ ਨਾ ਕਰ ਲੈਣ ਕਿ ਆਮ ਬੋਲਚਾਲ ਵਿੱਚ ਉਹ ਕਿਸ ਭਾਸ਼ਾ ਨੂੰ ਚੁਣਦੇ ਹਨ"

ਦਸਵੀਂ ਤੋਂ ਬਾਅਦ, ਕਾਨੂੰਨ ਦੀ ਪੜ੍ਹਾਈ ਦਾ ਪ੍ਰਸਤਾਵ

"ਮੇਰਾ ਮਸ਼ਵਰਾ ਹੈ ਕਿ ਦਸਵੀਂ ਪਾਸ ਕਰਨ ਦੇ ਫੌਰੀ ਬਾਅਦ ਕਾਨੂੰਨ ਦੀ ਪੜ੍ਹਾਈ ਸ਼ੁਰੂ ਹੋ ਜਾਣੀ ਚਾਹੀਦੀ ਹੈ ਜਿਸ ਦੇ ਸਪਸ਼ਟ ਤੌਰ 'ਤੇ ਤਿੰਨ ਲਾਭ ਹਨ :-

1. ਸਭ ਤੋਂ ਮਹੱਤਵਪੂਰਨ ਲਾਭ ਤਾਂ ਇਹ ਹੈ ਕਿ ਇਸ ਸਮੇਂ ਜੋ ਵਿਦਿਆਰਥੀ ਕਾਨੂੰਨ ਦੇ ਕੋਰਸ ਵਿੱਚ ਦਾਖ਼ਲਾ ਲੈਂਦਾ ਹੈ, ਉਸ ਨੂੰ ਪੱਕਾ ਨਹੀਂ ਹੁੰਦਾ ਕਿ ਉਹ ਵਕਾਲਤ ਦੇ ਪੇਸ਼ੇ ਵਿੱਚ ਜਾਵੇਗਾ ਹੀ ਜਾਵੇਗਾ। ਉਸ ਦਾ ਉਦੇਸ਼ ਹੁੰਦਾ ਹੈ ਕਿ ਉਹਨੂੰ ਇੱਕ ਹੋਰ ਡਿਗਰੀ ਮਿਲ ਜਾਵੇ। ਉਸ ਕੋਲ ਰੁਜ਼ਗਾਰ ਨਹੀਂ, ਇਸ ਲਈ ਸਮਝ ਨਹੀਂ ਆਉਂਦੀ ਕਿ ਹੋਰ ਕੀ ਕਰੇ। ਸੋ ਲਾਅ ਵਿੱਚ ਦਾਖ਼ਲਾ ਲੈ ਲੈਂਦਾ ਹੈ।

ਉਸਦੇ ਅਧਿਐਨ ਵਿੱਚ ਗੰਭੀਰਤਾ ਨਹੀਂ ਹੁੰਦੀ। ਬੀ. ਏ. ਪਾਸ ਲਈ ਰੁਜ਼ਗਾਰ ਦੇ ਹੋਰ ਮੌਕੇ ਵੀ ਉਪਲਬਧ ਹੋ ਸਕਦੇ ਹਨ। ਸੋ ਕਿਉਂ ਨਾ ਵਿਦਿਆਰਥੀ ਦਸਵੀਂ ਤੋਂ ਬਾਅਦ ਹੀ ਵਕੀਲੀ ਦਾ ਕੋਰਸ ਸ਼ੁਰੂ ਕਰੇ ਤਾਂ ਕਿ ਸ਼ੁਰੂ ਵਿੱਚ ਹੀ ਉਸ ਦੀ ਕਿੱਤਾ ਚੋਣ ਦਾ ਫੈਸਲਾ ਹੋ ਜਾਵੇ। ਇਸ ਨਾਲ ਕਾਨੂੰਨ ਦੀ ਪੜ੍ਹਾਈ ਉਹ ਹੀ ਸ਼ੁਰੂ ਕਰਨਗੇ ਜਿਨ੍ਹਾਂ ਨੇ ਵਕਾਲਤ ਦੇ ਕਿੱਤੇ ਵਿੱਚ ਜਾਣਾ ਹੀ ਜਾਣਾ ਹੈ।"



ਸੋਹਣ ਸਹਿਜਲ
91- 95014-77278

2. "ਮੇਰੇ ਮਸ਼ਵਰੇ ਦਾ ਦੂਜਾ ਲਾਭ ਇਸ ਨਾਲ ਧੰਨ ਦੀ ਬੱਚਤ ਵੀ ਹੈ ਅਤੇ ਕਾਰ-ਜਕੁਸ਼ਲਤਾ ਵੀ ਵਧੇਗੀ। ਇੱਕ ਲੜਕਾ ਚਾਰ ਸਾਲਾਂ ਵਿੱਚ ਆਪਣਾ ਕੋਰਸ ਪੂਰਾ ਕਰ ਲਵੇਗਾ। ਮੌਜੂਦਾ ਸਿਸਟਮ ਨਾਲੋਂ ਉਸ ਦੇ ਦੋ ਸਾਲ ਬਚ ਜਾਣਗੇ। ਗਰੀਬ ਵਿਦਿਆਰਥੀਆਂ ਲਈ ਇਸ ਦਾ ਵਿਸ਼ੇਸ਼ ਲਾਭ ਹੈ। ਮੌਜੂਦਾ ਵਿਵਸਥਾ ਵਿੱਚ ਪੜ੍ਹਾਈ ਲਈ ਕੇਵਲ ਦੋ ਸਾਲ ਦਾ ਸਮਾਂ ਮਿਲਦਾ ਹੈ ਜੋ ਕਿ ਕਾਫ਼ੀ ਘੱਟ ਹੈ। ਮੇਰੀ ਸਕੀਮ ਅਨੁਸਾਰ, ਸਮੇਂ-ਸਮੇਂ ਚਾਰ ਸਾਲ ਦਾ ਹੋਵੇਗਾ। ਸੁਭਾਵਕ ਹੈ, ਕਾਰਜਕੁਸ਼ਲਤਾ ਵਿੱਚ ਵਾਧਾ ਹੋਵੇਗਾ।"

3. "ਵਕਾਲਤ ਦੇ ਕਿੱਤੇ ਵਿੱਚ ਭੀੜ ਘਟੇਗੀ ਕਿਉਂਕਿ ਕਾਨੂੰਨ ਦੀ ਪੜ੍ਹਾਈ ਉਹ ਹੀ ਕਰਨਗੇ ਜਿਨ੍ਹਾਂ ਨੇ ਵਕਾਲਤ ਕਰਨੀ ਹੈ। ਇਸ ਕੋਰਸ ਵਿੱਚ ਸ਼ਾਮਲ ਹੋਣ ਦਾ ਜਿਨ੍ਹਾਂ ਦਾ ਨਿਸ਼ਚਿਤ ਉਦੇਸ਼ ਨਹੀਂ, ਉਨ੍ਹਾਂ ਦੀ ਛਾਂਟੀ ਸ਼ੁਰੂ ਵਿੱਚ ਹੀ ਹੋ ਜਾਵੇਗੀ।"

ਉੱਚ ਸਿੱਖਿਆ ਸਮਾਜਿਕ ਸਮੱਸਿਆਵਾਂ ਦਾ ਕਾਰਗਰ ਉਪਾਅ

"ਹਿੰਦੂ ਸਮਾਜ ਦੇ ਸਭ ਤੋਂ ਹੇਠਲੇ ਵਰਗ ਨਾਲ ਸਬੰਧਤ ਹੋਣ ਕਾਰਨ ਮੈਨੂੰ ਪਤਾ ਹੈ ਕਿ ਸਿੱਖਿਆ ਦੀ ਕੀ ਕੀਮਤ ਹੈ, ਕਿੰਨਾ ਮਹੱਤਵ ਹੈ। ਨੀਵੇਂ ਪੱਧਰ ਦੇ ਲੋਕਾਂ ਦੀ ਤਰੱਕੀ ਦੀ ਸਮੱਸਿਆ, ਉਨ੍ਹਾਂ ਦੇ ਆਰਥਿਕ ਪੱਧਰ ਨਾਲ ਜੋੜੀ ਜਾਂਦੀ ਹੈ, ਇਹ ਵੱਡੀ ਭੁੱਲ ਹੈ। ਦੇਸ਼ ਦੇ ਸਮਾਜਿਕ ਪੱਧਰ ਨੂੰ ਉੱਚਾ ਚੁੱਕਣ ਲਈ ਉਨ੍ਹਾਂ ਨੂੰ ਭੋਜਨ ਕੱਪੜਾ ਦੇਣਾ ਅਤੇ ਉੱਚ ਵਰਗਾਂ ਦੀ ਸੇਵਾ ਵਿੱਚ ਰੱਖਣਾ ਹੀ ਸਮੱਸਿਆ ਦਾ ਹੱਲ ਨਹੀਂ ਜਿਵੇਂ ਕਿ ਚੱਲਦਾ ਆਇਆ ਹੈ।

ਹੇਠਲੇ ਵਰਗ ਦੀ ਸਮੱਸਿਆ ਇਹ ਹੈ ਕਿ ਉਨ੍ਹਾਂ ਅੰਦਰੋਂ ਹੀਣ ਭਾਵਨਾ ਖਤਮ ਕੀਤੀ ਜਾਵੇ ਜਿਸ ਨੇ ਉਨ੍ਹਾਂ ਦਾ ਵਿਕਾਸ ਰੋਕਿਆ ਹੋਇਆ ਹੈ, ਉਨ੍ਹਾਂ ਨੂੰ ਦੂਜਿਆਂ ਦਾ ਗ਼ੁਲਾਮ ਬਣਾ ਰੱਖਿਆ ਹੈ।

ਉਨ੍ਹਾਂ ਅੰਦਰ ਆਪਣੇ ਲਈ, ਆਪਣੇ ਦੇਸ਼ ਲਈ, ਆਪਣੇ ਜੀਵਨ ਦੇ ਮਹੱਤਵ ਦੀ ਚੇਤਨਾ ਜਾਗ੍ਰਤ ਕੀਤੀ ਜਾਵੇ ਜਿਸਨੂੰ ਕਿ ਮੌਜੂਦਾ ਸਮਾਜਿਕ ਵਿਵਸਥਾ ਨੇ ਬੜੇ ਨਿਰਦੈਈਪੁਣੇ ਨਾਲ ਲੁੱਟ ਖੋਹ ਲਿਆ ਹੈ। ਉੱਚ ਸਿੱਖਿਆ ਦੇ ਪਸਾਰ ਤੋਂ ਬਿਨਾਂ ਹੋਰ ਕਿਸੇ ਢੰਗ ਨਾਲ ਇਸ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਮੇਰੇ ਖਿਆਲ ਵਿੱਚ ਸਭ ਸਮਾਜਿਕ ਕਸ਼ਟਾਂ ਨੂੰ ਦੂਰ ਕਰਨ ਦਾ ਇਹ ਅਸਰਦਾਰ ਉਪਾਅ ਹੈ।"

"ਭਾਵੇਂ ਸਿੱਖਿਆ ਵੱਡੇ ਪੱਧਰ ਤੇ ਦਿੱਤੀ ਜਾ ਰਹੀ ਹੈ ਪਰ ਇਹ ਭਾਰਤੀ ਸਮਾਜ ਦੇ ਸਹੀ ਵਰਗ ਨੂੰ ਨਹੀਂ ਦਿੱਤੀ ਜਾ ਰਹੀ। ਜੇ ਤੁਸੀਂ ਅਜੇਹੇ ਵਰਗ ਨੂੰ ਸਿੱਖਿਅਤ ਕਰੋਗੇ ਜੋ ਆਪਣੇ ਲਾਭ ਹਿੱਤ ਲਈ ਜਾਤੀ ਪ੍ਰਥਾ ਨੂੰ ਜਾਰੀ ਰੱਖਣਾ ਚਾਹੁੰਦੇ ਹੋਣ ਤਾਂ ਇਹ ਪ੍ਰਥਾ ਹੋਰ ਮਜ਼ਬੂਤ ਹੋ ਜਾਵੇਗੀ। ਇਸ ਦੇ ਉਲਟ ਜੇ ਸਮਾਜ ਦੇ ਨੀਵੇਂ ਵਰਗ ਨੂੰ ਸਿੱਖਿਅਤ ਕਰੋਗੇ ਜੋ ਜਾਤੀਵਾਦ ਨੂੰ ਖਤਮ ਕਰਨਾ ਚਾਹੁੰਦਾ ਹੈ ਤਾਂ ਇਹ ਪ੍ਰਥਾ ਖਤਮ ਹੋ ਜਾਵੇਗੀ। ਅਮੀਰ ਨੂੰ ਹੋਰ ਅਮੀਰ ਕਰਨਾ ਅਤੇ ਗਰੀਬ ਨੂੰ ਹੋਰ ਗਰੀਬ ਬਣਾਉਣਾ, ਗਰੀਬੀ ਹਟਾਉਣ ਦਾ ਕੋਈ ਰਾਹ ਨਹੀਂ। ਇਹੀ ਗੱਲ, ਸਿੱਖਿਆ ਪ੍ਰਤੀ ਜਾਤੀਪ੍ਰਥਾ ਮਿਟਾਉਣ ਦੇ ਸਾਧਨ ਵਜੋਂ ਅਪਣਾਉਣ 'ਤੇ ਲਾਗੂ ਹੁੰਦੀ ਹੈ। ਐਸੇ ਲੋਕਾਂ ਨੂੰ ਸਿੱਖਿਅਤ ਕਰਨਾ ਜੋ ਜਾਤੀ ਪ੍ਰਥਾ ਨੂੰ ਜਾਰੀ ਰੱਖਣਾ ਚਹੁੰਦੇ ਹਨ, ਭਾਰਤ ਵਿੱਚ ਲੋਕਤੰਤਰ ਨੂੰ ਮਜ਼ਬੂਤ ਨਹੀਂ ਕਰੇਗਾ ਬਲਕਿ ਡੂੰਘੇ ਸੰਕਟ ਵਿੱਚ ਪਾ ਦੇਵੇਗਾ।"

### ਇਤਿਹਾਸ

ਮਹਾਨ ਮਨੁੱਖ ਦੀ ਜੀਵਨੀ, ਇਤਿਹਾਸ ਹੁੰਦਾ ਹੈ।

ਇਤਿਹਾਸ ਨਿਰਮਾਣ ਦਾ ਸਾਧਨ ਮਨੁੱਖ ਹੈ

"ਕਿਸੇ ਸੰਕਟ ਦਾ ਮੁਕਾਬਲਾ ਨਵੇਂ ਢੰਗ ਤਰੀਕਿਆਂ ਦੀ ਖੋਜ ਨਾਲ ਕੀਤਾ ਜਾ ਸਕਦਾ ਹੈ। ਜਦੋਂ ਕੋਈ ਨਵਾਂ ਰਾਹ ਨਹੀਂ ਲੱਭਿਆ ਜਾਂਦਾ ਤਾਂ ਸਮਾਜ ਦਾ ਪਤਨ ਹੋ ਜਾਂਦਾ ਹੈ। ਸਮਾਂ ਬੀਤਣ ਨਾਲ ਵੀ ਨਵੇਂ ਰਾਹ ਮਿਲਣ ਦੀ ਸੰਭਾਵਨਾ ਰਹਿੰਦੀ ਹੈ ਪਰ ਸਹੀ ਮਾਰਗ ਤੇ ਚੱਲਣਾ ਸਮੇਂ ਦਾ ਕੰਮ ਨਹੀਂ ਹੈ, ਇਹ ਕੰਮ ਮਨੁੱਖ ਦਾ ਹੈ।

ਸੋ ਮਨੁੱਖ, ਇਤਿਹਾਸ-ਨਿਰਮਾਣ ਦਾ ਇਕ ਸਾਧਨ ਹੈ। ਚੌਗਿਰਦੇ ਸਬੰਧੀ ਸ਼ਕਤੀਆਂ ਭਾਵੇਂ ਗੈਰ ਸ਼ਖਸੀ ਹੋਣ ਜਾ ਸਮਾਜਿਕ ਭਾਵੇਂ ਪਹਿਲਾਂ ਹੋਣ ਪਰ ਇਤਿਹਾਸ ਨਿਰਮਾਣ ਲਈ ਆਖਰੀ ਨਹੀਂ ਹੁੰਦੀਆਂ (ਆਖਰੀ ਤੱਤ ਮਨੁੱਖ ਹੀ ਹੈ)

ਇਤਿਹਾਸਕਾਰ ਕਿੰਦਾਂ ਦਾ ਹੋਵੇ?

ਉਸ ਨੂੰ ਸਟੀਕ, ਈਮਾਨਦਾਰ, ਨਿਰਪੱਖ, ਈਰਖਾ ਦਵੇਸ਼ ਰਹਿਤ, ਰੁਚੀ, ਭੈਅ, ਬਦਲੇ ਦੀ ਭਾਵਨਾ, ਪੂਰਵ-ਧਾਰਨਾ ਤੋਂ ਮੁਕਤ ਅਤੇ ਸੱਚ ਪ੍ਰਤੀ ਨਿਸ਼ਚਾਵਾਨ ਹੋਣਾ ਚਾਹੀਦਾ ਹੈ, ਜੋ ਇਤਿਹਾਸ ਦਾ ਮੂਲ ਹਨ, ਉਨ੍ਹਾਂ ਮਹਾਨ ਘਟਨਾਵਾਂ ਦਾ ਰਾਖਾ, ਅਣਗਹਿਲੀ ਦਾ ਦੁਸ਼ਮਣ ਬੀਤੇ ਵਕਤਾਂ ਦਾ ਗਵਾਹ ਅਤੇ ਦੂਰਦਰਸ਼ੀ ਹੋਣਾ ਚਾਹੀਦਾ ਹੈ। ਸੰਖੇਪ ਵਿੱਚ ਉਹ ਸੁਤੰਤਰ ਵਿਚਾਰਾਂ ਵਾਲਾ ਹੋਵੇ ਪਰ ਉਸ ਦਾ ਦਿਮਾਗ਼ ਖਾਲੀ ਨਾ ਹੋਵੇ, ਉਹ ਹਰ ਉਪਲਬਧ ਗਵਾਹੀ ਦੀ ਪੁਣਛਾਣ ਕਰੇ ਚਾਹੇ ਕਿ ਉਹ ਗਵਾਹੀ ਝੂਠੀ ਹੀ ਕਿਉਂ ਨਾ ਹੋਵੇ।"

**(ਲੜੀਵਾਰ ਚਲਦਾ)**

**15 ਅਗਸਤ ਭਾਰਤ ਦੀ ਆਜ਼ਾਦੀ ਨਾਲ ਸਬੰਧਤ ਲੇਖ**

# "ਦੁਖੀਆ ਦਾਸ ਕਬੀਰ ਹੈ"



ਪ੍ਰੋ: ਗੁਰਨਾਮ ਸਿੰਘ ਮੁਕਤਸਰ
91-94178-92333

ਜਿਉਂ ਜਿਉਂ ਅਸੀਂ ਹੋਰ ਵਿਦਿਆ ਪੜ੍ਹਦੇ ਸਮਝਦੇ ਹਾਂ, ਸਾਡੀ ਬੋਧ ਲਗਾਤਾਰ ਵਿਕਸਤ ਹੁੰਦੀ ਹੈ। ਸਾਡੀ ਇਹ ਧਾਰਨਾ ਬਣੀ ਰਹੀ ਖਾਸ ਕਰਕੇ ਕਮਿਊਨਿਸਟ ਹੋਣ ਦੇ ਸਮੇਂ ਤੋਂ ਕਿ ਇਹ ਆਜ਼ਾਦੀ ਝੂਠੀ ਹੈ। ਸਾਡੀ ਸਮਝ ਇਹ ਨਹੀਂ ਪਈ ਕਿ ਫਿਰ ਸੱਚੀ ਆਜ਼ਾਦੀ ਕੀ ਹੈ? ਬਹੁਤ ਦੇਰ ਬਾਅਦ ਜਾ ਕੇ ਦਹਾਕਿਆਂ ਬਾਅਦ ਇਹ ਸਮਝ ਪੈਣ ਲੱਗੀ ਕਿ ਆਜ਼ਾਦੀ ਅਸਲ ਵਿਚ ਕਿਸ ਚੀਜ਼ ਦਾ ਨਾਂ ਹੈ। 26 ਜਨਵਰੀ 1950 ਤੋਂ ਪਹਿਲਾਂ ਕਰੀਬ 200 ਸਾਲ ਤੱਕ ਖਾਸ ਕਰਕੇ ਗੈਰ ਹਿੰਦੂਆਂ ਭਾਵ ਨੀਵੇਂ ਸ਼ੂਦਰਾਂ ਨੇ ਆਜ਼ਾਦੀ ਨਹੀਂ ਸੀ ਵੇਖੀ। ਜੇ ਵੇਖੀ ਸੀ ਤਾਂ ਸਿੱਖ ਲਹਿਰ ਦੇ ਉਸਾਰ ਅਤੇ ਸਿੱਖਾਂ ਵੇਲੇ ਨੀਵੇਂ ਲੋਕਾਂ ਨੇ ਆਜ਼ਾਦੀ ਵੇਖੀ ਵੀ, ਮਾਣੀ ਵੀ ਪ੍ਰੰਤੂ ਉਸਨੂੰ ਸਿੱਖ ਸਰਕਰਾਂ ਨਹੀਂ ਰੱਖ ਸਕੀਆਂ, ਕਿਉਂਕਿ ਆਜ਼ਾਦੀ ਨੂੰ ਖੂਨ ਡੋਲ੍ਹ ਕੇ ਲੱਖਾਂ ਸਾਂਭ ਸਿਰ ਦੇ ਕੇ ਲਿਆਉਣ ਵਾਲੇ ਨੀਚ ਨੀਵੇਂ ਅਛੂਤ ਸ਼ੂਦਰ ਕਹੇ ਜਾਂਦੇ ਲੋਕ, ਆਜ਼ਾਦੀ ਤੋਂ ਬਾਅਦ ਬਾਹਰ ਧੱਕ ਦਿੱਤੇ ਗਏ। ਭਾਵੇਂ ਸਿੱਖ ਬਣੇ ਰਹੇ ਪ੍ਰੰਤੂ ਆਜ਼ਾਦੀ ਉਤਲੀਆਂ ਤਿੰਨ ਜਾਤੀਆਂ ਪਾਸ ਚਲੀ ਗਈ ਜੋ ਅੱਜ ਵੀ ਇਹਨਾਂ ਤਿੰਨਾਂ ਕੋਲ ਹੈ। ਬਾਕੀ ਤਾਂ ਗੋਲੂ ਗੁਲਾਮ ਤੇ ਨੌਕਰ ਚਾਕਰ ਹਨ, ਸੇਵਾਦਾਰ, ਝਾੜੂਬਰਦਾਰ, ਝੰਡਾ ਬਰਦਾਰ। ਭਾਵੇਂ ਇਹਨਾਂ ਨੇ 1708 ਤੋਂ ਬਾਅਦ 1808-10 ਤੱਕ ਆਜ਼ਾਦੀ ਤੇ ਸਰਦਾਰੀਆਂ ਮਾਣੀਆਂ ਪ੍ਰੰਤੂ ਇਹ ਬੇਈਮਾਨ ਘੁਸਪੈਠੀਆਂ ਮੂਹਰੇ ਟਿਕ ਨਹੀਂ ਸਕੇ। ਤੇ ਮਹਾਰਾਜਾ ਰਣਜੀਤ ਸਿੰਘ ਦੇ ਦਰਬਾ 'ਤੇ ਕਬਜ਼ਾ ਕਰਕੇ ਆਜ਼ਾਦੀ ਤੇ ਧਰਮ ਦੋਹਾਂ ਨੂੰ ਹਥਿਆ ਲਿਆ। ਫਿਰ ਕਿਸੇ ਨੂੰ ਨੇੜੇ ਨਹੀਂ ਫਟਕਣ ਦਿੱਤਾ। ਇਸੇ ਤਰ੍ਹਾਂ 16ਵੀਂ - 17ਵੀਂ ਸਦੀ ਵਿਚ ਸ਼ਿਵਾ ਜੀ ਰਾਜ ਸਮੇਂ ਸ਼ੂਦਰਾਂ ਨੇ ਥੋੜ੍ਹਾ ਚਿਰ ਆਜ਼ਾਦੀ ਮਾਣੀ। ਬਾਕੀ ਸਾਰਾ ਸਮਾਂ ਹਨੇਰ ਗਵਾਰ ਹੀ ਰਿਹਾ।

ਮੈਂ ਇਸ ਰਚਨਾ ਵਿਚ ਆਜ਼ਾਦੀ ਦੇ ਸਹੀ ਅਰਥ ਕਰਨ ਦਾ ਯਤਨ ਕਰੂੰਗਾ। ਭਾਰਤ ਦੇ 90 ਫੀਸਦੀ ਲੋਕ ਇਹ ਨਹੀਂ ਜਾਣਦੇ ਤੇ ਖਾਸ ਕਰਕੇ ਸ਼ੂਦਰ ਅਛੂਤਾਂ ਵਿਚ ਅੰਬੇਦਕਰੀਆਂ ਤੋਂ ਬਿਨਾਂ ਕੋਈ ਨਹੀ. ਜਾਣਦਾ ਕਿ ਗੁਲਾਮ ਭਾਰਤ ਅੰਦਰ 200 ਸਾਲ ਅੰਦਰ ਅੰਗਰੇਜ਼ ਸਾਸ਼ਕਾਂ ਨੇ ਮੁੱਖ ਵਿਚ 17 ਅਗਸਤ 1932 ਨੂੰ ਗੋਲਮੇਜ਼ ਕਾਨਫਰੰਸ ਦੇ ਨਤੀਜੇ ਦਾ ਐਲਾਨ ਕਰਦਿਆਂ ਭਾਰਤ ਦੇ 7 ਕਰੋੜ ਅਛੂਤਾਂ ਨੂੰ ਪੂਰਨ ਆਜ਼ਾਦੀ ਦਿੱਤੀ। ਪੂਰਨ ਆਜ਼ਾਦੀ ਬਾਵਾ ਉਹ ਅੰਗਰੇਜੀ ਸਾਸ਼ਨ ਹੁੰਦੇ ਹੋਏ ਵੀ ਕਿਸੇ ਦੇ ਗੁਲਾਮ ਨਹੀਂ ਰਹੇ ਸਨ। ਉਹਨਾਂ ਨੂੰ ਗੁਲਾਮ ਭਾਰਤ ਵਿਚ ਉਹਨਾਂ ਦੀ ਆਬਾਦੀ ਦੇ ਹਿਸਾਬ ਨਾਲ ਸਰਕਾਰੀ ਸੰਸਥਾਂਵਾਂ ਵਿਚ ਵਿੱਦਿਆ ਪਾਉਣ ਦਾ ਅਧਿਕਾਰ ਮਿਲਿਆ। ਪੜ੍ਹ ਕੇ ਨੌਕਰੀ ਪ੍ਰਾਪਤ ਕਰਨ ਦਾ ਰਾਖਵਾਂ ਅਧਿਕਾਰ ਮਿਲਿਆ। ਵੋਟ ਇਕ ਨਹੀਂ ਦੋ ਵੋਟਾਂ ਪਾਉਣ ਦਾ ਅਧਿਕਾਰ ਮਿਲਿਆ। ਇਕ ਵੋਟ ਪੂਰਨ ਰੂਪ ਵਿਚ ਆਪਣੇ ਹੀ ਨੁਮਾਇੰਦੇ ਨੂੰ ਆਪਣੀ ਹੀ ਵੋਟ, ਜਿਸ ਵਿਚ ਕਿਸੇ ਦੂਸਰੀ ਜਾਤੀ ਨੂੰ ਵੋਟ ਦੇਣ ਦਾ ਅਧਿਕਾਰ ਨਹੀਂ ਸੀ, ਸਿਵਾਏ ਅਛੂਤਾਂ ਤੋਂ। ਦੂਸਰੀ ਵੋਟ ਉਹ ਕਿਸੇ ਵੀ ਜਾਤੀ ਦੇ ਚੰਗੇ ਬੰਦੇ ਨੂੰ ਪਾ ਸਕਦੇ ਸਨ। ਇਹ ਦੂਹਰੀ ਵੋਟ ਹੋਰ ਕਿਸੇ ਨੂੰ ਨਹੀਂ ਦਿੱਤੀ ਗਈ। ਚੌਥਾ ਇਹਨਾਂ ਨੂੰ ਆਬਾਦੀ ਅਨੁਸਾਰ ਹਰ ਇਕ ਵਿਧਾਨ ਸਭਾ ਵਿਚ ਨੁਮਾਇੰਦੇ ਚੁਣਨ ਦਾ ਭੇਜਣ ਦਾ ਅਧਿਕਾਰ ਮਿਲਿਆ। ਪਿਛਲੇ 2000 ਸਾਲ ਵਿਚ ਦੇਸ਼ ਦੇ ਅਛੂਤਾਂ ਨੂੰ ਇਹ ਪੂਰਨ ਆਜ਼ਾਦੀ 17 ਅਗਸਤ 1932 ਨੂੰ ਐਲਾਨ ਕੀਤੀ ਗਈ ਪ੍ਰੰਤੂ ਗਾਂਧੀ ਬਾਬਾ ਤੇ ਉਸਦੀ ਬ੍ਰਾਹਮਣ ਜਮਾਤ ਨੇ ਦੂਹਰੀ ਵੋਟ ਵਿਚੋਂ ਨਿਰੋਲ ਵੋਟ ਖੋਹ ਲਈ। ਸਾਂਝੀ ਵੋਟ ਰਹਿ ਗਈ, ਇਉਂ ਗਾਂਧੀ ਬਾਬੇ ਦੀ ਜਮਾਤ ਨੇ ਆਜ਼ਾਦੀ ਦੇ ਸਿਰ 'ਚ ਸੌ ਘੜੇ ਪਾਣੀ ਪਾ ਦਿੱਤਾ।

ਇਸੇ ਦਿਨ ਸਿੱਖਾਂ ਨੂੰ ਅਤੇ ਮੁਸਲਮਾਨਾਂ ਨੂੰ ਆਪਣੀ ਅਲੱਗ ਵੋਟ ਪਾਉਣ ਦੀ ਆਜ਼ਾਦੀ ਮਿਲੀ ਤੇ ਆਪਣੇ ਨੁਮਾਇੰਦੇ ਚੁਣਨ ਦਾ ਅਧਿਕਾਰ ਮਿਲਿਆ। ਸਿੱਖ ਲੋਕ ਇਹ ਗੱਲ ਕਦੀ ਨਹੀਂ ਦੱਸਣਗੇ। ਸੰਭਵ ਹੈ ਕਿ ਉਹਨਾਂ ਨੂੰ ਪਤਾ ਹੀ ਨਾ ਹੋਵੇ ਕਿ 1932 ਨੂੰ ਉਹਨਾਂ ਨੂੰ ਵੱਖਰੇ ਚੋਣ ਖੇਤਰ ਦਾ ਰਾਖਵਾਂਕਰਨ ਦਿੱਤਾ ਗਿਆ ਸੀ। ਗਾਂਧੀ ਬਾਬਾ ਨਾ ਤਾਂ ਸਿੱਖਾਂ ਵਿਰੁੱਧ ਹੋਇਆ ਅਤੇ ਨਾ ਹੀ ਮੁਸਲਮਾਨਾਂ ਵਿਰੁੱਧ, ਪ੍ਰੰਤੂ ਉਸਨੇ 7 ਕਰੋੜ ਅਛੂਤਾਂ ਦੇ ਉਸ ਅਧਿਕਾਰ ਵਿਰੁੱਧ 19 ਸਤੰਬਰ 1932 ਨੂੰ ਯਰਵਦਾ ਜੇਲ੍ਹ ਵਿਚ ਮਰਨ ਵਰਤ ਰੱਖਿਆ ਅਤੇ ਅਧਿਕਾਰ ਖੋਹ ਲਿਆ।

1922 'ਚ ਦਲਿਤਾਂ ਪੱਛੜਿਆਂ ਵਿਚੋਂ ਉਂਗਲਾਂ ਤੇ ਗਿਣੇ ਜਾਣ ਵਾਲੇ ਕੁਝ ਇਕ ਲੋਕ ਪੜ੍ਹੇ ਸਨ, ਪ੍ਰੰਤੂ 1932 ਦੇ ਅਧਿਕਾਰਾਂ ਅਧੀਨ 1942 ਵਿਚ 10 ਸਾਲ ਬਾਅਦ ਹੀ 500 ਗਰੈਜੂਏਟ ਬਣੇ, ਜਿਸਦਾ ਜ਼ਿਕਰ ਬਾਬਾ ਸਾਹਿਬ ਨੇ 18 ਜੁਲਾਈ 1942 ਨੂੰ ਬੰਬੇ ਦੀ ਵਿਸ਼ਾਲ ਭਾਰਤੀ ਕਾਨਫਰੰਸ ਵਿਚ ਕੀਤਾ ਤੇ ਕਿਹਾ ਕਿ ਕਾਫੀ ਲੋਕ ਨੌਕਰੀ 'ਤੇ ਵੀ ਲੱਗ ਗਏ ਹਨ। 1942 'ਚ ਬਾਬਾ ਸਾਹਿਬ ਨੇ ਮੱਤਰੀ ਵਜੋਂ 8 ਫੀਸਦੀ ਤੇ ਫਿਰ 12 ਫੀਸਦੀ ਰਾਖਵਾਂਕਰਨ ਦੀ ਵਿਵਸਥਾ ਕੀਤੀ। 15 ਅਗਸਤ ਨੂੰ ਦੇਸ਼ ਆਜ਼ਾਦ ਹੋ ਗਿਆ ਤੇ ਰਾਜਸੀ ਸ਼ਕਤੀ ਅੰਗਰੇਜ਼ਾਂ ਹੱਥੋਂ ਪੰਡਤ ਨਹਿਰੂ (ਕਸ਼ਮੀਰੀ ਬ੍ਰਾਹਮਣ) ਦੀ ਜਮਾਤ ਪਾਸ ਚਲੀ ਗਈ। ਅੰਗਰੇਜ਼ੀ ਸਾਸ਼ਕਾਂ ਨੂੰ ਅੰਬੇਡਕਰ ਨੇ ਕਿਹਾ ਕਿ ਮੁਹੰਮਦ ਅਲੀ ਜਿਨਾਹ ਨੂੰ ਪਾਕਿਸਤਾਨ ਦੇ ਦਿੱਤਾ ਹੈ। ਭਾਰਤ ਦੀ ਆਜ਼ਾਦੀ ਤੇ ਬ੍ਰਾਹਮਣ ਕਾਬਜ਼ ਹੋ ਗਏ ਹਨ। ਭਾਰਤ ਦੇ ਦਲਿਤ ਪੱਛੜਿਆਂ ਨੂੰ ਕੀ ਦਿੱਤਾ ਗਿਆ ਹੈ? ਤਦ ਅੰਬੇਡਕਰ ਨੂੰ ਇਕ ਸੀਟ ਖਾਲੀ ਕਰਵਾ ਕੇ ਸੰਵਿਧਾਨ ਅਸੈਂਬਲੀ ਵਿਚ ਭੇਜਿਆ ਗਿਆ ਤੇ ਉਹ ਖੁਸ਼ਕਿਸਮਤੀ ਸੀ ਕਿ ਭਾਰਤ ਦੇ ਸੰਵਿਧਾਨ ਨੂੰ ਤਿਆਰ ਕਰਨ ਵਾਲੇ ਚੇਅਰਮੈਨ ਸਥਾਪਤ ਹੋਏ।

15 ਅਗਸਤ ਨੂੰ ਸਹੀ ਅਰਥਾਂ ਵਿਚ ਬ੍ਰਾਹਮਣ ਬਾਣੀਆਂ ਤੇ ਖੱਤਰੀ ਆਦਿ ਉੱਚੀਆਂ ਜਾਤੀਆਂ ਨੂੰ ਅੰਗਰੇਜ਼ੀ ਰਾਜ ਤੋਂ ਆਜ਼ਾਦੀ ਮਿਲੀ। ਬਾਕੀ ਭਾਰਤ ਤਾਂ ਇਹਨਾਂ ਜਾਤੀਆਂ ਦਾ ਹੀ ਗੁਲਾਮ ਸੀ। ਜਿਹਨਾਂ ਨੂੰ ਆਜ਼ਾਦੀ 15 ਅਗਸਤ ਨੂੰ ਨਹੀਂ 26 ਜਨਵਰੀ 1950 ਨੂੰ ਮਿਲੀ, ਜਦੋਂ ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਪੂਰਨ ਹੋ ਕੇ ਬਹਿਸਾਂ ਵਿਚੋਂ ਲੰਘ ਕੇ 26 ਜਨਵਰੀ 1950 ਨੂੰ ਲਾਗੂ ਹੋਇਆ। ਹਕੀਕਤ ਇਹ ਹੈ ਕਿ ਭਾਰਤ ਅਤੇ ਉਚੀਆਂ ਜਾਤੀਆਂ ਦੇ ਲੋਕ 15 ਅਗਸਤ ਨੂੰ ਆਜ਼ਾਦ ਹੋ ਗਏ, ਜਿਹਨਾਂ ਦੇ ਹੱਥ ਦੇਸ਼ ਦੀ ਰਾਜਨੀਤਿਕ ਤਾਕਤ ਵੀ ਚਲੀ ਗਈ, ਪ੍ਰੰਤੂ ਭਾਰਤ ਦੀ 90 ਫੀਸਦੀ ਜਨਤਾ 26 ਜਨਵਰੀ 1950 ਨੂੰ ਆਜ਼ਾਦ ਹੋਈ, ਜਦੋਂ ਦੇਸ਼ ਦਾ ਸੰਵਿਧਾਨ ਲਾਗੂ ਹੋਇਆ ਤੇ ਸੰਵਿਧਾਨ ਨੇ "ਸਮੂਹ ਭਾਰਤੀਆਂ" ਨੂੰ ਬਰਾਬਰੀ ਪ੍ਰਦਾਨ ਹੀ ਨਹੀਂ ਕੀਤੀ, ਬ੍ਰਾਹਮਣ ਅਤੇ ਮਨੂੰ ਸਿਮਰਤੀ ਦੁਆਰਾ 2000 ਸਾਲ ਤੋਂ ਖੋਹੇ ਅਧਿਕਾਰ ਪ੍ਰਦਾਨ ਕਰਕੇ ਮਾਤਰ। ਇਕ ਬ੍ਰਾਹਮਣ, ਖੱਤਰੀ ਤੇ ਵੈਸ਼ ਨੂੰ ਭਾਰਤ ਦੇ ਅਛੂਤ ਅਤੇ ਔਰਤ ਦੇ ਬਰਾਬਰ ਲਿਆ ਖੜ੍ਹਾ ਕੀਤਾ। ਜਾਂ ਇਹ ਕਹੋ ਕਿ ਹਜ਼ਾਰਾਂ ਸਾਲ ਬਾਅਦ ਭਾਰਤ ਦੇ ਸੰਵਿਧਾਨ ਨੇ ਅਛੂਤਾਂ, ਸਛੂਤਾਂ, ਦਲਿਤਾਂ, ਪੱਛੜਿਆਂ, ਹਰੀਜਨਾਂ, ਗਿਰੀਜਨਾਂ, ਲਾਗੀਆਂ, ਵਗਾਰੀਆਂ, ਕੰਮੀਆਂ, ਕਮੀਣਨ, ਨੀਚਾਂ ਗਲੀਚਾਂ ਅਤੇ "ਪਾਪ ਜੋਨੀ" ਔਰਤਾਂ ਨੂੰ ਆਜ਼ਾਦੀ ਦੇ ਪੂਰਨ ਅਧਿਕਾਰ ਦੇ ਕੇ ਕਾਨੂੰਨੀ ਤੌਰ 'ਤੇ ਬ੍ਰਾਹਮਣ ਦੇ ਬਰਾਬਰ ਖੜ੍ਹਾ ਕਰ ਦਿੱਤਾ। ਇੱਥੋਂ ਤੀਕ ਕਿ ਬ੍ਰਾਹਮਣ ਵੀ ਜੇ ਕੋਈ ਗੁਨਾਹ ਕਰਦਾ ਫੜਿਆ ਜਾਂਦਾ ਹੈ ਤਾਂ ਉਸਨੂੰ ਵੀ ਕਾਨੂੰਨ ਅਨੁਸਾਰ ਬਰਾਬਰ ਦੀ ਸਜ਼ਾ ਤਹਿ ਕੀਤੀ ਗਈ।

ਭਾਰਤੀ ਕਮਿਊਨਿਸਟਾਂ ਨੇ ਕਿਹਾ ਆਜ਼ਾਦੀ ਝੂਠੀ ਹੈ। ਉਹ 80-90 ਸਾਲ ਤੋਂ ਇਹੋ ਆਖਦੇ ਰਹੇ। ਪ੍ਰੰਤੂ ਉਹ ਕਦੀ ਨਹੀਂ ਦੱਸ ਸਕੇ ਕਿ ਆਜ਼ਾਦੀ ਝੂਠੀ ਹੈ ਤਾਂ ਕਿਉਂ ਝੂਠੀ ਹੈ। ਉਹਨਾਂ ਨੇ ਬੰਗਾਲ ਵਿਚ 30 ਸਾਲ ਤੱਕ ਲੰਬਾ ਰਾਜ ਕੀਤਾ ਤਦ ਵੀ ਉਹ ਨਹੀਂ ਦੱਸ ਸਕੇ ਕਿ ਆਜ਼ਾਦੀ ਝੂਠੀ ਦਾ ਅਰਥ ਕੀ ਹੁੰਦਾ ਹੈ ਅਤੇ ਸੱਚੀ ਆਜ਼ਾਦੀ ਕੀ ਹੁੰਦੀ ਹੈ। ਇਹ ਵੋਟ ਅਤੇ ਸੰਵਿਧਾਨ ਦੇ ਵਿਰੋਧ 'ਚ ਧੂੰਆਧਾਰ ਪ੍ਰਚਾਰ ਕਰਦੇ ਰਹੇ। ਮੈਂ ਵੀ 10-15 ਵਰ੍ਹੇ ਇਹਨਾਂ ਵਿਚ ਹੀ ਰਹਿਆ ਪ੍ਰੰਤੂ ਅਸੀ ਬਹੁਤੇ ਸਿਆਣੇ ਅਤੇ ਲਾਲ-ਬੁਝੱਕੜ ਲੋਕਾਂ ਨੂੰ ਏਨਾ ਵੀ ਨਾ ਦੱਸ ਸਕੇ ਕਿ 26 ਜਨਵਰੀ 1950 ਨੂੰ ਭਾਰਤ ਦੀ ਜਨਤਾ 2000 ਸਾਲ ਹੀ ਨਹੀਂ 5000 ਸਾਲ ਬਾਅਦ ਇਕ ਬਰਾਬਰ ਹੋ ਗਈ ਅਤੇ ਕਾਨੂੰਨੀ ਤੌਰ 'ਤੇ ਬ੍ਰਾਹਮਣ ਅਤੇ ਅਛੂਤ ਅਤੇ ਔਰਤਾਂ ਤਿੰਨੇ ਬਰਾਬਰ ਹੋ ਗਏ। ਅਧਿਕਾਰ ਵੀ ਬਰਾਬਰ ਅਤੇ ਸਜ਼ਾ ਵੀ ਬਰਾਬਰ, ਇਸ ਤੋਂ ਵੀ ਵਧੇਰੇ ਨਿਰਾਸ਼ਾਜਨਕ ਅਤੇ ਦਵੈਸ਼ੀ ਭੂਮਿਕਾ ਇਹਨਾਂ ਦੀ ਇਹ ਰਹੀ ਕਿ ਇਹਨਾਂ ਨੇ ਭਾਰਤ ਦੇ ਲੋਕਾਂ ਦੀ ਆਜ਼ਾਦੀ ਵਿਚ ਨਿਭਾਈ ਡਾ. ਅੰਬੇਦਕਰ ਦੀ ਭੂਮਿਕਾ ਦਾ ਜ਼ਿਕਰ ਕਦੀ ਭੁੱਲ ਕੇ ਵੀ ਨਹੀਂ ਕੀਤਾ। ਸਗੋਂ ਵੱਡੇ ਘਾਗ ਕਾਮਰੇਡਾਂ ਦੇ ਕਹਿਣ ਅਤੇ ਲਿਖਣ ਮੁਤਾਬਕ ਭਾਰਤ ਦੀ ਇਸ ਕਮਿਊਨਿਸਟ ਜਮਾਤ ਦੇ ਆਗੂਆਂ ਨੇ ਅੰਬੇਦਕਰ ਨੂੰ ਪੜ੍ਹਨ 'ਤੇ ਪਾਬੰਦੀ ਲਗਾ ਕੇ ਰੱਖੀ।

ਸਿੱਖਾਂ ਤੋਂ ਤਾਂ ਉਮੀਦ ਕਰਨਾ ਹੀ ਮੂਰਖਤਾ ਸੀ ਕਿ ਉਹ ਆਜ਼ਾਦੀ ਦੇ ਸਹੀ ਅਰਥ ਕਰਨਗੇ। ਪੱਛੜਿਆ ਵਰਗ ਦੇਸ਼ ਭਰ ਵਿਚ ਮਹਿਜ਼ ਹਿੰਦੂ ਅਤੇ ਬ੍ਰਾਹਮਣ ਵਰਗ ਦੇ ਵਾੜੇ ਦੀ ਵਿਸ਼ਾਲ ਗਿਣਤੀ ਤੋਂ ਵੱਧ ਕਦੀ ਕੁਝ ਨਹੀਂ ਰਿਹਾ, ਜਿਸ ਨੇ ਜਾਤੀ ਊਚ-ਨੀਚ ਦਾ ਪ੍ਰਯੋਗ ਸਭ ਤੋਂ ਵਧੇਰੇ ਕੀਤਾ। ਬ੍ਰਾਹਮਣ ਬਣੀਏ ਨੂੰ ਜ਼ਰੂਰਤ ਹੀ ਨਹੀਂ ਸੀ ਕਿ ਉਹ ਆਜ਼ਾਦੀ ਦੇ ਇਤਿਹਾਸ ਵਿਚ ਬ੍ਰਾਹਮਣਾਂ ਬਾਣੀਆਂ ਦੀ ਭੂਮਿਕਾ ਬਿਨਾਂ ਕਿਸੇ ਹੋਰ ਦਾ ਜ਼ਿਕਰ ਕਰਦਾ। ਉਸਨੇ ਆਜ਼ਾਦੀ ਦੇ ਇਤਿਹਾਸ ਨੂੰ ਝੂਠ ਨਾਲ ਭਰਿਆ ਅਤੇ ਲੋਕਾਂ ਨੂੰ ਬਚਪਨ ਤੋਂ ਹੀ ਠੱਪ ਦਿੱਤਾ। ਮੁਸਲਮਾਨਾਂ ਨੇ ਭਾਰਤ ਨੂੰ ਹਿੰਦੁਸਤਾਨ ਬਣਾ ਕੇ ਦਮ ਲਿਆ। ਕੱਲ੍ਹ ਯਾਨਿ ਅਗਸਤ 2015 ਵਿਚ ਮੈਂ ਪਹਿਲੀ ਵਾਰ ਇਕ ਮੁਸਲਮਾਨ ਨੇਤਾ ਨੂੰ 'ਭਾਰਤ' ਸ਼ਬਦ ਦੀ ਵਰਤੋਂ ਕਰਦੇ ਸੁਣਿਆ। ਵਰਨਾ ਮੁਸਲਮਾਨਾਂ ਨੂੰ 'ਅੱਲਾ ਅੱਲਾ ਯਾ ਅੱਲਾ' ਤੋਂ ਵਧੇਰੇ ਕਦੀ ਵੀ ਨਹੀਂ ਹੋਰ ਕੁਝ ਚੇਤੇ ਆਇਆ। ਨਾ ਸੰਵਿਧਾਨ, ਨਾ ਆਜ਼ਾਦੀ ਨਾ ਅੰਬੇਦਕਰ, ਨਾ 26 ਜਨਵਰੀ। ਭਾਵੇਂ ਹੌਲੀ ਹੌਲੀ ਇਕ ਤਬਕਾ ਬਦਲ ਰਿਹਾ ਹੈ। ਸਿੱਖਾਂ ਵਿਚ ਤਾਂ ਨਾ ਅਜਿਹੇ ਭਲੇ ਪੁਰਸ਼ ਕਦੀ ਪੈਦਾ ਹੋਏ ਹਨ ਨਾ ਕੋਈ ਸੰਭਾਵਨਾ ਹੈ। ਇਹ 60 ਸਾਲ ਤੋਂ ਪੰਜਾਬ ਤੇ ਰਾਜ ਕਰਦੇ ਹੋਏ ਵੀ ਕਹੀ ਜਾਂਦੇ ਹਨ ਕਿ ਉਹਨਾਂ ਨੂੰ ਆਜ਼ਾਦੀ ਨਹੀਂ ਹੈ।

ਇਹਨਾਂ ਨੇ ਆਰੀਆ ਸਮਾਜੀ ਹਿੰਦੂ ਵਰਗ ਬਣ ਕੇ ਆਜ਼ਾਦੀ ਲਈ ਮੂਹਰੇ ਹੋ ਕੇ ਮਰਨ ਦਾ ਪ੍ਰਣ ਕੀਤਾ ਤੇ ਨਿਭਾਇਆ। ਕਿਉਂਕਿ ਲਾਲਾ ਲਾਜਪਤ ਰਾਏ ਜੋ ਕਾਂਗਰਸ ਅਤੇ ਆਰੀਆ ਸਮਾਜ ਦੋਹਾਂ ਦਾ ਪ੍ਰਧਾਨ ਸੀ, ਨੇ ਇਕ ਵਾਰ ਲਿਖਿਆ ਸੀ ਕਿ 'ਅਕਾਲੀਓ ਤੁਸੀਂ ਤਾਂ ਸ਼ੇਰ ਹੋ ਸ਼ੇਰ। ਅਸੀਂ ਹਿੰਦੂ ਗਿੱਦੜ ਹਾਂ। ਤੁਹਾਡੇ ਬਿਨਾਂ ਆਜ਼ਾਦੀ ਦੀ ਲੜਾਈ ਨਹੀਂ ਜਿੱਤੀ ਜਾ ਸਕਦੀ।' ਤੇ ਇਉਂ ਅਕਾਲੀ ਸਿੱਖਾਂ ਨੇ ਗਦਰ ਪਾਰਟੀ ਦਾ ਧਨ ਹੜੱਪ ਕਰ ਜਾਣ ਵਾਲੇ ਹਿੰਦੂ ਲੀਡਰ ਮਗਰ ਖੜ੍ਹ ਕੇ ਕੁਰਬਾਨੀਆਂ ਕਰ ਦਿਖਾਈਆਂ। ਹੁਣ ਇਹ 60 ਸਾਲ ਤੋਂ ਰਾਜ ਵੀ ਕਰ ਰਹੇ ਹਨ। ਜ਼ਮੀਨਾਂ ਦੇ ਵੀ ਮਾਲਕ ਹਨ। ਸਰਪੰਚੀਆਂ, ਵਿਧਾਇਕੀਆਂ ਤੇ ਹਕੂਮਤਾਂ ਵੀ ਕੋਲ ਹਨ। ਲੁੱਟਣ ਲਈ ਖਜ਼ਾਨੇ ਵੀ ਹਨ। ਫਿਰ ਵੀ ਕਹਿੰਦੇ ਹਨ ਕਿ ਆਜ਼ਾਦੀ ਨਹੀਂ ਮਿਲੀ। ਦਲਿਤ ਪੱਛੜਿਆਂ ਦੀ ਆਜਾਦੀ ਨੂੰ ਕੁਚਲਦੇ ਆਏ ਹਨ।

ਜਿਸ ਸਥਿਤੀ ਵਿਚ ਸਿੱਖਾਂ ਨੂੰ ਆਜ਼ਾਦੀ ਦਾ ਅਰਥ ਕਰਨਾ, ਭਾਵੇਂ ਔਖਾ ਵੀ ਨਹੀਂ ਪ੍ਰੰਤੂ ਸੌਖਾ ਵੀ ਨਹੀਂ। ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ। ਬ੍ਰਾਹਮਣ ਹਿੰਦੂਆਂ ਨੂੰ ਦੇਸ਼ ਦੀ ਹਕੂਮਤ ਮਿਲ ਗਈ। ਸਿੱਖਾਂ ਨੂੰ ਵਿਸ਼ਾਲ ਸੂਬਾ ਮਿਲ ਗਿਆ ਰਾਜ ਕਰਨ ਨੂੰ। ਹਿੰਦੁਸਤਾਨੀ ਮੁਸਲਮਾਨਾਂ ਨੂੰ ਅੱਲਾ ਮਿਲ ਗਿਆ। ਪੱਛੜਿਆਂ ਨੂੰ ਨਾ ਕੋਈ ਲੋੜ ਸੀ, ਨਾ ਕੁਝ ਮਿਲਿਆ, ਨਾ ਇਹ ਸਮਝਣ ਦੇ ਯੋਗ ਹਨ।

1946 'ਚ ਜਦੋਂ ਤਹਿ ਹੋ ਗਿਆ ਕਿ ਭਾਰਤ ਆਜ਼ਾਦ ਹੋਵੇਗਾ, ਤਦ ਪੰਡਤ ਨਹਿਰੂ, ਗਾਂਧੀ, ਪਟੇਲ ਤੇ ਮਾਲਵੀਆ ਸਭ ਨੇ ਲਿਖ ਦਿੱਤਾ ਕਿ ਦੇਸ਼ ਵੰਡ ਦਿੱਤਾ ਜਾਵੇ। ਜਦੋਂ ਪਾਕਿਸਤਾਨ ਬਣਨ ਦਾ ਸਮਾਂ ਆ ਗਿਆ ਤਾਂ ਨਹਿਰੂ ਨੇ ਅੰਬੇਦਕਰ ਦੇ ਭੈਅ ਕਾਰਨ 1946 'ਚ ਖੁਦ ਮਤਾ ਪਾਸ ਕਰਵਾਇਆ ਕਿ ਦੇਸ਼ ਦੇ ਆਜ਼ਾਦ ਹੁੰਦਿਆਂ ਹੀ ਪੱਛੜਿਆਂ ਨੂੰ ਦਲਿਤ ਅਛੂਤਾਂ ਵਾਂਗ ਕਾਨੂੰਨੀ ਅਧਿਕਾਰ ਦਿੱਤੇ ਜਾਣਗੇ, ਤਾਂ ਕਿ ਪੱਛੜੇ ਵੀ ਰੌਲਾ ਨਾ ਪਾ ਲੈਣ। ਪਾਕਿਸਤਾਨ ਬਣ ਗਿਆ। ਦੇਸ਼ ਆਜ਼ਾਦ ਹੋ ਗਿਆ। ਪੰਡਤ ਨਹਿਰੂ ਦੇਸ਼ ਦਾ 15 ਵਿਚੋ. ਸਿਰਫ 2 ਵੋਟਾਂ ਲੈਣ ਵਾਲਾ ਪ੍ਰਧਾਨ ਮੱਤਰੀ ਬਣ ਗਿਆ। 12 ਵੋਟਾਂ ਸ. ਪਟੇਲ ਨੂੰ ਮਿਲੀਆਂ ਸਨ। ਪ੍ਰੰਤੂ ਮਹਾਤਮਾ ਨੇ ਪਟੇਲ ਦੀ ਥਾਂ ਪੰਡਤ ਨੂੰ ਪ੍ਰਧਾਨ ਮੱਤਰੀ ਦੀ ਤਾਜ- ਟੋਪੀ ਪੁਆ ਦਿੱਤੀ। ਦੇਸ਼ ਆਜ਼ਾਦ ਹੋ ਗਿਆ। ਪੰਡਤ ਨਹਿਰੂ ਨੇ ਮਹੀਨਾ ਬਾਅਦ ਹੀ ਪਹਿਲੀ ਬੈਠਕ ਬੁਲਾਈ ਤੇ ਪੱਛੜਿਆਂ ਦੇ ਅਧਿਕਾਰਾਂ ਵਾਲਾ ਮਤਾ ਰੱਦ ਕਰਵਾ ਦਿੱਤਾ ਕਿ ਕਿਸਦੀ ਕੋਈ ਜ਼ਰੂਰਤ ਨਹੀਂ।

26 ਜਨਵਰੀ 1950 ਨੂੰ ਸੰਵਿਧਾਨ ਲਿਖਿਆ ਗਿਆ। ਧਾਰਾ 340 ਵਿਚ ਅੰਬੇਡਕਰ ਨੇ ਪੱਛੜਿਆਂ ਦੇ ਅਧਿਕਾਰਾਂ ਦਾ ਬੰਦੋਬਸਤ ਕੀਤਾ। ਪੰਡਤ ਨਹਿਰੂ ਨੇ ਪੱਛੜਿਆਂ ਅਤੇ ਦਲਿਤਾਂ ਦੇ ਅਧਿਕਾਰਾਂ ਵਿਰੁੱਧ ਦੋ ਪੱਤਰ 'ਗੁਪਤ' ਜਾਰੀ ਕੀਤੇ ਕਿ ਇਹਨਾਂ ਦੇ ਅਧਿਕਾਰਾਂ 'ਤੇ ਅਮਲ ਨਾ ਕੀਤਾ ਜਾਵੇ। ਰਾਸ਼ਟਰਪਤੀ ਵੀ ਪੰਡਤ ਨਹਿਰੂ ਨਾਲ ਸਹਿਮਤ ਸੀ। ਪੰਡਤ ਨੇ ਕਾਕਾ ਕਲੇਲਕਰ ਕਮਿਸ਼ਨ ਦੀ ਤਤਕਾਲੀਨ ਰਿਪੋਰਟ ਵੀ ਰੱਦ ਕਰਵਾਈ। ਪ੍ਰੰਤੂ ਉਹ ਅਛੂਤਾਂ ਦੇ ਅਧਿਕਾਰਾਂ ਦਾ ਕੁਝ ਨਹੀਂ ਸੀ ਕਰ ਸਕਦਾ। ਜੋ ਐਕਟ 1935 ਅਤੇ ਸੰਵਿਧਾਨ 26 ਜਨਵਰੀ ਦਾ ਕਾਨੂੰਨ ਬਣ ਚੁੱਕੇ ਸਨ। ਜਿਸ ਅਧੀਨ ਕਰੀਬ ਚੌਥਾ ਹਿੱਸਾ ਸਰਕਾਰੀ ਨੌਕਰੀਆਂ ਅਤ ਰਾਜਸੀ ਕੁਰਸੀਆਂ ਇਹਨਾਂ ਦੀਆਂ ਬਣੀਆਂ।

1947 ਤੋਂ ਬਾਅਦ 1964-65 ਤੱਕ ਦਲਿਤ ਦਸਵੀਂ ਪਾਸ ਕਰਨ ਲੱਗ ਤੇ ਕਾਨੂੰਨ ਮੁਤਾਬਕ ਨੌਕਰੀਆਂ ਮਿਲਣ ਲੱਗੀਆਂ। ਤਰੱਕੀਆਂ ਮਿਲਣ ਲੱਗੀਆਂ। ਫਿਰ ਦਲਿਤ ਆਈ ਏ ਐਸ, ਆਈ ਐਫ ਐਸ, ਆਈ ਆਰ ਐਸ, ਆਈ ਏ ਆਰ ਏ ਐਸ ਵਗੈਰਾ ਬਣਨ ਲੱਗੇ। 2000 ਸਾਲ ਬਾਅਦ ਦਲਿਤ ਅਛੂਤਾਂ ਨੇ ਵਿੱਦਿਆ ਲਈ। ਨੌਕਰੀਆਂ ਲਈ ਤਰੱਕੀਆਂ ਪਾਈਆਂ। ਉਚੇ ਅਹੁਦਿਆਂ ਤੱਕ ਗਈ। ਮੰਤਰੀ ਗੁਮੰਤਰੀ ਬਣੇ, ਰਾਸ਼ਟਰਪਤੀ ਬਣੇ।

ਮੇਰਾ ਕਹਿਣ ਦਾ ਅਰਥ ਹੈ ਕਿ 26 ਜਨਵਰੀ 1950 ਨੂੰ ਆਮ ਲੋਕਾਂ ਲਈ ਵੀ ਆਜ਼ਾਦੀ ਆਈ। ਅਮਲ ਵਿਚ ਪਈ। ਲੱਖਾਂ ਦਲਿਤ ਨੌਕਰੀਆਂ 'ਚ ਆ ਬੈਠੇ। ਉਚੀਆਂ ਥਾਂਵਾਂ 'ਤੇ ਆ ਬੈਠੇ। ਹਕੂਮਤਾਂ ਕਰਨ ਲੱਗੇ। ਪ੍ਰੰਤੂ ਜੋ ਬੁਰਾ ਹੋਇਆ, ਉਹ ਇਹ ਸੀ ਕਿ ਇਹਨਾਂ ਪੜੇ ਲਿਖੇ ਊਤਾਂ ਨੂੰ ਨਾ ਸੰਵਿਧਾਨ ਦਾ ਪਤਾ ਸੀ ਤੇ ਨਾ 26 ਜਨਵਰੀ 1950 ਦਾ। ਇਹ ਸਭ ਮੰਦਰੀਂ, ਗੁਰਦੁਆਰੀਂ ਤੇ ਸਾਧ ਡੇਰਿਆਂ ਤੇ ਮੜ੍ਹੀਆਂ ਵੱਲ ਸ਼ੁਕਰੀਆ ਕਰਨ ਭੀੜਾਂ ਬਣ ਕੇ ਨਿਕਲ ਤੁਰੇ। ਤੇ 'ਰਾਮ ਨਾਮ' ਲੈਂਦੇ ਰਹੇ ਜਾਪਦੇ ਰਹੇ। ਫਿਰ ਇਹ ਸਦੀਆਂ ਦੇ ਭੁੱਖੇ ਰੋਟੀਆਂ ਉਤੇ ਲਿਟ ਗਏ। ਇਹਨਾਂ ਨੂੰ ਸੂਟਡ ਬੂਟਡ ਹੋਣ ਦਾ ਚਾਅ ਚੜ੍ਹ ਗਿਆ। ਇਹ ਰੋਜ਼ ਬੋਤਲਾਂ ਖਾਲੀ ਕਰਨ ਲੱਗੇ ਤੇ ਮੁਰਗੇ ਡਕਾਰਨ ਲੱਗੇ। ਅੰਬੇਡਕਰ ਤਾਂ ਇਹਨਾਂ ਦੇ ਵਾਰਸਾਂ ਦੇ ਵੀ ਚੇਤੇ ਨਹੀਂ ਸੀ। ਅੰਬੇਡਕਰ ਦਾ ਨਾਂ ਸੁਣਦਿਆਂ ਇਹਨਾਂ ਨੂੰ ਸੂੰਡਕਾ ਚੜ੍ਹਦਾ ਸੀ। ਇਹਨਾਂ ਵਿਚੋਂ ਕੁਝ ਕੁ ਇਨਕਲਾਬੀ ਹੋ ਗਏ ਤੇ ਜਿੰਦਾਬਾਦ ਮੁਰਦਾਬਾਦ ਵਿਚ ਮਸਤ ਹੋ ਗਏ।

ਬਿਨਾਂ ਸ਼ੱਕ ਆਜ਼ਾਦੀ ਆਈ। ਬੜੀ ਸ਼ਾਨਦਾਰ ਆਜ਼ਾਦੀ ਆਈ। ਜੋ ਵੀ ਉਠਿਆ, ਉਸਨੇ ਆਪਣਾ ਹਿੱਸਾ ਲੈ ਲਿਆ। ਉਸਦਾ ਜੀਵਨ ਬਦਲ ਗਿਆ। ਪ੍ਰੰਤੂ ਖੋਪੜੀ ਜਿੱਥੇ ਖੜ੍ਹੀ ਸੀ, ਉਥੇ ਹੀ ਖੜ੍ਹੀ ਰਹੀ। ਉਹ ਨਹੀਂ ਬਦਲੀ। ਇਹ ਆਜ਼ਾਦ ਹੋ ਗਏ ਪ੍ਰੰਤੂ ਇਹ ਬਾਕੀਆਂ ਦੇ ਬਰਾਬਰ ਦੇ ਬੰਦੇ ਨਹੀਂ ਬਣੇ। ਨੀਵੇਂ ਹੀ ਰਹੇ। ਉੱਚੇ ਹੋਣ ਦੇ ਭਰਮ ਦਾ ਢਿੱਡ ਜ਼ਰੂਰ ਹੋ ਗਿਆ। ਇਹ 99 ਫੀਸਦੀ ਸੂਰਮੇ ਉਹਨਾਂ ਲੋਕਾਂ ਨਾਲ ਘ੍ਰਿਣਾ ਕਰਦੇ ਹਨ ਜੋ ਮਨੁੱਖੀ ਬਰਾਬਰੀ ਲਈ ਅੱਜ ਵੀ ਲੜ ਰਹੇ ਹਨ, ਜੂਝ ਰਹੇ ਹਨ।

ਇਹ ਮੰਦਰਾਂ, ਗੁਰਦੁਆਰਿਆਂ, ਸਾਧ ਡੇਰਿਆਂ, ਸਮਾਧਾਂ, ਮੜ੍ਹੀਆਂ ਉਤੇ ਰੋਜ ਰੋਜ ਜਾ ਸਕਦੇ ਹਨ, ਭੇਟਾ ਚੜ੍ਹਾ ਸਕਦੇ ਹਨ। ਅੱਡੀਆਂ ਗੋਡੇ ਰਗੜ ਸਕਦੇ ਹਨ। ਤੀਰਥਾਂ ਸਰੋਵਰ ਨਹਾ ਸਕਦੇ ਹਨ, ਸਾਧਾਂ ਪੁਜਾਰੀਆਂ ਦੇ ਪੈਰਾਂ ਦੀ ਮੈਲ ਨਿਰੀ ਧੋ ਕੇ ਪੀ ਸਕਦੇ ਹਨ, ਪ੍ਰੰਤੂ ਇਹਨਾਂ ਨੂੰ ਮਨੁੱਖੀ ਬਰਾਬਰੀ ਲਈ ਲੜਦਾ ਕੋਈ ਮਨੁੱਖ ਰਾਹ ਵਿਚ ਮਿਲ ਪਵੇ ਤਾਂ ਰਸਤਾ ਬਦਲ ਜਾਂਦੇ ਹਨ। ਸੋ ਨੱਕ ਬੁੱਲ੍ਹ ਚੜ੍ਹਾਉਂਦੇ ਹਨ। ਇਹ ਰੋਜ਼ ਬੋਤਲਾਂ ਡਕਾਰ ਸਕਦੇ ਹਨ। ਸਾਬਤੇ ਮੁਰਗੇ ਹਜ਼ਮ ਕਰ ਸਕਦੇ ਹਨ। ਕੌਮ ਦੇ ਨਾਂ 'ਤੇ ਸੌ ਪੰਜਾਹ ਰੁਪਈਏ ਦੇਣੇ ਪੈਣ ਤਾਂ ਸੱਪ ਸੁੰਘ ਜਾਂਦਾ ਹੈ। ਫਿਰ ਇਹ ਇੱਕਦਮ ਟਾਈਟ ਹੋ ਜਾਂਦੇ ਹਨ।

ਮੈਂ ਕੱਲ੍ਹ ਹੀ ਇਕ ਅਮੀਰ ਜੋੜੇ ਦੀ ਸ਼ਾਦੀ ਦੀ ਖਬਰ ਪੜ੍ਹ ਰਿਹਾ ਸਾਂ। ਜਿਹਨਾਂ ਨੇ ਵਿਆਹ ਵਿਚ ਚੁਣਵੇਂ ਬੰਦਿਆਂ ਬਿਨਾਂ ਕਿਸੇ ਨੂੰ ਨਹੀਂ ਬੁਲਾਇਆ ਪ੍ਰੰਤੂ ਹਜ਼ਾਰਾਂ ਗਰੀਬ ਲਾਚਾਰ ਲੋਕਾਂ ਨੂੰ ਬੁਲਾ ਕੇ ਭੋਜਨ ਵੀ ਕਰਵਾਇਆ ਅਤੇ ਦਾਨ ਵੀ ਦਿੱਤਾ। ਮੈਂ ਅੱਜਕੱਲ੍ਹ ਕਦੀ ਕਦੀ ਦਲਿਤਾਂ ਦੀਆਂ ਸ਼ਾਦੀਆਂ 'ਚ ਜਾਂਦਾ ਹੈ। ਜਾਣਾ ਪੈਂਦਾ ਹੈ ਤਾਂ ਪੰਜ ਪੰਜ ਲੱਖ ਦੇ ਸਜਾਵਟੀ ਸ਼ਾਮਿਆਨੇ ਲਗਾਏ ਹੁੰਦੇ ਹਨ, ਪਕਵਾਨਾਂ ਦਾ ਤਾਂ ਅਤਿ ਹੀ ਕੋਈ ਨਹੀਂ ਹੁੰਦਾ। ਬੋਤਲਾਂ ਦੇ ਦੌਰ ਤੇ ਤਰ੍ਹਾਂ ਤਰ੍ਹਾਂ ਦੇ ਮਾਸ ਦਿਨ ਭਰ ਵਰਤਦੇ ਹਨ। ਕਿਸੇ ਨੂੰ ਵੀ ਕਹੋ ਕਿ ਕੌਮ ਦਾ ਸੁਆਲ ਹੈ ਤਾਂ ਅੰਦਰ ਬਾਹਰ ਸਭ ਟਾਈਟ ਹੋ ਜਾਂਦਾ ਹੈ।

ਕੌਣ ਮੂਰਖ ਕਹਿੰਦਾ ਹੈ ਕਿ ਆਜ਼ਾਦੀ ਨਹੀਂ ਆਈ? ਜਿਹਨਾਂ ਵਾਸਤੇ ਨਹੀਂ ਆਈ, ਉਹਨਾਂ ਦੀ ਪਰਵਾਹ ਕਿਸਨੂੰ ਹੈ? ਜੇ ਕੋਈ ਉਹਨਾਂ ਦੀ ਪਰਵਾਹ ਕਰਦਾ ਹੈ ਤਾਂ ਉਸਨੂੰ ਹੱਥ ਅੱਡ ਕੇ ਮੰਗਣਾ ਪੈਂਦਾ ਹੈ ਤੇ ਅੱਗੋਂ ਸੌ ਸੌ ਸੁਣਨੀਆਂ ਪੈਂਦੀਆਂ ਹਨ। ਇਕ ਆਈ ਏ ਐਸ, ਆਈ ਪੀ ਐਸ ਬੰਦਾ ਵੀ 100-50 ਦਿੰਦਾ ਪਿਚਕ ਜਾਂਦਾ ਹੈ। ਤੇ ਹਾੜ੍ਹੇ ਕੱਢਣ ਆਏ ਵੱਲ ਮਾਰਨ ਖੰਡੇ ਸੰਢੇ ਵਾਂਗ ਝਾਕਦਾ ਹੈ। ਆਜ਼ਾਦੀ ਤਾਂ ਆਈ ਹੈ। ਪ੍ਰੰਤੂ ਨਾ ਅਕਲ ਆਈ ਹੈ, ਨਾ ਬਰਾਬਰੀ ਨਾ ਹਿੰਮਤ। ਕਰੋੜਾਂ ਰੁਪਏ ਜੋੜਨ ਵਾਲਿਆਂ ਦੀ ਜੇਬ ਖਾਲੀ ਹੁੰਦੀ ਹੈ।

ਮੈਂ 40-45 ਵਰ੍ਹਿਆਂ ਤੋਂ ਆਪਣੇ ਲੋਕਾਂ ਦੀ ਆਜ਼ਾਦੀ ਤੇ ਬਰਾਬਰੀ ਲਈ ਲੜ ਰਿਹਾ ਹਾਂ। ਕੀ ਤੁਸੀਂ ਯਕੀਨ ਕਰੋਗੇ ਕਿ 40-45 ਸਾਲ ਵਿਚ ਮੈਂ ਕੋਈ ਇਕ ਗੁਰਨਾਮ ਸਿੰਘ ਹੋਰ ਤਿਆਰ ਨਹੀਂ ਕਰ ਸਕਿਆ। ਜਿਸ 'ਤੇ ਉਂਗਲ ਰੱਖ ਕੇ ਮਾਣ ਕਰ ਸਕਾਂ। ਭਾਵੇਂ ਥੋੜਾ ਬਹੁਤ ਲੜਨ ਭਿੜਨ ਵਾਲੇ ਬਹੁਤ ਹੋਣਗੇ ਪ੍ਰੰਤੂ ਮੈਨੂੰ ਆਪਣਾ ਨਾ ਕੋਈ ਰੂਪ ਲੱਭਾ ਹੈ ਨਾ ਵਾਰਸ। ਮਿੱਤਰੋ, ਬ੍ਰਾਹਮਣ ਨੇ ਇਸ ਦੇਸ਼ ਨੂੰ ਭਿਆਨਕ ਮਾਰੂਥਲ ਬਣਾ ਦਿੱਤਾ ਹੈ।

ਪੂਰੀ ਘਟਾ ਵੀ ਦਿਨ ਭਰ ਵਰ੍ਹ ਜਾਵੇ ਤਾਂ ਅੱਧੇ ਘੰਟੇ ਬਾਅਦ ਗਿੱਲ ਲੱਭਣੀ ਔਖੀ ਹੋ ਜਾਂਦੀ ਹੈ। ਅਸੀਂ ਜਿਹਨਾਂ ਆਪਣੀਆਂ ਬਸਤੀਆਂ ਲਈ ਲੜਦੇ ਹਾਂ, ਉਹ ਬਸਤੀਆਂ ਹੀ ਸਾਨੂੰ ਸਾਬਤੇ ਨਿਕਲ ਜਾਂਦੀਆਂ ਹਨ। ਸਾਨੂੰ ਦੁਬਮਣ ਤੋਂ ਉਨਾ ਖਤਰਾ ਨਹੀਂ ਹੁੰਦਾ, ਜਿੰਨਾ ਖਤਰਾ ਆਪਣੀ ਬਸਤੀ ਦੇ ਲੋਕਾਂ ਤੋਂ ਹੁੰਦਾ ਹੈ। ਅਸੀਂ ਜਿਹਨਾਂ ਨੂੰ ਆਜ਼ਾਦੀ ਮਿਲ ਗਈ ਹੈ, ਇਸਨੂੰ ਇਕੱਲੇ ਇਕੱਲੇ ਕਰਾਰੇ ਤੇ ਰਸਦਾਰ ਹੱਡਾਂ ਵਾਂਗ ਚਬਾ ਸਕਦੇ ਹਾਂ, ਚੂਸ ਸਕਦੇ ਹਾਂ, ਪ੍ਰੰਤੂ ਇਸਨੂੰ ਵੰਡ ਕੇ ਨਹੀਂ ਖਾ ਸਕਦੇ। ਅਕ੍ਰਿਤਘਣ ਸਮਾਜ ਨਾਲ ਮੋੜ ਮੋੜ ਤੇ ਵਾਸਤਾ ਪੈਂਦਾ ਹੈ।

ਸੰਤ ਕਬੀਰ ਸੱਚ ਕਹਿੰਦੇ ਹਨ ਕਿ: ਮੁਰਦੇ ਰੋਟੀ ਖਾ ਰਹੇ ਹਨ, ਮੁਰਦੇ। ਕਿਸੇ ਦੀ ਨਹੀਂ ਸੁਣਦੇ। ਕਿਸੇ ਵੱਲ ਨਹੀਂ ਵੇਖਦੇ। ਪ੍ਰੰਤੂ ਜਦੋਂ ਕਿਸੇ ਦੇ ਪਿਛਵਾੜੇ ਤੇ ਲੱਤ ਪੈਂਦੀ ਹੈ ਤਾਂ ਬਚਾਓ। ਬਚਾਓ। ਕਰਦੇ ਚੀਖ ਉਠਦੇ ਹਨ। ਇਹ ਸਾਰਾ ਸੰਸਾਰ ਸੁਖੀ ਹੈ।

ਭੁੱਖਾ ਵੀ ਮਜੇ ਨਾਲ ਸੌਂਦਾ ਹੈ। ਖਾਂਦਾ ਹੈ ਸੌ ਜਾਂਦਾ ਹੈ। ਬੱਸ ਇਕ ਕਬੀਰ ਦੁਖੀ ਹੈ, ਇਹਨਾਂ ਦੀ ਹਾਲਤ ਨੂੰ ਯਾਦ ਕਰਕੇ ਰਾਤ ਭਰ ਜਾਗਦਾ ਵੀ ਹੈ ਰੋਂਦਾ ਵੀ ਹੈ।



# ਮਹਿਫਲ ਸੱਚੇ ਵਿਚਾਰਾਂ ਦੀ


## ਪਰਮਜੀਤ ਸਿੰਘ ਸੇਖੋਂ (ਦਾਖਾ)

ਪ੍ਰਧਾਨ, ਦਲ ਖਾਲਸਾ ਅਲਾਇੰਸ
ਕੋਆਰਡੀਨੇਟਰ, ਅਮੈਰਕਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (510-774-5909)




501- ਉਜੜੇ ਪੁਲਾਂ ਹੇਠ ਪਾਣੀ ਨਹੀਂ ਹੁੰਦਾ।

502- ਤਿੜਕੇ ਹੋਏ ਲੋਕ ਠਿਕਰੀਆਂ ਬਣ ਜਾਂਦੇ ਨੇ।

503- ਉਹਦੇ ਝਿੜਕੇ ਸਾਨੂੰ ਭੁੱਲ ਗਏ, ਹੰਝੂ ਰਿੜਕੇ ਸਾਨੂੰ ਭੁੱਲ ਗਏ, ਦਿਲ ਕੀਤਾ ਬਾਗੋ ਬਾਗ ਨਿਮਾਣੇ ਸੱਜਣਾਂ ਨੇ, ਪਾਇਆ ਨਵੇਂ ਸਾਲ ਦਾ ਕਾਰਡ ਪੁਰਾਣੇ ਸੱਜਣਾਂ ਨੇ।

504- ਲਾਲਚ ਤੋਂ ਬਿਨਾਂ ਜ਼ਿੰਦਗੀ ਜਿਊਣੀ ਔਖੀ ਹੈ, ਰੋਟੀ ਖਾਣੀ ਸਜਣਾ ਕਿਹੜੀ ਸੌਖੀ ਹੈ।

505- ਜੱਗ ਚੰਦਰਾ ਦੂਜੇ ਨੂੰ ਕਹਿੰਦਾ ਅੱਖੀਂ ਮੈਂ ਡਿੱਠਾ, ਲਾਲਚ ਤੋਂ ਬਿਨਾਂ ਚੱਲਦਾ ਨਹੀਉਂ ਕੋਈ ਵੀ ਕਿੱਤਾ।

506- ਕੋਈ ਸੋਹਣਾ ਤਾਣਾ ਬੁਣਦੇ ਨੇ ਦਿਲ ਨੂੰ ਟੁੰਬ ਜਾਂਦੇ ਨੇ, ਕਈ ਸ਼ਬਦਾਂ ਨੂੰ ਸੁਲਝਾਉਂਦੇ ਭੀੜ ਦੇ ਵਿੱਚ ਗੁੰਮ ਜਾਂਦੇ ਨੇ।

508- ਤਬਦੀਲੀ ਕੁਦਰਤ ਦੀ ਅੱਟਲ ਸਚਾਈ ਹੈ।

509- ਜ਼ਿੰਦਗੀ ਦੀ ਗੱਡੀ ਨੂੰ ਮਟਕ ਨਾਲ ਤੋਰਨ ਤੇ ਜ਼ਿੰਦਗੀ ਦੇ ਔਖੇ ਪੈਂਡੇ ਮਾਰਨ ਲਈ ਇਹ ਬਹੁੱਤ ਜ਼ਰੂਰੀ ਹੈ ਕਿ ਸਾਡੇ ਮਨ ਦੇ ਅੰਦਰ ਜ਼ਿੰਦਗੀ ਦੀ ਪਿਆਰ ਰੂਪੀ ਚੰਗਿਆੜੀ ਸਦਾ ਭੱਖਦੀ ਰਹੇ।

510- ਰੋਹੀ ਬੀਆਬਾਨ 'ਚ ਤੁਰਦੇ ਰਾਹੀ ਨੂੰ ਕਿਤੇ ਜੀਵਨ ਲੋਅ ਬਲਦੀ ਦਿਸ ਪਵੇ ਤਾਂ ਉਸ ਵਿੱਚ ਜਾਨ ਪੈ ਜਾਂਦੀ ਹੈ।

511- ਨਿੱਕੀ ਜਿੰਨੀ ਦੀਵੇ ਦੀ ਲੋਅ ਤੇ ਰੋਸ਼ਨੀ ਵੇਖ ਕੇ ਡਰ ਕਿੱਧਰੇ ਚੱਲਿਆ ਜਾਂਦਾ ਹੈ।

512- ਪਿਆਰ ਚਿਣਗ ਜੇ ਤਾਅ ਉਪਰ ਕਾਇਮ ਰਹੇ ਤਾਂ ਕੋਈ ਵੀ ਇਨਸਾਨ ਬੁਝਿਆ ਬੁਝਿਆ ਤੇ ਹਾਰਿਆ ਥੱਕਿਆ ਨਜ਼ਰ ਨਹੀਂ ਆਵੇਗਾ।

513- ਚਾਹਤ ਦੀ ਚਿਣਗ ਦੇ ਜਗਣ ਨਾਲ ਹੀ ਜ਼ਿੰਦਗੀ 'ਚ ਖੇੜਾ ਤੇ ਖੁਸ਼ੀ ਭਰ ਸਕਦੇ ਹਨ।

514- ਜ਼ਿੰਦਗੀ ਨੂੰ ਸਾਵਾਂ ਪੱਧਰਾ ਰੱਖਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਜੀਵਨ ਸਾਥੀ ਨੂੰ ਪੂਰਾ ਸਹਿਯੋਗ ਦੇਈਏ।

515- ਆਪਣੇ ਜੀਵਨ ਸਾਥੀ ਤੇ ਕੀਤਾ ਭਰੋਸਾ ਤੁਹਾਨੂੰ ਤਾਕਤ ਬਖਸ਼ਦਾ ਹੈ।

516- ਜੇ ਰੂਹ, ਕਲਬੂਤ ਤੇ ਜਿੰਦ ਜਾਨ ਇੱਕ ਬਣ ਜਾਵੇ ਤਾਂ ਫਿਰ ਕੋਈ ਵੀ ਝੱਖੜ ਤੁਹਾਡੇ ਜੀਵਨ ਦੀ ਮਹਿਕ ਨੂੰ ਬਿਖੇੜ ਨਹੀਂ ਸਕਦਾ।

517- ਜ਼ਿੰਦਗੀ ਦੀ ਖੁਸ਼ਬੂ ਨੂੰ ਮਾਨਣ ਲਈ ਅਸੀਂ ਆਪਣੇ ਅੰਦਰ ਸੰਤੁਲਨ ਬਣਾਈ ਰੱਖੀਏ ਤੇ ਜ਼ਿੰਦਗੀ ਜਿਊਣ ਦੇ ਚਾਅ ਸਦਾ ਕਾਇਮ ਰੱਖੀਏ।

518- ਪ੍ਰੇਮੀਆਂ ਦਾ ਵਿਆਹ ਨਾ ਹੋਣਾ ਅਤੇ ਹੋ ਜਾਣਾ, ਦੋਵੇਂ ਦੁਖਾਂਤ ਹਨ।

519- ਜੇ ਪ੍ਰੇਮੀ ਵਿੱਚੋਂ ਪ੍ਰੇਮ ਕੱਢ ਦਿੱਤਾ ਜਾਵੇ ਤਾਂ ਜੋ ਬਾਕੀ ਬੱਚਦਾ ਹੈ ਉਸ ਨੂੰ ਪਤੀ ਕਹਿੰਦੇ ਹਨ।

520- ਵਿਅਕਤੀ ਕਿਧਰੇ ਵੀ ਰਹੇ, ਉਸਨੂੰ ਬਚਪਨ ਦਾ ਦੇਸ਼ ਨਹੀਂ ਭੁੱਲਦਾ।

521- ਉਹ ਘਾਟੇ ਨਹੀਂ ਭੁੱਲਦੇ ਜਿਹੜੇ ਬਰਦਾਸ਼ਤ ਕਰਨੇ ਪਏ ਸਨ।

522- ਕਿਸੇ ਨੂੰ, ਤੁਸੀਂ ਤੋਂ ਤੂੰ ਆਖਣ ਤੱਕ ਸਫਰ ਬੜਾ ਲੰਮਾ ਹੁੰਦਾ ਹੈ।

523- ਕਿਸੇ ਦੇ ਮੱਥੇ 'ਤੇ ਬਿੰਦੀ ਜ਼ਿੰਨੀ ਥਾਂ ਬਣਾਉਣੀ ਕਦੇ ਵੀ ਸੌਖੀ ਨਹੀਂ ਹੁੰਦੀ।

524- ਜਿਸ ਖੇਡ ਦੇ ਕੋਈ ਨੇਮ ਨਾ ਹੋਣ ਉਹ ਖੇਡ ਬਹੁਤਾ ਚਿਰ ਖੇਡੀ ਨਹੀਂ ਜਾ ਸਕਦੀ।

525- ਜਵਾਨੀ ਦੇ ਦਿਨਾਂ ਵਿੱਚ ਮਨ ਅੰਦਰ ਆਜ਼ਾਦ ਵਿਚਾਰਾਂ ਦੀਆਂ ਹਨੇਰੀਆਂ ਚਲਦੀਆਂ ਹਨ ਅਤੇ ਦਿਲ ਵਿੱਚ ਰੰਗੀਨ ਤਰੰਘਾਂ ਦੀ ਪੀਂਘ ਪੈਂਦੀ ਹੈ।

526- ਧਰਮ ਦਾ ਇਹ ਬਹੁਤ ਵੱਡਾ ਯੋਗਦਾਨ ਹੈ ਕਿ ਇਸ ਨੇ ਆਤਮਾ ਦੇ ਸੰਕਲਪ ਨੂੰ ਉਸਾਰਿਆ ਹੈ।

527- ਸੰਸਾਰ ਕੋਲ ਜੇ ਆਤਮਾ ਅਤੇ ਦਿਲ ਦੇ ਸੰਕਲਪ ਨਾ ਹੁੰਦੇ ਤਾਂ ਮਨੁੱਖ ਦੇ ਜੀਵਨ ਦੀਆਂ ਤਸੱਲੀਆਂ ਦੀ ਪੱਧਰ ਬੜੀ ਨੀਵੀਂ ਹੋਣੀ ਸੀ।

528- ਇਜ਼ਤ ਮਾਣ ਸਤਿਕਾਰ, ਇੱਕ ਦੂਜੇ ਦਾ ਧਿਆਨ ਰੱਖਣ ਅਤੇ ਇੱਕ ਦੂਜੇ ਉੱਤੇ ਨਿਰਭਰ ਹੋਣ ਵਿਚੋਂ ਮਿਲਦਾ ਹੈ।

529- ਆਪਣੇ ਆਪ ਨਾਲੋਂ ਕਿਸੇ ਦੂਸਰੇ ਨੂੰ ਵਧੇਰੇ ਪਿਆਰ ਕਰ ਸਕਣ ਦੀ ਤਾਂਘ ਅਤੇ ਸਮਰੱਥਾ ਨੂੰ ਹੀ ਸ਼ਰਧਾ ਅਤੇ ਕੁਰਬਾਨੀ ਕਹਿੰਦੇ ਹਨ।

530- ਕਿਸੇ ਪ੍ਰਕਾਰ ਦੀ ਕੰਜੂਸੀ ਅਤੇ ਪ੍ਰੇਮ ਨਾਲ ਨਾਲ ਨਹੀਂ ਚੱਲ ਸਕਦੇ।

531- ਕੰਜੂਸ ਵਿਅਕਤੀ ਖੁਲ੍ਹ ਕੇ ਹਸਦੇ ਵੀ ਨਹੀਂ।

532- ਅਸੀਂ ਜਿਉਂਦੇ ਹਾਂ ਪ੍ਰੇਮ ਕਰਨ ਲਈ ਅਤੇ ਪ੍ਰੇਮ ਕਰਦੇ ਹਾਂ ਜਿਉਣਾ ਸਿੱਖਣ ਲਈ।

533- ਇਸਤਰੀਆਂ ਨੂੰ ਵੇਰਵਿਆਂ ਵਿੱਚ ਅਤੇ ਮਰਦਾਂ ਨੂੰ ਫੈਂਸਲਿਆਂ ਵਿੱਚ ਵਧੇਰੇ ਦਿਲਚਸਪੀ ਹੁੰਦੀ ਹੈ।

534- ਪਤੀ ਪਤਨੀ ਦਾ ਵਖਰੇਵਾਂ ਸਭ ਤੋਂ ਵੱਧ ਸਪਸ਼ਟ ਰੂਪ ਵਿੱਚ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਕਿਸੇ ਖਰੀਦਦਾਰੀ ਲਈ ਇੱਕਠੇ ਬਾਜ਼ਾਰ ਜਾਂਦੇ ਹਨ।

535- ਪਤੀਆਂ ਨੂੰ ਨਿੱਕੀਆਂ ਨਿੱਕੀਆ ਚੀਜ਼ਾਂ ਦੀ ਖਰੀਦਦਾਰੀ ਬੜੀ ਔਖੀ ਲਗਦੀ ਹੈ।

536- ਇਸਤਰੀਆਂ ਕੋਲ ਪੈਸੇ ਭਾਵੇਂ ਪੁਰਸ਼ਾਂ ਜਿਤਨੇ ਨਹੀਂ ਹੁੰਦੇ ਪਰ ਉਨ੍ਹਾਂ ਕੋਲ ਭਾਵੁਕ ਅਮੀਰੀ ਅਤੇ ਸੁੰਦਰਤਾ ਦੀ ਖੁਸ਼ਹਾਲੀ ਹੁੰਦੀ ਹੈ।

537- ਪੁਰਸ਼ਾਂ ਦੇ ਵਿਵਹਾਰ ਵਿੱਚ ਹੰਕਾਰ ਅਤੇ ਇਸਤਰੀ ਦੇ ਵਿਵਹਾਰ ਵਿੱਚ ਸਮਰਪਣ ਹੁੰਦਾ ਹੈ।

538- ਤੂੰ ਮੇਰੀ ਹੈਂ, ਇਸ ਵਿੱਚ ਹੰਕਾਰ ਹੈ। ਮੈਂ ਤੇਰੀ ਹਾਂ, ਇਸ ਵਿੱਚ ਸਮਰਪਣ ਹੈ।

539- ਪਿਆਰ, ਹੰਕਾਰ ਤੋਂ ਸਮਰਪਣ ਵੱਲ ਦੀ ਯਾਤਰਾ ਹੈ।

540- ਪਿਆਰ ਵਿੱਚ ਇਸਤਰੀ ਨੂੰ ਕੋਈ ਨਹੀਂ ਹਰਾ ਸਕਦਾ ਕਿਉਂਕਿ ਉਹ ਹਾਰੇ ਤਾਂ ਜੇ ਜਿੱਤਣ ਦੀ ਕਾਮਨਾ ਕਰੇ।

541- ਇਜ਼ਤ ਮਾਣ ਸਤਿਕਾਰ ਦੀ ਕਹਾਣੀ ਕਦੀ ਸਿੱਧੀ ਰੇਖਾ ਵਿੱਚ ਨਹੀਂ ਚੱਲਦੀ, ਇਸ ਵਿੱਚ ਅਨੇਕਾਂ ਚੁਰਸਤੇ ਅਤੇ ਮੋੜ੍ਹ ਆਉਂਦੇ ਹਨ।

542- ਚੀਜਾਂ ਅਤੇ ਜਾਇਦਾਦਾਂ ਦੀ ਖਿੱਚ ਉਨ੍ਹਾਂ ਨੂੰ ਹੁੰਦੀ ਹੈ, ਜਿਨ੍ਹਾਂ ਨੂੰ ਪਿਆਰ ਵਿੱਚ ਖਿੱਚ ਨਹੀਂ ਹੁੰਦੀ।

544- ਸੱਚੀ ਮੁਹੱਬਤ ਨਾਲ ਜੇ ਨਿੱਘੀ ਮੁਹੱਬਤ ਹੋਵੇ ਤਾਂ ਰਸਤੇ ਇਤਨੇ ਰਮਣੀਕ ਹੋ ਜਾਂਦੇ ਹਨ ਕਿ ਮੰਜ਼ਿਲ ਦਾ ਚੇਤਾ ਹੀ ਭੁੱਲ ਜਾਂਦਾ ਹੈ।

545- ਕਈ ਵਾਰੀ ਅਸੀਂ ਕਿਸੇ ਨੂੰ ਇੱਕ ਵਾਰੀ ਹੀ ਮਿਲਦੇ ਹਾਂ ਪਰ ਉਹ ਸਾਨੂੰ ਤਾਰਿਆਂ ਨਾਲ ਰਾਤਾਂ ਮਿਨਣ ਦੀ ਆਦਤ ਪਾ ਜਾਂਦਾ ਹੈ।

546- ਵਿਦਿਆਰਥੀ ਦੋ ਪ੍ਰਕਾਰ ਦੇ ਹੁੰਦੇ ਹਨ ਇਕ ਉਹ ਜਿਹੜੇ ਗਿਆਨ ਦੇ ਪਿੱਛੇ ਦੌੜਦੇ ਹਨ ਦੂਜੇ ਉਹ ਜਿਹੜੇ ਪਿੱਛੇ ਦੌੜਨ ਦਾ ਗਿਆਨ ਪ੍ਰਾਪਤ ਕਰਦੇ ਹਨ।

547- ਕਈ ਲੁੱਟਣ ਜਾਂਦੇ ਹਨ ਪਰ ਲੁਟਾ ਕੇ ਪ੍ਰਤਦੇ ਹਨ।

548- ਬਹੁ ਗਿਣਤੀ ਸਹੁੰਆਂ ਸੱਚ ਬੋਲਣ ਦੀਆਂ ਖਾਂਦੇ ਹਨ ਪਰ ਬੋਲਦੇ ਝੂਠ ਹਨ।

549- ਇਮਾਨਦਾਰ ਹੋ ਕੇ ਜੰਗ ਨਹੀਂ ਜਿੱਤੀ ਜਾ ਸਕਦੀ।

550- ਪਿਆਰ ਅਤੇ ਜੰਗ ਵਿੱਚ ਦੁਸ਼ਮਣ ਨੂੰ ਜਿੱਥੋਂ ਮਰਜੀ ਹੱਥ ਪਾ ਲਵੋ ਜਾਇਜ਼ ਹੈ।

551- ਜਦੋਂ ਅੱਖਾਂ ਕਿਸੇ ਸੋਹਣੇ ਨੂੰ ਦੇਖ ਲੈਂਦੀਆਂ ਹਨ ਤਾਂ ਦਿਲ ਉਸ ਦੀ ਫੋਟੋ ਉਤਾਰ ਲੈਂਦਾ ਹੈ।

552- ਨਿਰੰਸਦੇਹ ਪਿਆਰ ਦੀ ਭਾਵਨਾ ਤੋਂ ਬਿਨਾਂ ਸੁੰਦਰਤਾ ਨਹੀਂ ਵੇਖੀ ਜਾ ਸਕਦੀ।

553- ਪਿਆਰ ਦੀ ਖੇਡ ਵਿੱਚ ਗੋਲ ਉਹੀ ਖਿਡਾਰੀ ਕਰਦਾ ਹੈ ਜਿਹੜਾ ਗੇਂਦ ਨੂੰ ਪਿਆਰ ਨਾਲ ਦੇਖਦਾ ਹੈ।

554- ਪ੍ਰੇਮ ਦੇ ਅਰਥ ਬੇਵੱਸ ਹੋਣ ਤੋਂ ਹਨ।

555- ਦਿਲ 'ਤੇ ਪਈਆਂ ਰਾਤਾਂ ਦੀ ਅਕਸਰ ਸਵੇਰ ਨਹੀਂ ਹੁੰਦੀ।

556- ਜ਼ਿੰਦਗੀ ਵਿੱਚ ਟੈਲੀਫੋਨ ਵਾਂਗ ਗਲਤ ਨੰਬਰਾਂ ਵਾਂਗ ਗਲਤ ਬੰਦੇ ਵੀ ਮਿਲ ਜਾਂਦੇ ਹਨ।

557- ਕਿਸੇ ਦਾ ਦਿਲ ਜਿੱਤਣਾ ਤੇ ਕਿਸੇ ਦਾ ਦਿਲ ਤੋੜਨਾ ਦੋਹਾਂ ਵਿੱਚ ਤਾਕਤ ਵਰਤੀ ਜਾਂਦੀ ਹੈ।

558- ਪਿਆਰ ਵਿੱਚ ਪਿਆਰੇ ਦੇ ਆਉਣ ਨਾਲ ਸਭ ਕੁੱਝ ਸੱਚ ਅਤੇ ਉਸ ਦੇ ਚੱਲੇ ਜਾਣ ਨਾਲ ਸਭ ਕੁੱਝ ਝੂਠ ਹੋ ਜਾਂਦਾ ਹੈ।

559- ਪਿਆਰ ਹੋ ਜਾਣ 'ਤੇ ਦੋਵੇਂ ਧਿਰਾਂ ਨਵੇਂ ਅਰਥਾਂ ਵਾਲੀਆਂ ਸੈਨਤਾਂ ਅਤੇ ਭੇਤ ਭਰੇ ਅਰਥਾਂ ਵਾਲੀ ਸ਼ਬਦਾਵਲੀ ਸਿਰਜ ਲੈਂਦੀਆਂ ਹਨ।

560- ਜੇ ਇਸਤਰੀਆਂ ਨਾ ਹੁੰਦੀਆਂ ਤਾਂ ਪਿਆਰ ਨਹੀਂ ਸੀ ਹੋਣਾ ਅਤੇ ਪੁਰਸ਼ਾਂ ਨੇ ਕੋਈ ਕਮਾਈ ਨਹੀਂ ਸੀ ਕਰਨੀ।

561- ਪੁਰਸ਼ ਇਸਤਰੀ ਲਈ ਬਹੁਤ ਕੁੱਝ ਕਰਦਾ ਹੈ ਪਰ ਇਸਤਰੀ ਪੁਰਸ਼ ਨੂੰ ਅਖਲਾਕੀ ਕਦਰਾਂ ਕੀਮਤਾਂ ਦੇ ਨਾਲ ਨਾਲ ਪਿਆਰ ਕਰਨਾ ਵੀ ਸਿਖਾਉਂਦੀ ਹੈ।

562- ਅਖਲਾਕੀ ਸ਼ਕਤੀ ਤੋਂ ਬਿਨਾਂ ਸਰੀਰਕ ਸ਼ਕਤੀ ਵਿਚੋਂ ਕੇਵਲ ਵਿਭਚਾਰ ਹੀ ਉਪਜਦਾ ਹੈ।

563- ਅਖਲਾਕੀ ਸ਼ਕਤੀ ਵਾਲੇ ਪ੍ਰੇਮੀ ਸੰਸਾਰ ਵਿੱਚ ਉਸਾਰੂ ਪਰਿਵਰਤਨ ਲਿਆਉਂਦੇ ਹਨ।

564- ਇਜ਼ਤ ਮਾਣ ਸਤਿਕਾਰ ਦੇ ਖੇਤਰ ਵਿੱਚ ਜਿਤਨੀ ਵਧੇਰੇ ਜਦੋ ਜਹਿਦ ਹੁੰਦੀ ਹੈ ਉਤਨਾ ਹੀ ਸਾਡਾ ਭਾਵੁਕ ਵਿਕਾਸ ਵਧੇਰੇ ਹੁੰਦਾ ਹੈ।

565- ਜੀਵਨ ਵਿਚ ਜੋ ਕੁੱਝ ਵੀ ਖੂਬਸੂਰਤ ਹੈ ਉਹ ਪਿਆਰ ਦੇ ਰੰਗ ਵਿੱਚ ਰੰਗੇ ਹੋਣ ਕਾਰਨ ਹੀ ਸੁੰਦਰ ਹੈ।

(ਚਲਦਾ)


A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673

ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-479-0242

## ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਦੇ ਜਨਮ ਦਿਨ 'ਤੇ ਵਿਸ਼ੇਸ਼

# 'ਫ਼ਰੀਦ ਜੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪੱਥ-ਪ੍ਰਦਰਸ਼ਕ'



ਪ੍ਰੋ: ਐਚ. ਐਲ. ਕਪੂਰ
01- 916- 587-4002

ਹਰ ਸੱਭਿਆਚਾਰ ਦੀ ਆਪਣੀ ਨਿਵੇਕਲੀ ਹੀ ਪਛਾਣ ਹੁੰਦੀ ਹੈ। ਜਿਸ ਤਰ੍ਹਾਂ ਸੰਗੀਤ, ਨਾਚ, ਖ਼ੁਰਾਕ, ਪਹਿਰਾਵਾ, ਭਾਸ਼ਾ ਆਦਿ। ਇਨ੍ਹਾਂ ਸਭ ਰੂਪਾਂ 'ਚੋਂ ਇਹ ਸੰਭਵ ਹੈ ਕਿ ਭਾਸ਼ਾ ਦਾ ਦ੍ਰਿਸ਼ਟੀਕੋਣ ਸਭ ਤੋਂ ਜ਼ਿਆਦਾ ਮਹੱਤਵ ਰੱਖਦਾ ਹੈ। ਭਾਸ਼ਾ ਸਾਨੂੰ ਸੱਭਿਆਚਾਰ ਸਿਖਾਉਂਦੀ ਹੈ, ਇਕ ਵਿਲੱਖਣ ਪਛਾਣ ਦਿੰਦੀ ਹੈ; ਇਸ ਲਈ ਭਾਸ਼ਾ ਹੀ ਇਕ ਅਜਿਹੀ ਚੀਜ਼ ਹੈ, ਜਿਹੜੀ ਸਾਨੂੰ ਅਲੱਗ ਜਾਂ ਵੱਖਰੀ ਪਛਾਣ ਦਿਵਾਉਂਦੀ ਹੈ। ਇਸ ਸੰਸਾਰ 'ਚ ਹਜ਼ਾਰਾਂ ਹੀ ਭਾਸ਼ਾਵਾਂ, ਬੋਲੀਆਂ ਤੇ ਲਿਖੀਆਂ ਜਾਂਦੀਆਂ ਹਨ। ਯੂਰਪ ਦਾ ਆਧੁਨਿਕ ਸੱਭਿਆਚਾਰ ਹੋਵੇ ਭਾਵੇਂ ਅਫ਼ਰੀਕਾ ਜਾਂ ਦੱਖਣੀ ਅਮਰੀਕਾ ਦੇ ਜੰਗਲਾਂ ਦੇ ਆਦਿਵਾਸੀ ਕਬੀਲੇ ਹੋਣ, ਹਰ ਇਕ ਦੀ ਆਪਣੀ ਵੱਖਰੀ ਪਛਾਣ ਭਾਸ਼ਾ ਕਰਕੇ ਹੀ ਹੈ। ਅਸੀਂ ਭਾਸ਼ਾ ਤੋਂ ਹੀ ਕਿਸੇ ਕੌਮ ਦੇ ਸੱਭਿਆਚਾਰ ਦੀ ਸ਼ੁਰੂ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਾਂ ਤੇ ਭਾਸ਼ਾ 'ਚ ਲਿਖਿਆ ਇਤਿਹਾਸ ਹੀ ਸਾਨੂੰ ਇਹ ਦੱਸਦਾ ਹੈ ਕਿ ਕਿਹੜਾ ਸੱਭਿਆਚਾਰ, ਕਿਹੜੇ ਤੋਂ ਪਹਿਲਾਂ ਹੋਂਦ 'ਚ ਆਇਆ ਤੇ ਉਹ ਕਿੰਨਾ ਪੁਰਾਣਾ ਹੈ। ਸੰਸਾਰ ਦੀਆਂ ਪੁਰਾਣੀਆਂ ਭਾਸ਼ਾਵਾਂ ਚੀਨੀ, ਅਰਬੀ, ਸੰਸਕ੍ਰਿਤ ਆਦਿ 'ਚ ਲਿਖਿਆ ਗਿਆ ਇਤਿਹਾਸ ਹੀ ਸਭ ਤੋਂ ਪੁਰਾਣਾ ਇਤਿਹਾਸ ਹੈ ਪਰ ਕਿਸੇ ਨੁਕਤੇ ਤੋਂ ਜਾਂ ਦੂਜੀਆਂ ਭਾਸ਼ਾਵਾਂ ਦੇ ਸਮੂਹ ਤੋਂ ਦੇਖਿਆ ਜਾਵੇ ਤਾਂ ਫਰਾਂਸ ਤੇ ਜਰਮਨੀ ਆਦਿ ਦਾ ਸੱਭਿਆਚਾਰ ਤੇ ਭਾਸ਼ਾਵਾਂ ਦਾ ਵਿਕਾਸ ਲਾਤੀਨੀ ਭਾਸ਼ਾ 'ਚ ਹੀ ਹੋਇਆ ਹੈ ਤੇ ਇਸ ਤਰ੍ਹਾਂ ਹੀ ਸਾਡੀਆਂ ਭਾਸ਼ਾਵਾਂ ਪੰਜਾਬੀ, ਹਿੰਦੀ, ਉਰਦੂ ਆਦਿ ਭਾਸ਼ਾਵਾਂ ਦਾ ਵਿਕਾਸ ਵੀ ਸੰਸਕ੍ਰਿਤ, ਫਾਰਸੀ ਵਗੈਰਾ 'ਚੋ. ਹੀ ਹੋਇਆ ਹੈ।

ਪੰਜਾਬੀ ਭਾਸ਼ਾ ਦੀ ਪਛਾਣ ਪਹਿਲਾਂ ਸਪਤਸਿੰਧੂ ਭਾਵ ਸੱਤਾਂ ਦਰਿਆਵਾਂ ਦਾ ਦੇਸ਼ ਤੇ ਹੁਣ ਪੰਜਾਬ ਦੇ ਪੰਜ ਦਰਿਆਵਾਂ ਦੇ ਇਲਾਕਿਆਂ 'ਚ ਰਹਿਣ ਵਾਲੇ ਲੋਕਾਂ ਤੋਂ ਕੀਤੀ ਜਾਂਦੀ ਹੈ। ਜੰਮੂ ਦੇ ਪੂਰਬ ਤੇ ਪੱਛਮ 'ਚ ਵਗਦੇ ਦਰਿਆਵਾਂ ਦੇ ਗਿਰਦ ਰਹਿੰਦੇ ਲੋਕ ਵੀ, ਪੰਜਾਬੀ ਅਖਵਾਉਂਦੇ ਹਨ। ਪੰਜਾਬੀ ਸੱਭਿਆਚਾਰ ਤੇ ਬੋਲੀ ਦਾ ਇਤਿਹਾਸ ਸਹੀ ਮਾਅਨਿਆਂ 'ਚ 1173 ਈਸਵੀ ਨੂੰ ਰਮਜ਼ਾਨ ਦੇ ਦਿਨਾਂ ਤੋਂ ਸ਼ੁਰੂ ਹੁੰਦਾ ਹੈ। ਮੇਰੇ ਕਹਿਣ ਤੋਂ ਭਾਵ ਫ਼ਰੀਦ-ਉੱਦ-ਦੀਨ ਮਸਾਊਦ ਸ਼ਕਰਗੰਜ਼, ਬਾਬਾ ਫ਼ਰੀਦ ਦੇ ਪਾਕਪਟਨ ਵਿਖੇ ਜਨਮ ਤੋਂ ਹੁੰਦਾ ਹੈ। ਸ਼ੇਖ ਸੁਲੇਮਾਨ ਦੇ ਘਰ ਇਕ ਅਜਿਹੇ ਚਰਾਗ 'ਤੇ ਮਹਾਨ ਆਤਮਾ ਨੇ ਜਨਮ ਲਿਆ, ਜਿਸ ਨੇ ਆਪਣੇ ਮਾਤਾ-ਪਿਤਾ ਦੇ ਘਰ ਨੂੰ ਹੀ ਰੌਸ਼ਨ ਨਹੀਂ ਕੀਤਾ ਸਗੋਂ ਉਹ ਸਮੁੱਚੀ ਮਾਨਵਤਾ ਲਈ ਸੂਰਜ ਬਣ ਕੇ ਚਮਕਿਆ।

ਹਾਂ, ਇੱਥੇ ਇਹ ਗੱਲ ਸਪਸ਼ਟ ਕਰ ਦੇਣੀ ਬੜੀ ਜ਼ਰੂਰੀ ਹੈ ਕਿ ਸ਼ੇਖ ਫ਼ਰੀਦ ਜੀ ਦੀ ਬਾਣੀ ਅੱਜ ਦੀ ਆਧੁਨਿਕ ਪੰਜਾਬੀ ਦੇ ਸਰਲ ਰੂਪ ਦੇ ਬਹੁਤ ਨਜ਼ਦੀਕ ਜਾਪਦੀ ਹੈ ਕਿਉਂਕਿ ਉਸ ਸਮੇਂ ਪੰਜਾਬੀ ਭਾਸ਼ਾ ਆਪਣੇ ਅੱਪਭ੍ਰੰਸ਼ਕ ਰੂਪ ਤੋਂ ਪਰਿਵਰਤਿਤ ਹੋ ਕੇ ਆਧੁਨਿਕ ਪੰਜਾਬੀ ਦਾ ਰੂਪ ਗ੍ਰਹਿਣ ਕਰ ਰਹੀ ਸੀ। ਇਸ ਲਈ ਕਈ ਇਤਿਹਾਸਕਾਰ ਕਾਫੀ ਸਮਾਂ ਪਹਿਲਾਂ ਕਹਿੰਦੇ ਹੁੰਦੇ ਸਨ ਕਿ ਪੰਜਾਬੀ ਸਾਹਿਤ ਦਾ ਇਤਿਹਾਸ ਹੀ ਬਾਬਾ ਫ਼ਰੀਦ ਤੋਂ ਸ਼ੁਰੂ ਹੁੰਦਾ ਹੈ। ਪਰ ਨਹੀਂ, ਇਹ ਇਸ ਤਰ੍ਹਾਂ ਨਹੀਂ ਹੈ। ਪੰਜਾਬੀ ਭਾਸ਼ਾ ਦੇ ਆਰੰਭ ਨੂੰ ਡਾਕਟਰ ਮੋਹਨ ਸਿੰਘ 'ਦੀਵਾਨਾ' ਆਪਣੇ ਲਿਖੇ ਗਏ ਅੰਗਰੇਜ਼ੀ ਭਾਸ਼ਾ 'ਚ, ਪੰਜਾਬੀ ਸਾਹਿਤ ਦੇ ਇਤਿਹਾਸ 'ਐਨ ਇੰਟਰੋਡਕਸ਼ਨ ਟੂ ਦੀ ਸਟੱਡੀ ਆਫ ਪੰਜਾਬੀ ਲਿਟਰੇਚਰ' 'ਚ ਅੱਠਵੀਂ ਸਦੀ ਤੋਂ ਮੰਨਦੇ ਹਨ। ਇਸ ਨੂੰ ਸਾਬਤ ਕਰਨ ਲਈ, 'ਨਾਥਾਂ ਯੋਗੀਆਂ ਦੇ ਕਾਲ 'ਚ, ਨਾਥਾਂ ਯੋਗੀਆਂ ਦੁਆਰਾ ਪੰਜਾਬੀ ਭਾਸ਼ਾ 'ਚ ਲਿਖੇ ਗਏ ਭਜਨ ਤੇ ਕਵਿਤਾ ਦੇ ਹੋਰ ਰੂਪਾਂ ਨਾਲ, ਸਾਬਤ ਕਰਦੇ ਹਨ। ਇਸ ਲਈ ਉਹ ਬਾਬਾ ਫ਼ਰੀਦ ਜੀ ਤੋਂ ਨਹੀਂ, ਸਗੋਂ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਹੋਰ ਤਿੰਨ-ਚਾਰ ਸੌ ਸਾਲ ਬਾਬਾ ਫ਼ਰੀਦ ਤੋਂ ਪਹਿਲਾਂ ਆਰੰਭ ਹੋਇਆ ਸਾਬਤ ਕਰਦੇ ਹਨ। ਇਸ ਲਈ ਪੰਜਾਬੀ ਸਾਹਿਤ ਦਾ ਇਤਿਹਾਸ ਹਿੰਦੀ ਤੇ ਉਰਦੂ ਭਾਸ਼ਾ ਦੇ ਵਿਕਸਤ ਹੋਣ ਤੋਂ ਕਿਤੇ ਪਹਿਲਾਂ ਦਾ ਹੈ।

ਇਹ ਧਾਰਨਾ ਪੰਜਾਬ, ਭਾਰਤ ਤੇ ਪਾਕਿਸਤਾਨ 'ਚ ਬੜੇ ਪ੍ਰਬੱਲ ਰੂਪ 'ਚ ਮੰਨੀ ਜਾਂਦੀ ਹੈ ਕਿ ਬਾਬਾ ਫ਼ਰੀਦ ਜੀ ਦਾ ਜਨਮ ਉਸ ਸਮੇਂ ਹੋਇਆ ਜਦੋਂ ਅਫ਼ਗਾਨੀ ਲੋਕ ਭਾਰਤ 'ਤੇ ਕਬਜ਼ਾ ਕਰਨ ਲਈ ਪੁਰਜ਼ੋਰ ਹਮਲੇ ਕਰ ਰਹੇ ਸਨ। ਅਮੀਰ ਤੈਮੂਰ (ਤਿੰਮਰ ਲੰਗ), ਹਲਾਕੂ (ਚੰਗੇਜ਼ ਖ਼ਾਨ ਦਾ ਪੁੱਤਰ) ਆਦਿ ਫ਼ਰੀਦ ਜੀ ਦੇ ਜਨਮ ਲੈਣ ਤੋਂ 200 ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਤੋਂ ਭਾਰਤ 'ਤੇ ਹਮਲੇ ਕਰ ਰਹੇ ਸਨ। ਉਸ ਸਮੇਂ ਭਾਰਤ ਦੀ ਸਰਕਾਰੀ ਭਾਸ਼ਾ ਤੁਰਕੀ ਤੇ ਫਾਰਸੀ ਸੀ। ਦਾਸ ਵੰਸ਼ ਦੇ ਰਾਜਾ ਕੁਤਬਦੀਨ ਐਬਕ ਤੋਂ ਆਰੰਭ ਹੋਇਆ ਇਹ ਵੰਸ਼ ਸੁਲਤਾਨ ਬਲਬਨ ਤੱਕ ਭਾਰਤ 'ਤੇ ਕਾਬਜ਼ ਰਿਹਾ। ਭਾਰਤ 'ਤੇ ਕਾਬਜ਼ ਹੋਣ ਤੋਂ 200 ਤੋਂ 300 ਸਾਲ ਪਹਿਲਾਂ ਅਫ਼ਗਾਨਾਂ ਨੇ ਤਲਵਾਰ ਦੇ ਜ਼ੋਰ 'ਤੇ ਇਰਾਨ, ਅਫ਼ਗਾਨਿਸਤਾਨ ਤੇ ਪੂਰਬੀ ਯੂਰਪ ਦੇ ਇਲਾਕਿਆਂ 'ਤੇ ਆਪਣਾ ਰਾਜ ਜਮਾਈ ਰੱਖਿਆ। ਠੀਕ ਇਸੇ ਤਰ੍ਹਾਂ ਹੀ ਦਾਸ ਵੰਸ਼ ਦੇ ਰਾਜਾ ਕੁਤਬਦੀਨ ਐਬਕ ਨੇ ਤਲਵਾਰ ਦੇ ਜ਼ੋਰ ਨਾਲ ਭਾਰਤ 'ਤੇ ਰਾਜ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀ ਆਪਣੇ ਵੱਖ-ਵੱਖ ਕਬੀਲਿਆਂ ਦੀ ਅੰਦਰੂਨੀ ਫੁੱਟ ਕਾਰਨ ਉਹ ਜ਼ਿਆਦਾ ਦੇਰ ਤੱਕ ਕਾਬਜ਼ ਨਾ ਰਹਿ ਸਕੇ। ਇਸ ਸਮੇਂ ਦੌਰਾਨ ਅਰਬ ਦੇਸ਼ਾਂ ਤੇ ਹੋਰ ਥਾਂਵਾਂ ਤੋਂ ਸੂਫ਼ੀ ਆਪਣਾ ਅੱਲਾਹ ਨਾਲ ਪ੍ਰੇਮ ਕਰਨ ਦਾ ਸੰਦੇਸ਼ ਫੈਲਾਉਣ ਲਈ ਭਾਰਤ ਆਏ। ਉਸ ਸਮੇਂ ਸੂਫ਼ੀ ਸੰਤ ਖ਼ਵਾਜਾ-ਕੁਤਬ-ਉੱਲ-ਦੀਨ ਬਖ਼ਤਿਆਰ ਕਾਕੀ ਜਿਹੜਾ ਕਿ ਸਯਦ ਜਾਫ਼ਰੀ ਹੁਸੈਨੀ ਕਬੀਲੇ ਨਾਲ ਸਬੰਧਤ ਸੀ, ਇਕ ਬਹੁਤ ਮਸ਼ਹੂਰ ਸੂਫ਼ੀ ਸੰਤ ਸੀ।

ਖ਼ਵਾਜਾ ਬਖ਼ਤਿਆਰ ਕਾਕੀ ਦਾ ਜਨਮ 1150 ਈਸਵੀ ਦੇ ਕਰੀਬ ਹੋਇਆ ਜਿਸ ਨੇ ਆਪਣੀ ਤਾਲੀਮ ਤੇ ਸੂਫ਼ੀ ਮੱਤ ਦੀ ਸਿੱਖਿਆ ਅੱਬੂ ਹਿਫ਼ਜ਼ ਤੋਂ ਪ੍ਰਾਪਤ ਕੀਤੀ। ਉਹ ਅਜਮੇਰ ਗਿਆ ਤੇ ਮੁਆਇਨ-ਉੱਲ-ਦੀਨ ਹਸਨ ਚਿਸ਼ਤੀ ਦੇ ਪੈਰੋਕਾਰ ਬਣ ਗਏ। ਉਥੇ ਰਹਿੰਦਿਆਂ ਉਹ ਦਿੱਲੀ ਆ ਗਏ ਤੇ ਸ਼ੇਖ਼ ਫ਼ਰੀਦ ਜੀ ਉਹਨਾਂ ਨੂੰ ਦਿੱਲੀ ਮਿਲੇ ਤੇ ਉਨ੍ਹਾਂ ਦੇ ਪੈਰੋਕਾਰ ਬਣ ਗਏ। ਬਾਦਸ਼ਾਹ ਸੁਲਤਾਨ ਸ਼ਾਮਸ-ਉੱਲ-ਦੀਨ ਅਲਤਮੱਸ਼ ਵੀ ਉਨ੍ਹਾਂ ਦੇ ਪੈਰੋਕਾਰ ਬਣ ਗਏ ਸਨ। ਖ਼ਵਾਜਾ ਬਖ਼ਤਿਆਰ ਕਾਕੀ ਦਿੱਲੀ ਵਿਖੇ ਹੀ 1235 ਈਸਵੀ ਨੂੰ ਸਵਰਗਵਾਸ ਹੋ ਗਏ ਤੇ ਉਹਨਾਂ ਦਾ ਸੰਸਕਾਰ ਵੀ ਦਿੱਲੀ 'ਚ ਹੀ ਕੀਤਾ ਗਿਆ। ਉਨ੍ਹਾਂ ਦੀ ਯਾਦ 'ਚ ਦਿੱਲੀ ਵਿਖੇ ਬਣਿਆ ਸੁੰਦਰ ਮਕਬਰਾ ਅੱਜ ਵੀ ਮੌਜੂਦ ਹੈ, ਜਿੱਥੇ ਕੱਟੜ ਹਿੰਦੂ, ਸਿੱਖ ਤੇ ਮੁਸਲਮਾਨ ਅੱਜ ਵੀ ਬੜੇ ਸਤਿਕਾਰ ਨਾਲ ਸੱਜਦਾ ਕਰਨ ਜਾਂਦੇ ਹਨ। ਉਨ੍ਹਾਂ ਦੇ ਵੰਸ਼ਜ਼ ਦੇ ਮੁੱਲਾਂ ਨੂੰ 'ਚਿਸ਼ਤੀ' ਕਿਹਾ ਜਾਂਦਾ ਹੈ।

ਪਾਕਪਟਨ ਵਿਖੇ ਬਾਬਾ ਸ਼ੇਖ਼ ਫ਼ਰੀਦ ਜੀ ਦੀ ਵੰਸ਼ਾਵਲੀ 'ਚੋਂ ਅੱਜ ਵੀ ਉਨ੍ਹਾਂ ਦੀ ਗੱਦੀ ਦੇ ਜਿਸਨੂੰ ਵਾਰਿਸ ਬਣਾਇਆ ਜਾਂਦਾ ਹੈ, ਉਸ ਨੂੰ ਜਵਾਹੀ-ਰ-ਫ਼ਰੀਦੀ ਦੇ ਖਿਤਾਬ ਨਾਲ ਸਨਮਾਨਿਤ ਕਰਕੇ, ਜਾਨਸ਼ੀਨ ਸਥਾਪਤ ਕਰਕੇ ਸੁਰੱਖਿਅਤ ਰੱਖਿਆ ਜਾਂਦਾ ਹੈ ਤੇ ਗੱਦੀ ਦੇ ਹਰ ਵਾਰਿਸ ਦੇ ਨਾਮ ਨਾਲ ਪਹਿਲਾ ਫ਼ਰੀਦ ਸ਼ਬਦ ਲਿਖਿਆ ਜਾਂਦਾ ਹੈ। ਬਾਬਾ ਫ਼ਰੀਦ ਜੀ ਫਾਰੁਖ਼ਸ਼ਾਹ ਦੇ ਖਾਨਦਾਨ 'ਚੋਂ ਸਨ, ਜਿਹੜਾ ਕਿ ਕਾਬਲ ਦਾ ਬਾਦਸ਼ਾਹ ਸੀ। ਗ਼ਜ਼ਨੀ ਤੇ ਅਫ਼ਗਾਨਿਸਤਾਨ ਦੇ ਹੋਰ ਕਈ ਸੂਬੇ ਉਸ ਦੇ ਅਧੀਨ ਸਨ। ਬਾਬਾ ਸ਼ੇਖ਼ ਫ਼ਰੀਦ ਦੇ ਪੜਦਾਦਾ, ਬਾਦਸ਼ਾਹ ਫਾਰੁਖ਼ਸ਼ਾਹ ਦਾ ਪੁੱਤਰ ਸੀ ਜਿਹੜਾ ਕਿ ਕਾਬਲ ਦਾ ਬਾਦਸ਼ਾਹ ਸੀ। ਉਨ੍ਹਾਂ ਦਿਨਾਂ 'ਚ ਬਾਬਾ ਫ਼ਰੀਦ ਜੀ ਦੇ ਪੜਦਾਦਾ, ਉਸ ਸਮੇਂ ਮਾਰੇ ਗਏ ਸਨ ਜਦੋਂ ਹਲਾਕੂ ਜਿਹੜਾ ਕਿ ਚੰਗੇਜ਼ ਖ਼ਾਨ ਦਾ ਪੋਤਾ ਸੀ, ਨੇ ਕਾਬਲ 'ਤੇ ਹਮਲਾ ਕੀਤਾ ਸੀ। ਉਸ ਨੇ ਹੋਰ ਵੀ ਕਈ ਸ਼ਹਿਜ਼ਾਦੇ, ਵਿਦਵਾਨ ਵਿਅਕਤੀ ਤੇ ਬਾਬਾ ਫ਼ਰੀਦ ਜੀ ਦੇ ਰਿਸ਼ਤੇਦਾਰ ਜੋ ਇਨ੍ਹਾਂ ਦੇ ਵੱਡੇ-ਵਡੇਰੇ ਸਨ, ਮਾਰ ਦਿੱਤੇ ਸਨ। ਬਾਬਾ ਸ਼ੇਖ ਫ਼ਰੀਦ ਜੀ ਦੇ ਦਾਦਾ ਸ਼ੇਖ਼ ਸਾਹਿਬ ਨੇ ਆਪ ਦੇਸ਼ ਛੱਡ ਦਿੱਤਾ ਸੀ ਤੇ ਉਹਨਾਂ ਨੇ ਪੰਜਾਬ 'ਚ ਇਕ ਰਫ਼ੂਜੀ ਦੇ ਤੌਰ ਤੇ 1125 ਈਸਵੀ 'ਚ ਪਨਾਹ ਲੈ ਲਈ ਸੀ। ਕਸੂਰ ਦਾ ਕਾਜ਼ੀ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਹ ਬਹੁਤ ਸ਼ਾਹੀ ਘਰਾਣੇ ਦੇ ਸ਼ੇਖ਼ ਸਾਹਿਬ ਹਨ ਤੇ ਉਸ ਨੇ ਇਨ੍ਹਾਂ ਦੀ ਬਹੁਤ ਆਓ-ਭਗਤ ਤੇ ਮਹਿਮਾਨ ਨਿਵਾਜੀ ਕੀਤੀ। ਕੁਝ ਸਮੇਂ ਬਾਅਦ ਸ਼ੇਖ਼ ਸਾਹਿਬ ਮੁਲਤਾਨ ਨੂੰ ਰਵਾਨਾ ਹੋ ਗਏ ਤੇ ਉਥੇ ਉਨ੍ਹਾਂ ਨੇ ਵਿਚਾਰ ਕੀਤੀ ਕਿ ਉਨ੍ਹਾਂ ਨੂੰ ਆਪਣੇ ਸ਼ਾਹੀ ਘਰਾਣੇ ਨਾਲ ਸੰਬੰਧਾਂ ਦੀ ਲੋਕਾਂ ਨੂੰ ਜਾਣਕਾਰੀ ਨਹੀਂ ਦੇਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਪਤਾ ਨਾ ਲੱਗ ਸਕੇ ਕਿ ਇਹ ਕੌਣ ਹਨ ਤੇ ਆਪਣੇ ਇਰਾਦਿਆਂ ਨੂੰ ਆਪਦੇ ਅੰਦਰ ਹੀ ਰੱਖਣਾ ਚਾਹੀਦਾ ਹੈ। ਆਪਣੇ ਵਿਚਾਰ ਇਸ ਤਰ੍ਹਾਂ ਦੇ ਬਣਾ ਕੇ ਉਨ੍ਹਾਂ ਨੇ ਆਪਣੀ ਰਿਹਾਇਸ਼ ਖ਼ੋਤਵਾਲ ਵਿਖੇ ਕਰ ਲਈ ਤੇ ਆਪਣੀ ਲੋਕਾਂ 'ਚ ਚਾਵਲੀ ਮੁਸ਼ੇਖ ਦੇ ਨਾਮ ਨਾਲ ਪਹਿਚਾਣ ਬਣਾ ਲਈ। ਇਹ ਜਗ੍ਹਾ ਦਿਖਾਲਪੁਰ ਦੇ ਨਜ਼ਦੀਕ ਹੈ। ਉਹਨਾਂ ਨੇ ਖੋਤਵਾਲ 'ਚ ਲੋਕਾਂ ਨੂੰ ਧਾਰਮਿਕ ਸਿੱਖਿਆ ਦੇਣ ਲਈ ਆਪਣਾ ਇਕ ਨਿੱਜੀ ਵਿਦਿਆਲਾ ਬਣਾ ਲਿਆ ਤੇ ਇਸ ਨੂੰ ਕਾਮਯਾਬ ਕਰਨ ਵੱਲ ਬੜਾ ਧਿਆਨ ਦਿੱਤਾ। ਉਨ੍ਹਾਂ ਦੇ ਵੱਡੇ ਪੁੱਤਰ ਜਮਾਲ-ਉਦ-ਦੀਨ ਦਾ ਵਿਆਹ ਬੀਬੀ ਮਰੀਅਮ ਜਿਹੜੀ ਕਿ ਸਈਅਦ ਮੁਹੰਮਦ ਅਬਦੁਲਾ ਸ਼ਾਹ ਦੀ ਬੇਟੀ ਸੀ, ਨਾਲ ਕਰ ਦਿੱਤਾ, ਜਿਹੜਾ ਕਿ ਅਲੀ ਦੇ ਖਾਨਦਾਨ 'ਚੋ. ਸੀ। ਬੀਬੀ ਮਰੀਅਮ ਦੇ ਤਿੰਨ ਪੁੱਤਰ ਸਨ, ਜਿਹਨਾਂ ਦੇ ਨਾਮ ਇਸ ਤਰ੍ਹਾਂ ਹਨ: ਖ਼ਵਾਜ਼ਾ-ਉੱਲ-ਦੀਨ, ਫ਼ਰੀਦ-ਉੱਲ-ਦੀਨ ਮਸਾਊਦ (ਬਾਬਾ ਫ਼ਰੀਦ) ਤੇ ਖ਼ਵਾਜ਼ਾ ਨਾਜ਼ੀਬ-ਉੱਲ-ਦੀਨ ਤੇ ਇਕ ਬੇਟੀ ਖ਼ਾਤੂਨ ਜ਼ਮੀਲਾ ਸੀ।



ਸ਼ੇਖ਼ ਫ਼ਰੀਦ ਜੀ ਦੀ ਮਾਤਾ ਮਰੀਅਮ ਬੜੀ ਧਰਮਾਤਮਾ ਤੇ ਇਸਲਾਮੀ ਤਾਲੀਮ ਦੀ ਚੰਗੀ ਗਿਆਤਾ ਸੀ। ਉਹ ਬੜੀ ਨੇਕ, ਸ਼ੁੱਧ ਹਿਰਦੇ ਵਾਲੀ, ਬੜੀ ਦਿਆਲੂ ਤੇ ਇਕ ਇਮਾਨਦਾਰ ਮਾਂ ਸੀ। ਮਾਤਾ ਜੀ ਦੇ ਇਸ ਤਰ੍ਹਾਂ ਦੇ ਨੇਕ ਸੁਭਾਅ ਦਾ ਪ੍ਰਭਾਵ ਸ਼ੇਖ ਫ਼ਰੀਦ ਜੀ 'ਤੇ ਬਚਪਨ ਤੋਂ ਹੀ ਪੈਣਾ ਸ਼ੁਰੂ ਹੋ ਗਿਆ ਸੀ। ਸ਼ੇਖ਼ ਫ਼ਰੀਦ ਜੀ ਇਸੇ ਕਰਕੇ ਹੀ 12 ਸਾਲ ਦੀ ਉਮਰ ਤੱਕ 'ਕੁਰਾਨ ਮਜੀਦ' ਦਾ ਅਧਿਐਨ ਕਰ ਗਏ ਸਨ। ਉਹਨਾਂ ਨੇ ਇਸ ਨੂੰ ਜਵਾਨੀ ਯਾਦ ਕਰ ਲਿਆ ਸੀ ਤੇ ਉਹਨਾਂ 'ਚ ਛੋਟੀ ਉਮਰੇ ਹੀ ਕਾਫੀ ਧਾਰਮਿਕ ਪ੍ਰਪੱਕਤਾ ਆ ਗਈ ਸੀ। ਉਨ੍ਹਾਂ ਦੇ ਪਿਤਾ ਉਸ ਜ਼ਮਾਨੇ ਦੇ ਇਕ ਮਸ਼ਹੂਰ ਸੂਫ਼ੀ ਫਕੀਰ ਸਨ।

ਜਦੋਂ ਅਜੇ ਬਾਬਾ ਫ਼ਰੀਦ ਜੀ ਛੋਟੀ ਉਮਰ ਦੇ ਹੀ ਸਨ ਤਾਂ ਉਹਨਾਂ ਦੀ ਮਾਤਾ ਜੀ ਨੇ ਉਹਨਾਂ ਨੂੰ ਦੁਆ (ਪ੍ਰਾਰਥਨਾ) ਕਰਨੀ ਸਿਖਾਈ। ਬਾਲਕ ਫ਼ਰੀਦ ਨੇ ਆਪਣੀ ਮਾਤਾ ਜੀ ਨੂੰ ਪੁੱਛਿਆ ਕਿ ਇਸ ਦੁਆ ਦਾ ਕੀ ਮਹੱਤਵ ਹੈ? ਉਨ੍ਹਾਂ ਦੀ ਮਾਤਾ ਨੇ ਕਿਹਾ ਕਿ, "ਮਿਠਾਸ"। ਇਸ ਤਰ੍ਹਾਂ ਜਦੋਂ ਫ਼ਰੀਦ ਜੀ ਦੀ ਦੁਆ ਦਾ ਸਮਾਂ ਹੁੰਦਾ ਤਾਂ ਉਨ੍ਹਾਂ ਦੀ ਮਾਤਾ ਦੁਆ ਕਰਨ ਤੋਂ ਪਹਿਲਾਂ, ਚਟਾਈ ਦੇ ਹੇਠਾਂ ਜਿਸ ਤੇ ਬੈਠ ਕੇ ਉਹ ਦੁਆ ਕਰਦੇ ਸਨ, ਖੰਡ ਛੁਪਾਅ ਕੇ ਰੱਖ ਦਿੰਦੀ ਤੇ ਜਦ ਉਨ੍ਹਾਂ ਦੀ ਦੁਆ ਖਤਮ ਹੁੰਦੀ ਤਾਂ ਉਨ੍ਹਾਂ ਦੀ ਮਾਤਾ ਚਟਾਈ ਹੇਠੋਂ ਖੰਡ ਕੱਢਦੀ ਤੇ ਫ਼ਰੀਦ ਜੀ ਨੂੰ ਇਸ ਤਰ੍ਹਾਂ ਅੱਲਾਹ 'ਚ ਸ਼ਰਧਾ ਰੱਖਣ ਕਰਕੇ ਇਨਾਮ ਵਜੋਂ ਦੇ ਦਿੰਦੀ ਸੀ। ਇਕ ਦਿਨ ਉਨ੍ਹਾਂ ਦੇ ਮਾਤਾ ਜੀ ਚਟਾਈ ਹੇਠਾਂ ਖੰਡ ਰੱਖਣੀ ਭੁੱਲ ਗਏ ਤੇ ਜਦੋਂ ਦੁਆ ਖਤਮ ਹੋਈ ਤਾਂ ਚਟਾਈ ਦੇ ਹੇਠਾਂ ਖੰਡ ਮੌਜੂਦ ਸੀ। ਉਸ ਦਿਨ ਤੋਂ ਬੀਬੀ ਮਰੀਅਮ ਨੇ ਆਪਣੇ ਪੁੱਤਰ ਫ਼ਰੀਦ ਜੀ ਨੂੰ 'ਸ਼ਕਰਗੰਜ' ਕਹਿਣਾ ਸ਼ੁਰੂ ਕਰ ਦਿੱਤਾ।

ਜਦੋਂ ਬਾਬਾ ਫ਼ਰੀਦ ਜੀ 16 ਸਾਲ ਦੇ ਹੋਏ ਤਾਂ ਉਹ ਮੱਕੇ ਨੂੰ ਹੱਜ ਲਈ ਗਏ ਤੇ ਉਥੇ ਅਬਦੁਲ ਰਹੀਮ ਅਨਸਾਰੀ ਦੇ ਘਰ ਰੁਕੇ। ਇੱਥੇ ਉਨ੍ਹਾਂ ਨੇ ਆਪਣੀ ਸਾਰੀ ਗੱਲਬਾਤ ਪੰਜਾਬੀ 'ਚ ਕੀਤੀ ਤੇ ਇਕ ਜਟਾਧਾਰੀ ਫਕੀਰ ਨੇ ਇਨ੍ਹਾਂ ਦੀ ਪੰਜਾਬੀ ਭਾਸ਼ਾ 'ਚ ਗੱਲਬਾਤ ਸੁਣ ਕੇ ਕਿਹਾ ਕਿ, "ਭਵਿੱਖ 'ਚ ਇਹ ਬਾਲਕ ਬਹੁਤ ਮਹਾਨ ਵਿਅਕਤੀ ਹੋਵੇਗਾ।" ਉਸ ਤੋਂ ਬਾਅਦ ਬਾਬਾ ਫ਼ਰੀਦ ਜੀ ਪੰਜਾਬ ਆ ਗਏ। ਫਿਰ ਉਹਨਾਂ ਨੂੰ ਦਿੱਲੀ ਖ਼ਵਾਜ਼ਾ ਕੁਤਬ-ਉੱਲ-ਦੀਨ ਬਖ਼ਤਿਆਰ ਕਾਕੀ ਪਾਸ ਧਰਮ-ਸ਼ਾਸਤਰਾਂ ਦਾ ਗਿਆਨ ਪ੍ਰਾਪਤ ਕਰਨ ਲਈ ਭੇਜਿਆ ਗਿਆ। ਉਨ੍ਹਾਂ ਨੇ ਉਸ ਨੂੰ ਧਰਮ-ਸ਼ਾਸਤਰਾਂ ਦਾ ਗਿਆਨ ਦੇਣ ਤੋਂ ਬਾਅਦ ਮਹਿਸੂਸ ਕੀਤਾ ਕਿ ਇਹਨਾਂ ਨੂੰ ਅਜੇ ਧਰਮ-ਸ਼ਾਸਤਰਾਂ ਦਾ ਗਿਆਨ ਦੇਣ ਦੀ ਹੋਰ ਜ਼ਰੂਰਤ ਹੈ ਤਾਂ ਉਨ੍ਹਾਂ ਨੇ ਬਾਬਾ ਫ਼ਰੀਦ ਜੀ ਨੂੰ ਸਿਰਸਾ, ਜੋ ਕਿ ਦਿੱਲੀ ਦੇ ਨਜ਼ਦੀਕ ਹੈ, ਵਿਖੇ ਅਬਦੁਲ ਸ਼ਕੂਰ ਦੇ ਧਾਰਮਿਕ ਸਥਾਨ 'ਤੇ ਭੇਜਿਆ ਕਿ ਉਹ ਆਪਣੀ ਧਾਰਮਿਕ ਵਿੱਦਿਆ ਪੂਰੀ ਕਰ ਲੈਣ। ਇੱਥੇ ਰਹਿੰਦਿਆਂ ਉਨ੍ਹਾਂ ਨੇ ਧਾਰਮਿਕ ਤੇ ਸੰਸਾਰਕ ਗਿਆਨ ਇੰਨਾ ਵਿਸਥਾਰ 'ਚ ਗ੍ਰਹਿਣ ਕੀਤਾ ਕਿ ਸਭ ਉਨ੍ਹਾਂ ਦੀ ਵਿਦਵਤਾ 'ਤੇ ਹੈਰਾਨ ਰਹਿ ਗਏ।

ਦਿੱਲੀ ਵਿਖੇ ਰਹਿੰਦਿਆਂ ਬਾਬਾ ਫ਼ਰੀਦ ਜੀ ਨੇ ਬੜੀ ਪ੍ਰਸਿੱਧਤਾ ਹਾਸਲ ਕੀਤੀ ਤੇ ਹੁਣ ਇਹਨਾਂ ਲਈ ਇਹ ਜਗ੍ਹਾ ਅਕਾਊ ਬਣ ਗਈ ਸੀ। ਫਿਰ ਉਥੋਂ ਉਹਨਾਂ ਨੇ ਹਾਂਸੀ ਨੂੰ ਚਾਲੇ ਪਾ ਲਏ, ਉਥੇ ਵੀ ਉਹ ਬਹੁਤ ਦੇਰ ਤੱਕ ਨਹੀਂ ਰਹੇ। ਇਸ ਸਮੇਂ ਦੌਰਾਨ ਦਿੱਲੀ ਵਿਖੇ ਖ਼ਵਾਜ਼ਾ ਕੁਤਬ-ਉੱਲ-ਦੀਨ ਬਖ਼ਤਿਆਰ ਕਾਕੀ ਦੀ ਮੌਤ ਹੋ ਗਈ ਤੇ ਬਾਬਾ ਫ਼ਰੀਦ ਜੀ ਫਿਰ ਦੁਬਾਰਾ ਦਿੱਲੀ ਚਲੇ ਗਏ ਤੇ ਧਾਰਮਿਕ ਚੋਗਾ ਪਹਿਨ ਕੇ ਰੂਹਾਨੀਅਤ ਦੇ ਰਹਿਬਰ ਬਣ ਗਏ। ਇੱਥੇ ਉਨ੍ਹਾਂ ਨੇ ਰੂਹਾਨੀਅਤ ਦੀ ਸਿੱਖਿਆ ਦੇਣੀ ਉਨਾ ਚਿਰ ਜਾਰੀ ਰੱਖੀ, ਜਿੰਨੀ ਦੇਰ ਤੱਕ ਹਾਂਸੀ ਤੋਂ ਜਮਾਲ-ਉੱਲ-ਦੀਨ ਨਹੀਂ ਆ ਗਏ। ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਅਜੋਧਾਨ (ਮੌਜੂਦਾ ਨਾਮ ਪਾਕਪਟਨ) ਵਿਖੇ ਆ ਗਏ। ਅਜੋਧਾਨ ਦਾ ਨਾਮ ਬਦਲ ਕੇ ਪਾਕਪਟਨ ਕਿਵੇਂ ਪਿਆ, ਇਸ ਦੀ ਇਕ ਖਾਸ ਵਜ੍ਹਾ ਸੀ ਕਿ ਇਕ ਨਹਿਰ ਜਿਹੜੀ ਕਿ ਸਤਲੁਜ 'ਚੋਂ ਨਿਕਲਦੀ ਸੀ ਤੇ ਇਸ ਕਸਬੇ ਦੇ ਕੋਲ ਦੀ ਜਾਂਦੀ ਸੀ ਤੇ ਬਾਬਾ ਫ਼ਰੀਦ ਜੀ ਰੋਜ਼ ਉਸ 'ਚ ਆਪਣਾ ਇਸ਼ਨਾਨ ਕਰਨ ਤੇ ਮੂੰਹ-ਹੱਥ ਧੋਣ ਜਾਂਦੇ ਸਨ ਤੇ ਇਸ ਸਥਾਨ ਨੂੰ ਲੋਕਾਂ ਨੇ ਬਾਬਾ ਫ਼ਰੀਦ ਜੀ ਦਾ 'ਪਾਕਪਟਨ' ਭਾਵ, ਫ਼ਰੀਦ ਜੀ ਦਾ ਪਵਿੱਤਰ ਘਾਟ ਕਹਿਣਾ ਸ਼ੁਰੂ ਕਰ ਦਿੱਤਾ ਸੀ।

ਕੁਝ ਸਮੇਂ ਬਾਅਦ ਫ਼ਰੀਦ ਜੀ ਆਪਣੇ ਮਾਤਾ ਜੀ ਦੇ ਕਹਿਣ 'ਤੇ ਜੰਗਲ 'ਚ ਚਲੇ ਗਏ ਤੇ ਉਥੇ ਉਹ ਇਕ ਸਨਿਆਸੀ ਦੇ ਤੌਰ 'ਤੇ 12 ਸਾਲ ਰਹੇ ਤੇ ਦਰਖਤਾਂ ਦੇ ਪੱਤੇ ਖਾ ਕੇ ਗੁਜ਼ਾਰਾ ਕਰਦੇ ਰਹੇ ਪਰ ਮਨ ਨੂੰ ਤਸੱਲੀ ਨਾ ਹੋਈ ਤੇ ਉਨ੍ਹਾਂ ਨੇ ਆਪਣੇ ਦਿਲ ਨੂੰ ਤਸੱਲੀ ਦੇਣ ਲਈ ਨਿਮਨ-ਲਿਖਤ ਸ਼ਬਦ ਦੀ ਰਚਨਾ ਕੀਤੀ :

ਫ਼ਰੀਦਾ ਜੰਗਲ ਜੰਗਲ ਕਿਆ ਭਵੈਹਿ, ਬਣ ਕਢਾਹਿ ਮੋੜ ।।
ਵਸੀ ਰੱਬ ਹਿਆਲੀਐ, ਜੰਗਲ ਕਿਆ ਢੂਡਹਿ ।।

ਜਦੋਂ ਫ਼ਰੀਦ ਜੀ ਇੰਨੇ ਸਾਲ ਜੰਗਲ 'ਚ ਲਾ ਕੇ ਆਏ ਤਾਂ ਉਨ੍ਹਾਂ ਦੇ ਮਾਤਾ ਜੀ ਉਹਨਾਂ ਦੇ ਕੰਘੀ ਨਾਲ ਵਾਲ ਵਾਹੁੰਣ ਲੱਗੇ ਤਾਂ ਬਾਬਾ ਫ਼ਰੀਦ ਜੀ ਨੂੰ ਵਾਲ ਪੁੱਟ ਹੋਣ ਨਾਲ ਬੜੀ ਤਕਲੀਫ਼ ਹੁੰਦੀ ਸੀ, ਕਿਉਂਕਿ ਉਨ੍ਹਾਂ ਦੇ ਵਾਲ ਨਾ ਧੋਣ ਕਰਕੇ ਜਟਾਵਾਂ ਬਣ ਚੁੱਕੇ ਸਨ। ਬਾਬਾ ਫ਼ਰੀਦ ਜੀ ਨੇ ਆਪਣੇ ਮਾਤਾ ਜੀ ਨੂੰ ਕਿਹਾ ਕਿ ਮੈਨੂੰ ਵਾਲ਼ ਪੁੱਟ ਹੋਣ ਨਾਲ ਬੜੀ ਦਰਦ ਹੁੰਦੀ ਹੈ, ਮਾਤਾ ਜੀ ਨੇ ਉੱਤਰ ਦਿੱਤਾ ਕਿ ਹੇ ਪੁੱਤਰ! "ਇਸੇ ਤਰ੍ਹਾਂ ਹੀ ਜਦੋਂ ਤੂੰ ਆਪਣੀ ਖੁਰਾਕ ਵਜੋਂ ਦਰਖਤਾਂ ਦੇ ਪੱਤੇ ਤੇ ਫਲ ਤੋੜ ਕੇ ਜੰਗਲ 'ਚ ਖਾਂਦਾ ਸੀ, ਉਨ੍ਹਾਂ ਦੇ ਵੀ ਦਰਦ ਹੁੰਦੀ ਹੋਵੇਗੀ।" ਫਿਰ ਬਾਬਾ ਫ਼ਰੀਦ ਜੀ ਨੇ ਇਕ ਹੋਰ ਤੀਰਥ ਯਾਤਰਾ, ਆਪਣੇ ਸ਼ੰਕੇ ਨਵਿਰਤ ਕਰਨ ਲਈ ਕੀਤੀ। ਫਿਰ ਉਨ੍ਹਾਂ ਨੇ ਕਿਸੇ ਵੀ ਜਾਨਦਾਰ ਚੀਜ਼ ਨੂੰ ਦੁੱਖ ਨਾ ਦੇਣ ਦਾ ਆਪਣਾ ਨਿਸ਼ਚਾ ਕਰ ਲਿਆ ਤੇ ਹਰ ਚੀਜ਼ ਫਲ ਵਗੈਰਾ ਜ਼ਮੀਨ ਤੇ ਡਿੱਗੀ ਹੋਈ ਹੀ ਖਾਂਦੇ ਤੇ ਦਰਖ਼ਤ ਤੋਂ ਨਾ ਤੋੜਦੇ। ਉਨ੍ਹਾਂ ਨੇ ਆਪਣੇ ਪੇਟ ਨਾਲ ਗੋਲ ਇਕ ਲੱਕੜ ਦੀ ਫੱਟੀ ਬੰਨ੍ਹ ਕੇ, ਉਸ ਨੂੰ ਰੋਟੀ ਦੇ ਪ੍ਰਤੀਕ ਵਜੋਂ ਮੰਨ ਲਿਆ ਤਾਂ ਕਿ ਉਹ ਜਿੰਦਾ ਰਹਿ ਸਕਣ ਤੇ ਆਪਣੀ ਭੁੱਖ ਮਿਟਾ ਸਕਣ। ਇਸ ਤਰ੍ਹਾਂ ਉਹਨਾਂ ਨੇ ਆਪਣੀ ਮਾਤਾ ਜੀ ਨਾਲ ਕੀਤਾ ਵਾਅਦਾ ਕਿ ਉਹ ਜਾਨਦਾਰ ਚੀਜ਼ਾਂ ਨੂੰ ਦੁੱਖ ਨਹੀਂ ਪਹੁੰਚਾਉਣਗੇ, ਪੂਰਾ ਕੀਤਾ। ਆਪਣੇ ਇਸ ਤਰ੍ਹਾਂ ਦੇ ਹਾਲਾਤ 'ਚ ਉਨ੍ਹਾਂ ਨੇ ਨਿਮਨ-ਲਿਖਤ ਸ਼ਲੋਕ ਰਚਿਆ :

ਫ਼ਰੀਦਾ ਰੋਟੀ ਮੇਰੀ ਕਾਠ ਕੀ, ਲਾਵਣ ਮੇਰੀ ਭੁੱਖ।।
ਜਿੰਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ।।

ਇਸ ਤੋਂ ਬਾਅਦ ਬਾਬਾ ਫ਼ਰੀਦ ਜੀ ਫਿਰ ਆਪਣੀ ਮਾਤਾ ਜੀ ਪਾਸ ਆ ਗਏ। ਮਾਤਾ ਜੀ ਨੇ ਕਿਹਾ ਕਿ ਪੁੱਤਰ ਤੇਰੇ 'ਚ ਅਜੇ ਘੁਮੰਡ ਤੇ ਕੁਝ ਜੀਵਨ ਜਾਂਚ ਦੀਆਂ ਊਣਤਾਈਆਂ ਅਜੇ ਬਾਕੀ ਹਨ, ਜਿਹਨਾਂ ਨੂੰ ਕੁਝ ਸਾਲ ਹੋਰ ਤਪੱਸਿਆ ਕਰਨ ਨਾਲ ਅਜੇ ਦੂਰ ਕਰਨ ਦੀ ਜ਼ਰੂਰਤ ਹੈ। ਬਾਬਾ ਫ਼ਰੀਦ ਜੀ ਫਿਰ ਤਪੱਸਿਆ ਲਈ ਘਰੋਂ ਚੱਲ ਪਏ ਤੇ ਉਹ ਆਪਣੇ ਪੈਰ ਪਾਣੀ 'ਚ ਰੱਖ ਕੇ ਕਿੰਨੀ-ਕਿੰਨੀ ਦੇਰ ਤੱਕ ਬੈਠੇ ਰਹਿੰਦੇ ਤੇ ਤਪੱਸਿਆ ਕਰਦੇ ਰਹਿੰਦੇ। ਉਹਨਾਂ ਨੇ ਆਪਣੇ ਸਰੀਰ ਦਾ ਮਾਸ ਕਾਂਵਾਂ ਕੋਲੋਂ ਵੀ ਤੁੜਵਾ ਕੇ ਤਪੱਸਿਆ ਕੀਤੀ ਤੇ ਕਿਹਾ, ਹੇ, ਕਾਂਵਾਂ! ਤੂੰ ਮੇਰੇ ਸਰੀਰ ਦਾ ਸਾਰਾ ਮਾਸ ਖਾ ਲੈ ਪਰ ਮੇਰੀਆਂ ਇਹਨਾਂ ਦੋ ਅੱਖਾਂ ਨੂੰ ਨਾ ਖਾਵੀਂ ਕਿਉਂਕਿ ਮੈਨੂੰ ਮਰਨ ਤੋਂ ਪਹਿਲਾਂ ਇਹਨਾਂ ਅੱਖਾਂ ਨਾਲ ਆਪਣੇ ਉਸ ਅੱਲਾਹ ਦੇ ਦਰਸ਼ਨ ਕਰਨ ਦੀ ਤਾਂਘ ਹੈ। ਇਸ ਤਰ੍ਹਾਂ ਦੀ ਆਪਣੀ ਅਵਸਥਾ 'ਤੇ ਨਿਮਨ-ਲਿਖਤ ਸ਼ਲੋਕ ਦੀ ਰਚਨਾ ਕੀਤੀ :

ਕਾਗਾ ਕਰੰਗ ਢੰਡੋਲਿਆ, ਸਗਲਾ ਖਾਇਆ ਮਾਸ ।।
ਇਹ ਦੋਏ ਨੈਨਾ ਮਤ ਛੂਹੈ, ਪਿਰ ਦੇਖਨ ਕੀ ਆਸ ।।

ਸ਼ੇਖ ਫ਼ਰੀਦ ਜੀ ਦੇ ਜੀਵਨ ਨਾਲ ਕਈ ਤਰ੍ਹਾਂ ਦੀਆਂ ਮਿਥਿਹਾਸਕ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ ਪਰ ਇਹ ਵਿਗਿਆਨਕ ਨਾ ਹੋਣ ਕਾਰਨ ਇਹਨਾਂ ਨੂੰ ਜ਼ਿੰਦਗੀ ਦਾ ਯਥਾਰਥ ਨਹੀਂ ਮੰਨਿਆ ਜਾ ਸਕਦਾ।

ਬਾਬਾ ਫ਼ਰੀਦ ਜੀ ਨੇ ਪ੍ਰਭੂ ਭਗਤੀ ਇੰਨੀ ਕੀਤੀ, ਆਪਣੇ ਸਰੀਰ ਨੂੰ ਅਨੇਕ ਪ੍ਰਕਾਰ ਦੇ ਤਪੱਸਿਆ ਦੇ ਮਾਧਿਅਮ ਦੁਆਰਾ ਕਸ਼ਟ ਵੀ ਦਿੱਤੇ, ਸਰੀਰ ਬੜਾ ਕਮਜ਼ੋਰ ਹੋ ਗਿਆ। ਇਕ ਦੋ ਵਾਰ ਉਨ੍ਹਾਂ ਨੇ ਪਰਮਾਤਮਾ ਦਾ ਅਹਿਸਾਸ ਵੀ ਕੀਤਾ ਪਰ ਮਨ ਨੂੰ ਸੰਤੁਸ਼ਟੀ ਨਾ ਹੋਈ। ਉਨ੍ਹਾਂ ਨੂੰ ਇਹ ਤਾਂ ਗਿਆਨ ਹੋ ਗਿਆ ਕਿ ਬਿਨਾਂ ਮੁਰਸ਼ਦ ਧਾਰਿਆ, ਮਨ ਨੂੰ ਸੰਤੁਸ਼ਟੀ ਨਹੀਂ ਹੋ ਸਕਦੀ। ਇਸ ਲਈ ਗੁਰੂ ਧਾਰਨਾ ਬਹੁਤ ਜ਼ਰੂਰੀ ਹੈ।

ਗੁਰੂ ਦੀ ਖੋਜ 'ਚ ਬਾਬਾ ਫ਼ਰੀਦ ਜੀ ਅਜਮੇਰ ਵਿਖੇ ਚਿਸ਼ਤੀ ਸਾਹਿਬ ਪਾਸ ਪਹੁੰਚ ਗਏ। ਉਨ੍ਹਾਂ ਨੂੰ ਆਪਣਾ ਗੁਰੂ ਸਮਝ ਕੇ ਉਹਨਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਭਗਤੀ ਕਰਨ ਲਈ ਸੇਵਾ ਭਾਵਨਾ ਤੇ ਸ਼ਰਧਾ ਵਰਗੇ ਦੋ-ਗੁਣ ਹੋਣੇ ਬੜੇ ਜ਼ਰੂਰੀ ਹਨ। ਫ਼ਰੀਦ ਜੀ ਚਿਸ਼ਤੀ ਸਾਹਿਬ ਦੀ ਡੱਟ ਕੇ ਸੇਵਾ ਕਰਦੇ ਰਹੇ। ਉਹਨਾਂ ਦੀ ਸੇਵਾ ਆਪਣੇ ਗੁਰੂ ਜੀ ਨੂੰ ਇਸ਼ਨਾਨ ਕਰਾਉਣ ਦੀ ਸੀ। ਆਪ ਹੀ ਅੱਗ ਬਾਲਣੀ ਤੇ ਪਾਣੀ ਗਰਮ ਕਰਨਾ, ਉਹਨਾਂ ਦਾ ਰੋਜ਼ ਦਾ ਆਹਰ ਸੀ। ਇਕ ਦਿਨ ਬੜੀ ਜ਼ੋਰ ਦੀ ਮੀਂਹ ਪਿਆ।

ਉਨ੍ਹਾਂ ਦਿਨਾਂ 'ਚ ਮਾਚਿਸ ਨਾ ਹੋਣ ਕਾਰਨ ਅੱਗ ਨੂੰ ਬੜਾ ਸੰਭਾਲ ਕੇ ਰੱਖਿਆ ਜਾਂਦਾ ਸੀ। ਫ਼ਰੀਦ ਜੀ ਨੂੰ ਫਿਕਰ ਹੋ ਗਿਆ। ਉਸ ਦਿਨ ਉਹ ਬੜੇ ਭਿਅੰਕਰ ਤੂਫਾਨ 'ਚ ਬਾਹਰ ਚਲੇ ਗਏ ਤੇ ਉਹਨਾਂ ਨੇ ਦੇਖਿਆ ਕਿ ਇਕ ਵੇਸ਼ਿਆ ਔਰਤ ਦੀ ਬੈਠਕ 'ਚ ਅੱਗ ਬਲ ਰਹੀ ਸੀ ਤੇ ਫ਼ਰੀਦ ਜੀ ਬੜੇ ਹੌਸਲੇ ਨਾਲ ਅੰਦਰ ਚਲ ਗਏ। ਉਹ ਫ਼ਰੀਦ ਜੀ ਨੂੰ ਦੇਖ ਕੇ ਮਨ 'ਚ ਕੁਝ ਹੋਰ ਹੀ ਸੋਚਦੀ ਰਹੀ ਪਰ ਉਸ ਦਾ ਸਾਰਾ ਕਿਆਫ਼ਾ ਗਲਤ ਸੀ। ਫ਼ਰੀਦ ਜੀ ਨੇ ਕਿਹਾ ਮਾਤਾ ਜੀ! ਅੱਗ ਚਾਹੀਦੀ ਹੈ। ਅਗਰ ਅੱਗ ਨਾ ਮਿਲੀ ਤਾਂ ਇਸ਼ਨਾਨ ਕਿਸ ਤਰ੍ਹਾਂ ਹੋਵੇਗਾ ਤੇ ਚਿਸ਼ਤੀ ਜੀ ਖ਼ੁਦਾ ਦੀ ਬੰਦਗੀ ਕਿਸ ਤਰ੍ਹਾਂ ਕਰਨਗੇ।

ਇਹ ਸੁਣ ਕੇ ਕੁਕਰਮੀ ਵੇਸ਼ਿਆ ਹੱਸ ਪਈ ਤੇ ਕਹਿਣ ਲੱਗੀ ਕਿ, "ਮੈਨੂੰ ਵੀ ਕਿਸੇ ਚੀਜ਼ ਦੀ ਲੋੜ ਹੈ।"

ਫ਼ਰੀਦ ਜੀ ਨੇ ਪੁੱਛਿਆ, "ਤੁਹਾਨੂੰ ਕਿਸ ਚੀਜ਼ ਦੀ ਲੋੜ ਹੈ?"

ਵੇਸ਼ਿਆ ਬੋਲੀ, "ਆਪ ਦੀਆਂ ਮੈਨੂੰ ਅੱਖਾਂ ਬਹੁਤ ਪਿਆਰੀਆਂ ਲੱਗਦੀਆਂ ਹਨ। ਅਗਰ ਤੁਸੀਂ ਮੈਨੂੰ, ਆਪਣੀ ਅੱਖ ਦੀ ਪੁਤਲੀ ਦਿਓਗੇ ਤਾਂ ਤੁਹਾਨੂੰ ਅੱਗ ਜ਼ਰੂਰ ਮਿਲ ਜਾਏਗੀ।"

ਇਤਿਹਾਸ 'ਚ ਲਿਖਿਆ ਮਿਲਦਾ ਹੈ ਕਿ ਜਿਉਂ ਹੀ ਵੇਸ਼ਿਆ ਨੇ ਤੇਜ਼ ਚਾਕੂ ਚੁੱਕਿਆ ਤੇ ਫ਼ਰੀਦ ਜੀ ਦੀ ਅੱਖ 'ਤੇ ਲਾਇਆ ਹੀ ਸੀ ਤਾਂ ਵੇਸ਼ਿਆ ਨੂੰ ਅਚਾਨਕ ਬੜੀ ਜੋਰ ਦੀ ਧੱਕਾ ਲੱਗਾ ਤੇ ਉਹ ਪਿੱਛੇ ਡਿੱਗ ਪਈ, ਪਰ ਫ਼ਰੀਦ ਜੀ ਦੀ ਅੱਖ 'ਤੇ ਜ਼ਖਮ ਹੋ ਗਿਆ। ਵੇਸ਼ਵਾ ਨੇ ਫ਼ਰੀਦ ਜੀ ਦੀ ਅੱਖ 'ਤੇ ਪੱਟੀ ਬੰਨ੍ਹ ਦਿੱਤੀ ਤੇ ਫ਼ਰੀਦ ਜੀ ਨੂੰ ਅੱਗ ਦੇ ਦਿੱਤੀ ਤੇ ਉਹਨਾਂ ਤੋ. ਮੁਆਫੀ ਮੰਗਣ ਲੱਗ ਪਈ।

ਆਪਣੇ ਰੋਜ਼ ਦੇ ਨਿਯਮ ਅਨੁਸਾਰ ਫ਼ਰੀਦ ਜੀ ਨੇ ਅੱਗ ਜਲਾਈ, ਪਾਣੀ ਗਰਮ ਕੀਤਾ ਤੇ ਗੁਰੂ ਜੀ ਨੂੰ ਇਸ਼ਨਾਨ ਕਰਵਾਇਆ। ਗੁਰੂ ਜੀ ਨੇ ਪੁੱਛਿਆ ਕਿ, "ਅੱਖ ਤੇ ਪੱਟੀ ਕਿਉਂ ਬੰਨ੍ਹ ਰੱਖੀ ਹੈ?" ਫ਼ਰੀਦ ਜੀ ਹੱਥ ਜੋੜ ਕੇ ਗੁਰੂ ਜੀ ਅੱਗੇ ਖੜ੍ਹੇ ਰਹੇ। ਗੁਰੂ ਜੀ ਨੇ ਕਿਹਾ, "ਪੱਟੀ ਖੋਲ੍ਹ ਦਿਓ।" ਜਿਉਂ ਹੀ

(ਬਾਕੀ ਅਗਲੇ ਸਫੇ 'ਤੇ)

# 'ਫ਼ਰੀਦ ਜੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਪੱਥ-ਪ੍ਰਦਰਸ਼ਕ'

ਫ਼ਰੀਦ ਜੀ ਨੇ ਪੱਟੀ ਖੋਲ੍ਹੀ, ਅੱਖ 'ਤੇ ਜ਼ਖਮ ਨਹੀਂ ਸੀ। ਅੱਖ ਪਹਿਲਾਂ ਦੀ ਤਰ੍ਹਾਂ ਸਾਫ ਸੀ ਜਿਵੇਂ ਪਹਿਲਾਂ ਹੁੰਦੀ ਸੀ। ਗੁਰੂ ਜੀ ਨੇ ਕਿਹਾ, "ਤੇਰੀ ਸੇਵਾ ਪਰਵਾਨ ਹੋਈ ਤੇ ਤਪੱਸਿਆ ਵੀ ਪੂਰਨ ਹੋਈ। ਹੰਕਾਰ ਨਹੀਂ ਕਰਨਾ, ਨਿਮਰਤਾ ਅਪਣਾਉਣਾ ਤੇ ਖ਼ੁਦਾ ਨੂੰ ਹਮੇਸ਼ਾ ਯਾਦ ਰੱਖਣਾ। ਰਿਧੀਆਂ-ਸਿਧੀਆਂ ਸਦਾ ਆਪ ਦੇ ਅੰਗ-ਸੰਗ ਰਹਿਣਗੀਆਂ। ਆਪਣੇ ਘਰ ਜਾ ਕੇ ਖ਼ੁਦਾ ਦੀ ਮਹਿਮਾ ਗਾਓ।"

ਇਸ ਤਰ੍ਹਾਂ ਹਜ਼ਰਤ ਚਿਸ਼ਤੀ ਸਾਹਿਬ ਪ੍ਰਸੰਨ ਚਿੱਤ, ਫ਼ਰੀਦ ਜੀ ਨੂੰ ਵਰ ਦਿੰਦੇ ਹੋਏ ਤੇ ਫ਼ਰੀਦ ਜੀ ਨੇ ਆਪਣੇ ਗੁਰੂ ਜੀ ਦੇ ਚਰਨ ਪਕੜ ਲਏ ਤੇ ਗੁਰੂ ਜੀ ਦੀ ਮਹਿਮਾ ਸੁਣ ਕੇ ਨਿਹਾਲ ਹੋ ਗਏ।

ਇਸ ਉਪਰੰਤ ਫ਼ਰੀਦ ਜੀ ਪਾਕਪਟਨ ਆਪਣੇ ਘਰ ਪਰਤ ਆਏ ਤੇ ਇਸਲਾਮ ਧਰਮ ਦਾ ਪ੍ਰਚਾਰ ਕਰਨ ਲੱਗ ਪਏ। ਨੇਕੀ, ਸੱਚ ਤੇ ਪ੍ਰਾਰਥਨਾ ਦਾ ਪ੍ਰਕਾਸ਼ ਚਾਰ-ਚੁਫੇਰੇ ਫੈਲ ਗਿਆ ਤੇ ਉਨ੍ਹਾਂ ਦੀ ਗੱਦੀ ਦਾ ਜਸ ਦੂਰ-ਦੂਰ ਤੱਕ ਫੈਲਣ ਲੱਗ ਪਿਆ। ਸ਼ੇਖ ਫ਼ਰੀਦ ਜੀ ਨੇ ਪਾਕਪਟਨ ਨੂੰ ਸੂਫ਼ੀ ਮੱਤ ਦੇ ਵਿਚਾਰਾਂ ਦਾ ਇਕ ਮਹਾਨ ਤੀਰਥ ਸਥਾਨ ਬਣਾ ਦਿੱਤਾ। ਭਾਰਤ, ਮਿਡਲ ਈਸਟ ਤੇ ਸੰਸਾਰ ਦੇ ਕੋਨੇ-ਕੋਨੇ ਤੋਂ ਅੱਜ ਵੀ ਲੋਕ ਇਸ ਮੱਤ ਦੀ ਸਿੱਖਿਆ ਲੈਣ ਲਈ ਪਾਕਪਟਨ ਵਿਖੇ ਜਾਂਦੇ ਹਨ। ਇੱਥੋਂ ਦੇ ਰਹਿਬਰ, ਹਮੇਸ਼ਾ ਆਪਣੇ ਸੂਫ਼ੀ ਮੱਤ ਦੀ ਸਿੱਖਿਆ ਪੰਜਾਬੀ ਭਾਸ਼ਾ 'ਚ ਦਿੰਦੇ ਹਨ ਜਿਹੜੀ ਕਿ ਪੰਜਾਬ ਦੇ ਆਮ ਜਨਜੀਵਨ ਦੀ ਬੋਲੀ ਹੈ, ਭਾਵੇਂ ਕਿ ਇੱਥੇ ਦੂਸਰੇ ਦੇਸ਼ਾਂ ਤੋਂ ਆਉਣ ਵਾਲੇ ਲੋਕ ਅਰਬੀ ਤੇ ਫਾਰਸੀ ਭਾਸ਼ਾ ਦੇ ਗਿਆਤਾ ਵੀ ਕਿਉਂ ਨਾ ਹੋਣ। ਸੂਫ਼ੀ ਮੱਤ ਦੀਆਂ ਸਾਰੀਆਂ ਸਿੱਖਿਆਵਾਂ ਤੇ ਸ਼ਲੋਕ ਪੰਜਾਬੀ ਭਾਸ਼ਾ 'ਚ ਹੀ, ਫਾਰਸੀ ਲਿੱਪੀ 'ਚ ਲਿਖੇ ਹੁੰਦੇ ਹਨ। ਉਥੇ ਪੈਸੇ ਦੇ ਰੂਪ 'ਚ ਦਾਨ ਨਹੀਂ ਲਿਆ ਜਾਂਦਾ ਸਗੋਂ ਇਹ ਦਾਨ ਰਾਸ਼ਨ-ਪਾਣੀ ਦੇ ਰੂਪ 'ਚ ਹੀ ਲਿਆ ਜਾਂਦਾ ਹੈ। ਇਸ ਰਾਸ਼ਨ-ਪਾਣੀ ਨਾਲ ਲੰਗਰ ਤਿਆਰ ਕਰਕੇ ਆਈਆਂ-ਗਈਆਂ ਸੰਗਤਾਂ ਨੂੰ ਖੁਆਇਆ ਜਾਂਦਾ ਹੈ।

ਬਾਬਾ ਫ਼ਰੀਦ ਜੀ ਫਿਰ ਦਿੱਲੀ ਗਏ ਤੇ ਉਹਨਾਂ ਦਾ ਬਹੁਤ ਸਵਾਗਤ ਕੀਤਾ ਗਿਆ। ਬਾਦਸ਼ਾਹ ਨਾਸੀਰ-ਉੱਲ-ਦੀਨ ਬਲਬਨ ਨੇ ਬਾਬਾ ਫ਼ਰੀਦ ਜੀ ਦੀ ਆਪਣੇ ਪਰਿਵਾਰ ਨਾਲ ਜਾਣ-ਪਛਾਣ ਕਰਵਾਈ। ਬਾਬਾ ਫ਼ਰੀਦ ਜੀ ਦੀ, ਬਲਬਨ ਬਾਦਸ਼ਾਹ ਦੀ ਪੁੱਤਰੀ ਹਜ਼ਾਬਾਰਾ ਤੇ ਨਜ਼ਰ ਪਈ ਤਾਂ ਉਹਨਾਂ ਨੇ ਬਾਦਸ਼ਾਹ ਤੋਂ ਆਪਣੇ ਲਈ, ਉਨ੍ਹਾਂ ਦੀ ਲੜਕੀ ਦਾ ਰਿਸ਼ਤਾ ਮੰਗ ਲਿਆ। ਬਾਦਸ਼ਾਹ ਨੇ ਆਪਣੀ ਲੜਕੀ ਦੀ ਸ਼ਾਦੀ, ਬਾਬਾ ਫ਼ਰੀਦ ਜੀ ਨਾਲ ਕਰ ਦਿੱਤੀ। ਬਾਬਾ ਫ਼ਰੀਦ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਉਹ ਤੋਹਫਿਆਂ ਦੇ ਰੂਪ 'ਚ ਕੋਈ ਵੀ ਹੀਰੇ ਜਵਾਹਰਾਤ ਨਹੀਂ ਲੈਣਗੇ ਤੇ ਬਾਦਸ਼ਾਹ ਨੇ ਜੋ ਹੀਰੇ ਜਵਾਹਰਾਤ ਬਾਬਾ ਫ਼ਰੀਦ ਜੀ ਨੂੰ ਦਿੱਤੇ, ਉਹ ਸਾਰੇ ਉਹਨਾਂ ਨੇ ਗਰੀਬ ਲੋਕਾਂ ਤੇ ਫਕੀਰਾਂ 'ਚ ਵੰਡ ਦਿੱਤੇ।

ਇਕ ਵਾਰ ਸੱਤ ਸੌ ਦੇ ਕਰੀਬ ਪਵਿੱਤਰ ਧਾਰਮਿਕ ਸ਼ਖ਼ਸੀਅਤਾਂ ਇਕੱਠੀਆਂ ਬੈਠੀਆਂ ਸਨ ਤੇ ਇਕ ਪੜਚੋਲੀਏ ਨੇ ਬਾਬਾ ਫ਼ਰੀਦ ਜੀ ਨੂੰ ਚਾਰ ਪ੍ਰਸ਼ਨ ਕੀਤੇ ਤੇ ਉਨ੍ਹਾਂ ਦਾ ਉੱਤਰ ਵੀ ਮੰਗਿਆ। ਬਾਬਾ ਫ਼ਰੀਦ ਜੀ ਨੇ ਪ੍ਰਸ਼ਨਾਂ ਦਾ ਉੱਤਰ ਵਾਰੀ-ਵਾਰੀ ਕਰਕੇ ਇੰਝ ਦਿੱਤਾ :-

ਪ੍ਰਸ਼ਨ : ਮਨੁੱਖ ਦੀ ਸਿਆਣਪਤ ਕਿਸ ਗੱਲ 'ਚ ਹੈ?

ਉਤਰ : ਮਨੁੱਖ ਪਾਪਾਂ ਤੇ ਗੁਨਾਹਾਂ ਤੋਂ ਦੂਰ ਰਹੇ।

ਪ੍ਰਸ਼ਨ : ਸਭ ਤੋਂ ਲਿਆਕਤਵਾਨ ਕੌਣ ਹੁੰਦਾ ਹੈ?

ਉਤਰ: ਜਿਹੜਾ ਆਦਮੀ ਹਰ ਚੰਗਿਆਈ ਨੂੰ ਨਕਾਰਦਾ ਨਹੀਂ ਹੈ।

ਪ੍ਰਸ਼ਨ : ਸਭ ਤੋਂ ਵੱਧ ਸੁਤੰਤਰ ਵਿਅਕਤੀ ਕਿਹੜਾ ਹੁੰਦਾ ਹੈ?

ਉਤਰ : ਜਿਹੜਾ ਮਨੁੱਖ ਆਪਣੇ ਕੰਮ 'ਚ ਨਿਪੁੰਨ ਹੋਵੇ।

ਪ੍ਰਸ਼ਨ : ਸਭ ਤੋਂ ਵੱਧ ਜਰੂਰਤਮੰਦ ਕੌਣ ਹੁੰਦਾ ਹੈ?

ਉਤਰ : ਜਿਹੜਾ ਵਿਅਕਤੀ ਆਪਣੇ ਕੰਮ 'ਚ ਨਿਪੁੰਨ ਨਹੀਂ ਹੁੰਦਾ।

ਬਾਬਾ ਫ਼ਰੀਦ ਜੀ ਦੇ ਇਕ ਪੈਰੋਕਾਰ ਨੇ ਇਕ ਵਾਰ ਪੁੱਛਿਆ ਬਾਬਾ ਜੀ ਕੀ ਗਾਉਣਾ ਤੇ ਸੰਗੀਤ ਵਜਾਉਣਾ ਕਾਨੂੰਨੀ ਤੌਰ ਤੇ ਠੀਕ ਹੈ? ਬਾਬਾ ਫ਼ਰੀਦ ਜੀ ਨੇ ਉੱਤਰ ਦਿੱਤਾ ਕਿ ਇਸਲਾਮ ਧਰਮ ਦੇ ਮੁਤਾਬਕ ਇਹ ਯਕੀਨਨ ਗੈਰ ਕਾਨੂੰਨੀ ਹੈ ਪਰ ਇਸ ਦੀ ਉਚਿੱਤਤਾ ਅਜੇ ਇਕ ਬਹਿਸ ਦਾ ਵਿਸ਼ਾ ਹੈ। ਨਿਜ਼ਾਮ-ਉੱਲ-ਦਾਉਲੀਆ ਨੇ ਆਪਣੇ ਇਕ ਪੈਰੋਕਾਰ ਜਿਸ ਦਾ ਨਾਮ ਨਸੀਰ-ਉੱਲ-ਦੀਨ ਸੀ ਨੂੰ ਕਿਹਾ ਕਿ ਜਦ ਉਹ ਇਕ ਦਿਨ ਬਾਬਾ ਫ਼ਰੀਦ ਜੀ ਨੂੰ ਮਿਲਣ ਲਈ ਗਏ ਤਾਂ ਉਹ ਆਪਣੇ ਦਰਵਾਜੇ 'ਚ ਖੜ੍ਹੇ ਇਹ ਨਿਮਨ ਲਿਖਤ ਸ਼ਲੋਕ ਗਾ ਕੇ ਨੱਚ ਵੀ ਰਹੇ ਸਨ :

ਫ਼ਰੀਦਾ ਤਨ ਤਪੇ ਤਨੂੰਰ ਜਿਉ, ਬਾਲਣ ਹੱਡ ਬਲੰਨ ॥
ਪੈਰੀ ਥੱਕਾ ਸਿਰ ਜੁਲਾ, ਜੇਮੂੰ ਪਿਰੀ ਮਲੰਨ ॥

ਭਾਵ ਮੇਰਾ ਸਰੀਰ ਪਰਮਾਤਮਾ ਨੂੰ ਪਾਉਣ ਲਈ ਇਕ ਤੰਦੂਰ ਦੀ ਤਰ੍ਹਾਂ ਤਪ ਰਿਹਾ ਹੈ ਤੇ ਮੈਂ ਉਸ ਤੰਦੂਰ 'ਚ ਆਪਣੇ ਸਰੀਰ ਦੇ ਹੱਡਾਂ ਦਾ ਬਾਲਣ ਬਾਲ ਰਿਹਾ ਹਾਂ। ਜੇਕਰ ਉਹ ਪ੍ਰਮਾਤਮਾ ਮੈਨੂੰ ਇਸ ਤਰ੍ਹਾਂ ਕਰਨ ਨਾਲ ਨਹੀਂ ਮਿਲੇਗਾ ਤਾਂ ਉਸ ਦੇ ਦਰ 'ਤੇ ਪਹੁੰਚਣ ਲਈ, ਪੈਰਾਂ ਨਾਲ ਚੱਲਦਾ ਥੱਕ ਜਾਵਾਂ ਤਾਂ ਮੈਂ ਸਿਰ ਭਰਨੇ ਹੋ ਕੇ ਚੱਲਣ ਲਈ ਤਿਆਰ ਹਾਂ। ਮੈਨੂੰ ਪ੍ਰਮਾਤਮਾ ਨੂੰ ਪਾਉਣ ਲਈ ਹਰ ਵਿਧੀ ਮਨਜ਼ੂਰ ਹੈ।

ਬਾਬਾ ਫ਼ਰੀਦ ਜੀ ਨੇ ਮੋਹਕਲਪੁਰ ਸ਼ਹਿਰ ਦੀ ਯਾਤਰਾ ਵੀ ਕੀਤੀ। ਇਸ ਨੂੰ ਅੱਜਕੱਲ੍ਹ, ਫ਼ਰੀਦਕੋਟ ਕਹਿੰਦੇ ਹਨ। ਬਾਬਾ ਫ਼ਰੀਦ ਜੀ ਦੇ ਇਸ ਸ਼ਹਿਰ 'ਚ ਆਉਣ ਕਰਕੇ, ਬਾਅਦ 'ਚ ਉਨ੍ਹਾਂ ਦੀ ਯਾਦਗਾਰ ਵਜੋਂ, ਇਸ ਮੋਹਕਲਪੁਰ ਸ਼ਹਿਰ ਦਾ ਨਾਮ ਬਦਲ ਕੇ ਫ਼ਰੀਦਕੋਟ ਰੱਖ ਦਿੱਤਾ ਗਿਆ। ਇਹ ਸ਼ਹਿਰ ਭਾਰਤ ਦੇ ਪੰਜਾਬ ਪ੍ਰਾਂਤ 'ਚ ਸਥਿਤ ਹੈ। ਇੱਥੇ ਬਾਬਾ ਫ਼ਰੀਦ ਜੀ ਕੋਈ ਛੇ ਮਹੀਨੇ ਦੇ ਕਰੀਬ ਰੁਕੇ ਤੇ ਜਾਣ ਲੱਗੇ ਆਪਣੀ ਕੁਟੀਆ ਨੂੰ ਤਾਲੇ ਨਾਲ ਬੰਦ ਕਰ ਗਏ ਤੇ ਕਿਹਾ ਕਿ, "ਹੁਣ ਇਸ ਨੂੰ ਮੇਰਾ ਕੋਈ ਵੰਸ਼ਜ਼ ਹੀ ਆ ਕੇ ਖੋਲ੍ਹੇਗਾ।" ਇਸ ਤੋਂ ਬਾਅਦ ਉਹ ਪੰਜਾਬ ਦੇ ਪਹਾੜਾਂ 'ਚ ਦੀ ਹੁੰਦੇ ਹੋਏ ਪਾਕਪਟਨ ਪਹੁੰਚ ਗਏ। ਜਿਉਂ ਹੀ ਬਾਬਾ ਫ਼ਰੀਦ ਜੀ ਦਾ ਵੰਸ਼ਜ਼ ਦਿਵਾਨ ਤਾਜ਼-ਉੱਲ-ਦੀਨ ਆਪਣੀ ਮੱਕੇ-ਮਦੀਨੇ ਦੀ ਹੱਜ਼ ਯਾਤਰਾ ਪੂਰੀ ਕਰਕੇ ਵਾਪਿਸ ਆਇਆ ਤਾਂ ਉਸ ਤੋਂ ਬਾਅਦ ਉਹ ਪੰਜਾਬ ਦੇ ਇਸ ਫ਼ਰੀਦਕੋਟ ਸ਼ਹਿਰ 'ਚ ਆਇਆ ਤੇ ਉਸ ਨੇ ਲੋਕਾਂ ਤੋਂ ਬਾਬਾ ਫ਼ਰੀਦ ਜੀ ਦੇ ਵੰਸ਼ਜ਼ ਦਾ ਨਾਮ ਪੁੱਛਿਆ ਤੇ ਉਹਨਾਂ ਨੇ ਕਿਹਾ ਕਿ ਅਸੀਂ ਤਾਂ ਸਿਵਾਏ ਕੁਤਬ-ਉੱਲ-ਆਲਮ ਬਾਬਾ ਫ਼ਰੀਦ ਸ਼ਕਰਗੰਜ ਨੂੰ ਹੀ ਜਾਣਦੇ ਹਾਂ ਤੇ ਹੋਰ ਉਨ੍ਹਾਂ ਦੇ ਕਿਸੇ ਜਾਨਸ਼ੀਨ ਜਾਂ ਵੰਸ਼ਜ਼ ਨੂੰ ਨਹੀਂ ਜਾਣਦੇ। ਫਿਰ ਉਸ ਨੇ ਕਿਹਾ ਕਿ, "ਮੈਂ ਹੀ ਉਨ੍ਹਾਂ ਦਾ ਵੰਸ਼ਜ਼ ਹਾਂ", ਫਿਰ ਲੋਕਾਂ ਦੀ ਹਾਜ਼ਰੀ 'ਚ ਤਾਜ਼-ਉੱਲ-ਦੀਨ ਨੇ ਬਾਬਾ ਫ਼ਰੀਦ ਜੀ ਦੀ ਕੁਟੀਆ ਦਾ ਦਰਵਾਜ਼ਾ ਖੋਲ੍ਹਿਆ। ਇਹ ਹਕੀਕਤ ਬਾਬਾ ਫ਼ਰੀਦ ਜੀ ਦੇ ਜਾਣ ਤੋਂ ਕਈ ਸੌ ਸਾਲ ਬਾਅਦ ਦੀ ਹੈ। ਬਾਬਾ ਸ਼ੇਖ ਫ਼ਰੀਦ ਸ਼ਕਰਗੰਜ਼ ਜੀ ਦੀ ਯਾਦ 'ਚ ਇੱਥੇ ਹਰ ਸਾਲ ਤਿੰਨ ਦਿਨ ਲਈ 'ਬਾਬਾ ਫ਼ਰੀਦ ਜੀ ਦਾ ਮੇਲਾ' ਮਨਾਇਆ ਜਾਂਦਾ ਹੈ ਤੇ ਲੋਕ ਦੂਰੋਂ-ਦੂਰੋਂ ਇਸ 'ਚ ਸ਼ਾਮਲ ਹੋਣ ਲਈ ਆਉਂਦੇ ਹਨ।

ਬਾਬਾ ਫ਼ਰੀਦ ਜੀ ਦੀ ਮੌਤ 1266 ਈਸਵੀ ਨੂੰ ਮੁਹੱਰਮ ਤੋਂ ਪੰਜਵੇਂ ਦਿਨ ਬਾਅਦ ਨਮੂਨੀਆ ਦੀ ਬਿਮਾਰੀ ਨਾਲ ਹੋਈ। ਬਾਬਾ ਜੀ ਦੀ ਪਾਕਪਟਨ ਵਿਖੇ ਯਾਦਗਾਰ ਉਨ੍ਹਾਂ ਦੇ ਜਾਨਸ਼ੀਨਾਂ ਨੇ ਕਾਫੀ ਸਮਾਂ ਲੰਘ ਜਾਣ ਬਾਅਦ ਬਣਾਈ। ਬਾਬਾ ਫ਼ਰੀਦ ਜੀ ਇਕ ਵਿਲੱਖਣ ਸ਼ਖ਼ਸੀਅਤ ਦੇ ਬੜੇ ਪਹੁੰਚੇ ਹੋਏ ਸੂਫ਼ੀ ਸੰਤ ਸਨ ਤੇ ਉਨ੍ਹਾਂ ਦੇ ਪੈਰੋਕਾਰਾਂ ਨੂੰ 'ਚਿਸ਼ਤੀ' ਕਿਹਾ ਜਾਂਦਾ ਹੈ।

ਬਾਬਾ ਫ਼ਰੀਦ ਜੀ ਦਾ ਦਾਹ ਸੰਸਕਾਰ ਪਾਕਪਟਨ ਦੇ ਬਾਹਰ-ਬਾਰ ਸ਼ਹਿਰ ਤੋਂ ਥੋੜ੍ਹੀ ਦੂਰ ਕੀਤਾ ਗਿਆ। ਇਸ ਜਗ੍ਹਾ ਨੂੰ "ਸ਼ਹੀਦ ਗਾਹ" ਕਹਿੰਦੇ ਹਨ। ਉਹਨਾਂ ਦੀਆਂ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਨੂੰ ਉਨ੍ਹਾਂ ਦੇ ਜਾਨਸ਼ੀਨਾਂ ਤੇ ਪੈਰੋਕਾਰਾਂ ਨੇ ਅੱਜ ਵੀ ਜੀਵੰਤ ਰੱਖਿਆ ਹੋਇਆ ਹੈ ਤੇ ਸੰਸਾਰ ਭਰ ਤੋਂ ਲੋਕ, ਇੱਥੇ ਸਜਦਾ ਕਰਨ ਲਈ ਤੇ ਸੂਫ਼ੀ ਮੱਤ ਦੀਆਂ ਸਿੱਖਿਆਵਾਂ ਲੈਣ ਲਈ ਆਉਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ, ਸਤਿਗੁਰੂ ਕਬੀਰ ਦਾਸ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਸੈਨ ਜੀ ਤੇ ਹੋਰ ਭਗਤੀ ਲਹਿਰ ਦੇ ਅਨੇਕਾਂ ਰਹਿਬਰਾਂ ਨੇ ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ ਤੋਂ ਪ੍ਰਭਾਵ ਗ੍ਰਹਿਣ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀਆਂ ਯਾਤਰਾਵਾਂ ਦੇ ਦੌਰਾਨ ਪਾਕਪਟਨ ਵਿਖੇ ਗਏ ਤੇ ਉਹ ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਦੀ ਗੱਦੀ ਦੇ ਛੇਵੇਂ ਜਾਨਸ਼ੀਨ ਸ਼ੇਖ਼ ਫ਼ਰੀਦ ਜੀ ਸਾਨੀ ਜਾਂ ਸ਼ੇਖ਼ ਫ਼ਰੀਦ ਜੀ ਦੂਜੇ, ਨੂੰ ਮਿਲੇ ਤੇ ਉਹਨਾਂ ਤੋਂ, ਆਪਣੇ ਨਾਲ ਬਾਬਾ ਸ਼ੇਖ ਫ਼ਰੀਦ ਜੀ ਦੀ ਬਾਣੀ ਵੀ ਨਾਲ ਲਿਆਏ। ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 'ਗੁਰੂ ਗ੍ਰੰਥ ਸਾਹਿਬ' 'ਚ ਦਰਜ ਕੀਤਾ ਹੈ। ਗੁਰੂ ਗ੍ਰੰਥ ਸਾਹਿਬ 'ਚ ਸ਼ੇਖ਼ ਫ਼ਰੀਦ ਜੀ ਦੇ 112 ਸ਼ਲੋਕ ਦਰਜ ਹਨ ਤੇ ਇਸ ਦੇ ਨਾਲ 20 ਸ਼ਲੋਕ ਉਹ ਵੀ ਦਰਜ ਕੀਤੇ ਗਏ ਹਨ, ਜਿਹੜੇ ਗੁਰੂ ਸਾਹਿਬ ਨ ਸ਼ੇਖ਼ ਫ਼ਰੀਦ ਜੀ ਦੇ ਸਲੋਕਾਂ ਦੀ ਟਿੱਪਣੀ ਵਜੋਂ ਲਿਖੇ ਹਨ, ਜਿੱਥੇ ਉਹਨਾਂ ਦੇ ਵਿਚਾਰ, ਬਾਬਾ ਸ਼ੇਖ਼ ਫ਼ਰੀਦ ਜੀ ਨਾਲ ਨਹੀਂ ਮਿਲਦੇ ਸਨ।

ਉਥੇ ਉਹਨਾਂ ਨੇ ਨਾਲ ਇਹ ਸ਼ਲੋਕ ਵੀ ਲਿਖ ਦਿੱਤੇ ਤਾਂ ਜੋ ਫ਼ਰੀਦ ਜੀ ਤੇ ਗੁਰੂ ਸਾਹਿਬਾਨ ਦੇ ਸ਼ਲੋਕਾਂ ਦਾ ਵਿਚਾਰਧਾਰਕ ਫਰਕ ਪਤਾ ਲੱਗ ਸਕੇ। ਸ਼ੇਖ਼ ਫ਼ਰੀਦ ਜੀ ਦੀ ਬਾਣੀ 'ਚ ਨਿਰਾਸ਼ਾਵਾਦ ਜ਼ਿਆਦਾ ਭਾਰੂ ਹੈ ਪਰ ਵਿਚ-ਵਿਚ ਆਸ਼ਾਵਾਦ ਵੀ ਆਪਣੇ ਝਲਕਾਰੇ ਮਾਰਦਾ ਹੈ।

ਬਾਬਾ ਸ਼ੇਖ ਫ਼ਰੀਦ ਸ਼ਕਰਗੰਜ ਜੀ ਨੂੰ ਸਹੀ ਮਾਅਨਿਆਂ 'ਚ ਪੰਜਾਬੀ ਸਾਹਿਤ ਤੇ ਭਾਸ਼ਾ ਦੇ ਆਰੰਭਕ ਦੌਰ ਦੇ ਨਿਰਮਾਤਾ ਕਿਹਾ ਜਾ ਸਕਦਾ ਹੈ। ਉਹਨਾਂ ਦੀ ਸਾਹਿਤ ਰਚਨਾ ਨੇ ਹਿੰਦੀ ਤੇ ਉਰਦੂ ਭਾਸ਼ਾਵਾਂ 'ਤੇ ਵੀ ਆਪਣੇ ਸਮਿਆਂ 'ਚ ਗਹਿਰਾ ਪ੍ਰਭਾਵ ਛੱਡਿਆ। ਉਨ੍ਹਾਂ ਦੀ ਰਚਨਾ, ਭਾਵ ਬਾਣੀ ਬੜੀ ਸਰਲ, ਸਪਸ਼ਟ ਤੇ ਆਮ ਲੋਕਾਂ ਦੀ ਬੋਲੀ 'ਚ ਹੈ। ਉਹਨਾਂ ਤੋਂ ਕਾਫੀ ਸਮਾਂ ਬਾਅਦ ਦੇ ਪ੍ਰਸਿੱਧ ਕਵੀਆਂ ਨੇ ਜਿਨ੍ਹਾਂ 'ਚ ਸਤਿਗੁਰੂ ਕਬੀਰ ਦਾਸ ਜੀ, ਤੁਲਸੀ ਦਾਸ ਜੀ ਤੇ ਮੀਰਾਂ ਬਾਈ ਜੀ ਨੇ ਵੀ ਆਪਣੀਆਂ ਕਵਿਤਾਵਾਂ ਆਮ ਲੋਕਾਂ ਦੀ ਬੋਲੀ 'ਚ ਬੜੇ ਸਰਲ ਤੇ ਸਪਸ਼ਟ ਸ਼ਬਦਾਂ 'ਚ ਲਿਖਣ ਦੀ ਪਿਰਤ ਪਾਈ। ਇਹ ਗੱਲ ਕਹਿਣ 'ਚ ਕੋਈ ਅੱਤਕਥਨੀ ਨਹੀਂ ਹੋਵੇਗੀ ਕਿ ਬਾਬਾ ਸ਼ੇਖ਼ ਫ਼ਰੀਦ ਸ਼ਕਰਗੰਜ ਜੀ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਅਸਲੀ ਪੱਥ-ਪ੍ਰਦਰਸ਼ਕ ਹਨ।

## 'ਸੰਤਾਲੀ ਦਾ ਸੰਤਾਪ'

ਚਰਨ ਅਨੰਦ
916-587-4002



ਬਚਪਨ ਦੀ ਯਾਦਾਂ ਨੂੰ, ਜਦ ਕਦੇ ਮੈਂ ਖੋਲ੍ਹਦਾ ਹਾਂ,
ਧੁੰਦਲੀਆਂ ਪਈਆਂ ਯਾਦਾਂ 'ਚੋਂ ਜੇ ਮੈਂ ਕੁਝ ਫਰੋਲਦਾ ਹਾਂ।

ਢੂੰਡ-ਢੂੰਡ ਮੈਂ ਰੱਖੀ ਜਾਨਾ, ਭੁੱਲੀਆਂ ਵਿਸਰੀਆਂ ਯਾਦਾਂ ਨੂੰ,
ਜ਼ਖ਼ਮ ਅਜੇ ਵੀ ਅਵੱਲੇ ਨੇ, ਜੋ ਵਰਤਿਆ ਸੀ ਹਨੇਰੀ ਰਾਤਾਂ ਨੂੰ।

ਮਾਂ ਮੇਰੀ ਨੇ ਦੱਸਿਆ ਮੈਨੂੰ ਸੰਨ ਸੰਨਤਾਲੀ ਦਾ ਉਹ ਸਾਕਾ,
ਵਰਤਿਆ ਸੀ ਭਾਣਾ ਜੋ ਉਸ ਰਾਤੀਂ, ਭੁੱਲਿਆ ਜਾਣਾ ਨਹੀਂ ਉਹ ਕਾਕਾ।

ਝੁੱਲੀ ਹਨੇਰੀ ਕਾਲ਼ੀ ਉਸ ਦਿਨ, ਬੁਝ ਗਿਆ ਦੀਵਾ ਜਾ ਵਿਚ ਮਸਾਣਾਂ,
ਫਿਰ ਇਕ ਦੂਜੇ ਨੂੰ ਕੌਣ ਪਛਾਣੇ, ਮਰੀ ਸੀ ਮਾਂ ਪੀਵੇ ਦੁੱਧ ਨਿਆਣਾ।

ਹਫੜਾ-ਦਫੜੀ ਮਚ ਗਈ ਉਥੇ, ਮਾਰੋ-ਮਾਰੀ ਹੋਈ ਜਾਵੇ,
ਹੱਥੀਂ ਕੰਨੀ ਜੋ ਸੀ ਪਾਇਆ, ਉਹੀਓ ਸਾਰੇ ਖਿੱਚੀ ਜਾਵਣ।

ਲੱਤ, ਬਾਂਹ, ਸਿਰ ਕੱਟਦੇ ਜਾਵਣ, ਉੱਠੇ ਜੋ ਕੋਈ ਜਾਨ ਬਚਾਵਾਂ,
ਡੱਬੇ ਵਿਚ ਬੱਸ ਇਹੀ ਸੁਣਦਾ, ਮਾਰ ਦਿਓ ਇਹ ਹਿੰਦੋਸਤਾਨੀ।

ਇਕ-ਇਕ ਕਰ ਬਦਲਾ ਲੈ ਲਓ, ਜੇ ਹੋ ਸੱਚੇ ਤੁਸੀਂ ਪਾਕਿਸਤਾਨੀ,
ਮਾਰ-ਮਾਰ ਸਭ ਲਾਸ਼ਾਂ ਕਰ ਦਿਓ, ਰਹੂ ਯਾਦ ਤੁਹਾਡੀ ਇਹ ਕੁਰਬਾਨੀ।

ਮੁਸਲਮ ਪਰਿਵਾਰ ਵੀ ਕਤਲ ਹੋਏ ਨੇ, ਦੇਸ਼ ਦੇ ਵਿਚ ਇਹ ਵੰਡ ਕਰਵਾ ਕੇ,
ਉਹ ਵੀ ਤਾਂ ਮਜ਼ਲੂਮ ਹੀ ਸਨ, ਵੱਢ ਦਿੱਤੇ ਜੋ ਬਾਰਡਰ ਤੇ ਆ ਕੇ।

ਇਹ ਗੱਡੀ ਜੋ ਲਹੌਰ ਤੋਂ ਆਈ, ਲਿਆਕੇ ਅੱਧ ਵਿਚਕਾਰ ਖ਼ਲਾਈ,
ਖ਼ਲਕਤ ਚੜ੍ਹੀ ਸੀ ਇਸ ਤੇ ਭਾਰੀ, ਕੀਤੀ ਸਭਨਾਂ ਘਰ ਛੱਡ ਤਿਆਰੀ।

ਆਪਣੇ ਦੇਸ਼ 'ਚੋਂ ਹੋਏ ਪਰਦੇਸੀ, ਇਹ ਨਾ ਕਿਸੇ ਵੀ ਗੱਲ ਵਿਚਾਰੀ,
ਖੜ੍ਹੀ ਗੱਡੀ ਤੇ ਆਣ ਉਹ ਟੁੱਟੇ, ਮੂੰਹੋਂ ਬੋਲਣ ਅਲਾਹ-ਹੂ-ਅਲੀ।

ਵੱਢ-ਟੁੱਕ ਦਿੱਤੀ ਗੱਡੀ ਸਾਰੀ, ਬਚ ਨਾ ਸਕਿਆ ਬੱਚਾ, ਬੰਦਾ ਔਰ ਨਾਰੀ,
ਲੱਖਾਂ ਹੀ ਯਤੀਮ ਹੋ ਗਏ, ਘਰ ਛੱਡ ਆਪਣੇ ਸਭ ਬੇਘਰ ਹੋ ਗਏ।

ਅਸੀਂ ਵੀ ਸਾਂ ਕਿਸਮਤ ਦੇ ਮਾਰੇ, ਚੜ੍ਹ ਬੈਠੇ ਉਸ ਗੱਡੀ 'ਚ ਸਾਰੇ,
ਵਿੱਛੜ ਗਏ ਪਰਿਵਾਰ ਉਹ ਸਾਰੇ, ਕੁਝ ਮਰ ਗਏ, ਕੁਝ ਬਚੇ ਵਿਚਾਰੇ।

ਸੜਕਾਂ ਉਤੇ ਰਾਤ ਬਿਤਾਵਣ, ਭਿਖਾਰੀ ਵਾਂਗ ਉਹ ਭੀਖ ਲਿਆਵਣ,
ਰਾਤ ਇਉਂ ਬੀਤੀ ਭਿਆਨਕ ਕਾਲੀ, ਸੂਰਜ ਚੜ੍ਹਿਆ ਲੈ ਖ਼ੂਨ ਦੀ ਲਾਲੀ।

ਪਹੁੰਚੀ ਗੱਡੀ ਜਦ ਅੰਮ੍ਰਿਤਸਰ ਆਈ, ਦੜ੍ਹ-ਦੜ੍ਹ ਕਰਦੀ ਫੌਜ ਫਿਰ ਆਈ,
ਹਾਹਾਕਾਰ ਮਚੀ ਵਿਚ ਲੋਕਾਂ, ਦੇਖ ਕੇ ਡਿੱਬੇ ਭਰੀਆਂ ਸਨ ਲੋਥਾਂ।

ਉਪਰੋਂ ਰੱਬ ਕੀ ਕਹਿਰ ਕਮਾਇਆ, ਲਗਾਤਾਰ ਮੀਂਹ ਭਰ ਵਰਸਾਇਆ,
ਲੋਥਾਂ ਪਾਣੀ ਦੇ ਵਿਚ ਡੁੱਬੀਆਂ, ਨਾ ਮਿਲਿਆ ਕੱਫ਼ਨ ਨਾ ਕਿਸੇ ਕੱਜੀਆ।

ਫੈਲਿਆ ਹੈਜ਼ਾ ਖਤਰਨਾਕ ਬਿਮਾਰੀ, ਮਰਨ ਲੱਗੀ ਉਤੋਂ ਜੰਤਾ ਭਾਰੀ,
ਕੌਣ ਸੁਣੇ ਕਿਸ ਅਰਜੋਈ, ਜੋ ਅਣਹੋਣੀ ਸਭ ਨਾਲ ਹੋਈ।

ਲੋਕ ਕਹਿਣ ਇਸ ਨੂੰ ਵਟਵਾਰਾ, ਮੈਂ ਕਹਾਂ ਇਹ ਸ਼ੈਤਾਨ ਦਾ ਕਾਰਾ,
ਕੀ ਖੱਟਿਆ ਕੀ ਉਸ ਪਾਇਆ, ਜਿਸ ਵੀ ਇਹ ਕਾਰਾ ਕਰਵਾਇਆ।

ਬਖ਼ਸ਼ ਨਾ ਕਰਸੀ ਰੱਬ ਵੀ ਉਸ ਨੂੰ, ਬੱਲਸੀ ਨਾ ਦੀਵਾ ਕਬਰ ਤੇ ਉਥੇ
ਬਾਪੂ ਤੇਰੇ ਇੰਝ ਕਰਮ ਕਮਾਇਆ, ਸਾਰੀ ਗੱਡੀ ਵਿਚ ਪਾਣੀ ਪਿਲਵਾਇਆ।

ਸੱਟਾਂ ਸੀ ਲੱਗੀਆਂ ਉਸ ਨੂੰ ਭਾਰੀ, ਪਰ ਫਿਰ ਵੀ ਉਸ ਹਿੰਮਤ ਨਾ ਹਾਰੀ,
ਪਹੁੰਚੇ ਅਸੀਂ ਜਦ ਅੰਮ੍ਰਿਤਸਰ ਆ ਕੇ, ਡਿੱਗ ਪਿਆ ਤਦ ਹੋਸ਼ ਗਵਾਕੇ।

ਮਿਲੀ ਦਵਾ ਨਾ ਸਮੇਂ ਤੇ ਉਸਨੂੰ, ਖਾ ਗਏ ਜ਼ਖਮ ਜੋ ਲੱਗੇ ਸੀ ਉਸਨੂੰ,
ਕੁਝ ਲੋਕਾਂ ਲਈ ਇਹ ਆਜ਼ਾਦੀ, ਕਰ ਗਈ ਜਿੰਦਗੀ ਭਰ ਦੀ ਬਰਬਾਦੀ।

ਅਸਾਂ ਸੰਤਾਲੀ ਦਾ ਸੰਤਾਪ ਹੰਢਾਇਆ, ਬਚੜਿਆ ਮੇਰੇ ਦੱਸ ਤੂੰ ਕੀ ਪਾਇਆ,
ਹੋਣੀ ਸੀ ਤੇਰੀ ਚੜ੍ਹਤ ਬਥੇਰੀ, ਵੱਡੇ ਗਿਰਾਂ ਸਨ, ਇਕ ਵੱਡੀ ਹਵੇਲੀ।

ਕਰੀ ਨਾ ਹੁਣ ਤੂੰ ਇਸ ਦਾ ਝੋਰਾ, ਮਿਹਨਤ ਕਰੀ ਸਭ ਮਿਲੂ ਬਥੇਰਾ,
ਦੁਨੀਆਂ ਵਿਚ ਇਹ ਹੁੰਦਾ ਆਇਆ, ਜ਼ੁਲਮੀ, ਜ਼ਾਲਮ ਜ਼ੁਲਮ ਕਮਾਉਂਦਾ ਆਇਆ।

ਪਹਿਲਾਂ ਵੀ ਸਿਕੰਦਰਪੁਰ ਜ਼ੋਰ ਲਗਾਇਆ, ਰਿਹਾ ਆਪ ਨਾ ਉਸ ਦਾ ਸਾਇਆ,
ਨਫਰਤ ਨੂੰ ਨਾ ਮਿਲਦੀ ਢੋਈ, ਲੜ ਲੱਗ ਉਸ ਤਾਂ ਚਾਨਣ ਹੋਏ।

'ਚਰਨ' ਤੂੰ ਪੁੱਤਰਾ ਕਰਮ ਕਮਾਵੀਂ, ਦੇਸ਼ ਕੌਮ ਨੂੰ ਸਦਾ ਬਚਾਵੀਂ,
ਤਾਂ ਜੋ ਮੁੜ ਐਸਾ ਵਕਤ ਨਾ ਆਵੇ, ਜੋ ਮੁਲਕ ਆਪਣੇ ਦੀ ਇੰਝ ਵੰਡ ਕਰਵਾਵੇ।

# ਬਾਦਲ ਅਕਾਲੀ ਦਲ ਲਈ ਆਤਮ-ਮੰਥਨ ਕਰਨ ਦਾ ਸਮਾਂ !

ਕਮੇਟੀ ਦੀਆਂ ਆਮ ਚੋਣਾਂ ਵਿੱਚ ਪਾਸਾ ਉਨ੍ਹਾਂ ਦੇ ਹਕ ਵਿੱਚ ਪੈ ਸਕਦਾ ਹੈ। ਇਧਰ ਇਹ ਵੀ ਮੰਨਿਆ ਜਾਂਦਾ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ ਦਿੱਲੀ (ਸਰਨਾ) ਦੇ ਆਗੂ ਧਾਰਮਕ ਵਿਵਾਦਾਂ, ਜਿਵੇਂ ਕਿ ਨਾਨਕਸ਼ਾਹੀ ਕੈਲੰਡਰ ਆਦਿ ਨਾਲੋਂ ਕਿਨਾਰਾ ਕਰ ਲੈਣ. ਆਪਣੀ ਅਲੋਚਨਾ ਸਹਿਣ ਕਰਨ ਦੀ ਸਮਰਥਾ ਜੁਟਾ ਲੈਣ ਤੇ ਜ਼ੁਬਾਨ ਤੋਂ ਨਿਕਲਣ ਵਾਲੇ ਅਪ-ਸ਼ਬਦਾਂ ਪੁਰ ਅੰਕੁਸ਼ ਲਾ ਲੈਣ ਤਾਂ ਉਨ੍ਹਾਂ ਦੇ ਦਲ ਦੀ ਸਥਿਤੀ 'ਚ ਉਨ੍ਹਾਂ ਦੀ ਆਸ ਤੋਂ ਕਿਤੇ ਵੱਧ ਸੁਧਾਰ ਆ ਸਕਦਾ ਹੈ।

**ਫਰਾਂਸ ਵਿੱਚ ਪਗੜੀ ਦਾ ਮਸਲਾ:** ਬੀਤੇ ਦਿਨੀਂ ਦਿੱਲੀ ਅਤੇ ਪੰਜਾਬ ਦੇ ਸਿੱਖ ਮੁਖੀਆਂ ਵਿੱਚ ਆਪਣੀ ਅਲਗ ਹੀ ਪਛਾਣ ਬਣਾਈ ਚਲੇ ਆ ਰਹੇ ਸ. ਰਘੁਬੀਰ ਸਿੰਘ ਜੋੜਾ ਇੱਕ ਵਿਸ਼ੇਸ਼ ਸਦੇ ਤੇ ਫਰਾਂਸ ਦੀ ਯਾਤਰਾ ਪੁਰ ਗਏ। ਆਪਣੀ ਇਸ ਯਾਤਰਾ ਦੌਰਾਨ ਸ. ਜੋੜਾ ਨੇ ਫਰਾਂਸ ਦੇ ਰਾਜ, ਲਾ-ਮਾਨਚੇ ਦੇ ਮੁੱਖ ਮੰਤਰੀ ਮਿ. ਫਿਲਿਪ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਉਨ੍ਹਾਂ ਮਿ. ਫਿਲਿਪ ਨੂੰ ਯਾਦ ਕਰਾਇਆ ਕਿ ਦੂਸਰੇ ਵਿਸ਼ਵ ਯੁੱਧ ਸਮੇਂ ਬ੍ਰਿਟਿਸ਼ ਸੈਨਾ ਦੇ ਇੱਕ ਅੰਗ ਦੇ ਰੂਪ ਵਿੱਚ ਪਗੜੀਧਾਰੀ ਸਿੱਖ ਸੈਨਕਾਂ ਨੇ ਆਪਣੀ ਜਾਨ ਪੁਰ ਖੇਡ, ਦੁਸ਼ਮਣਾਂ ਤੋਂ ਉਨ੍ਹਾਂ ਦੇ ਰਾਜ ਲਾ-ਮਾਨਚੇ ਅਤੇ ਦੇਸ਼, ਫਰਾਂਸ ਦੀ ਰਖਿਆ ਕੀਤੀ ਸੀ। ਪਰ ਉਨ੍ਹਾਂ ਨੂੰ ਇਸ ਗਲ ਦਾ ਅਫਸੋਸ ਹੈ ਕਿ ਉਸੇ ਰਾਜ ਅਤੇ ਦੇਸ਼ ਵਿੱਚ ਸਿੱਖ ਬੱਚਿਆਂ ਦੇ ਪਗੜੀ ਪਹਿਨਣ ਪੁਰ ਰੋਕ ਲਗੀ ਹੋਈ ਹੈ, ਜਿਸਦੀ ਰਖਿਆ ਪਗੜੀਧਾਰੀ ਸਿੱਖ ਸੈਨਿਕਾਂ ਨੇ ਆਪਣੀ ਜਾਨ ਤੇ ਖੇਡ ਕੇ ਕੀਤੀ ਸੀ! ਸ. ਜੋੜਾ ਪਾਸੋਂ ਇਹ ਇਤਿਹਾਸਕ ਤੱਥ ਜਾਣ ਮਿ. ਫਿਲਿਪ ਨੂੰ ਹੈਰਾਨੀ ਹੋਈ। ਉਨ੍ਹਾਂ ਸ. ਜੋੜਾ ਨੂੰ ਵਿਸ਼ਵਾਸ ਦੁਆਇਆ ਕਿ ਉਹ ਇਸ ਇਤਿਹਾਸਕ ਤੱਥ ਦੀ ਰੋਸ਼ਨੀ ਵਿੱਚ ਆਪਣੇ ਰਾਸ਼ਟਰਪਤੀ ਨਾਲ ਗਲ ਕਰਨਗੇ ਅਤੇ ਪਗੜੀ ਪੁਰ ਲਗੀ ਪਾਬੰਧੀ ਨੂੰ ਖਤਮ ਕਰਵਾਏ ਜਾਣ ਦੀ ਹਰ ਕੋਸ਼ਿਸ਼ ਵਿੱਚ ਸਹਿਯੋਗ ਕਰਨਗੇ। ਇਥੇ ਇਹ ਗਲ ਵਰਨਣਯੋਗ ਹੈ ਕਿ ਆਪਣੀ ਇਸ ਵਿਦੇਸ਼ ਯਾਤਰਾ ਦੌਰਾਨ ਸ. ਰਘਬੀਰ ਸਿੰਘ ਜੌੜਾ ਨੇ ਫਰਾਂਸ ਦੇ ਸਿੱਖ ਭਾਈਚਾਰੇ ਦੇ ਪ੍ਰਤੀਨਿਧੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਹਾਸਲ ਕਰ ਉਨ੍ਹਾਂ ਨੂੰ ਹਲ ਕਰਵਾਣ ਦਾ ਭਰੋਸਾ ਦੁਆਇਆ।

...ਅਤੇ ਅੰਤ ਵਿੱਚ : ਕੀ ਚਾਲ੍ਹੀ ਵਰ੍ਹੇ ਪਹਿਲਾਂ ਆਰਥਾਤ 1975 ਵਿੱਚ ਸ. ਪ੍ਰਕਾਸ਼ ਸਿੰਘ ਬਾਦਲ, ਮੁਖ ਮੰਤਰੀ ਪੰਜਾਬ ਅਤੇ ਸਰਪ੍ਰਸਤ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਵੀਹ ਹਜ਼ਾਰ ਰੁਪਏ ਰਿਸ਼ਵਤ ਮੰਗਣ ਤੇ ਲੈਣ ਦਾ ਦੋਸ਼ੀ ਠਹਿਰਾਇਆ ਗਿਆ ਸੀ? ਇਹ ਸੁਆਲ ਜਸਟਿਸ ਆਰ ਐਸ ਸੋਢੀ ਨੇ ਆਪਣੇ ਇੱਕ ਬਿਆਨ ਵਿੱਚ ਉਠਾਇਆ। ਉਨ੍ਹਾਂ ਦਸਿਆ ਕਿ ਦਿੱਲੀ ਤੋਂ ਪ੍ਰਕਾਸ਼ਿਤ ਅੰਗ੍ਰੇਜ਼ੀ ਦੈਨਿਕ (ਇੰਡੀਅਨ ਐਕਸਪ੍ਰੈਸ) ਵਲੋਂ ਆਪਣੇ 29 ਜੁਲਾਈ ਦੇ ਅੰਕ ਵਿੱਚ 'ਚਾਲ੍ਹੀ ਸਾਲ ਪਹਿਲਾਂ' ਦੇ ਕਾਲਮ ਵਿੱਚ ਛਾਪੀ ਗਈ ਇੱਕ ਖਬਰ ਅਨੁਸਾਰ (1975 ਵਿੱਚ) ਜਸਟਿਸ ਛੰਗਾਨੀ ਅਧਾਰਤ ਇੱਕ-ਮੈਂਬਰੀ ਕਮਿਸ਼ਨ ਨੇ ਆਪਣੀ ਇੱਕ ਜਾਂਚ ਰਿਪੋਰਟ ਵਿੱਚ ਸ. ਪ੍ਰਕਾਸ਼ ਸਿੰਘ ਬਾਦਲ ਪੁਰ ਇੱਕ ਨਿਜੀ ਬਸ ਕੰਪਨੀ ਨੂੰ ਇੱਕ ਵਿਸ਼ੇਸ਼ ਰੂਟ ਦਾ ਪਰਮਿਟ ਦੇਣ ਬਦਲੇ ਵੀਹ ਹਜ਼ਾਰ ਰੁਪਏ ਰਿਸ਼ਵਤ ਮੰਗਣ ਤੇ ਲਏ ਜਾਣ ਦੇ ਲਾਏ ਗਏ ਦੋਸ਼ ਨੂੰ ਸਹੀ ਠਹਿਰਾਇਆ ਸੀ।

ਜਸਟਿਸ ਸੋਢੀ ਨੇ ਦਸਿਆ ਕਿ ਸਬੰਧਤ ਖਬਰ ਅਨੁਸਾਰ ਕੇਂਦਰ ਸਰਕਾਰ ਨੇ ਜੂਡੀਸ਼ੀਅਲ ਕਮਿਸ਼ਨ ਦੀ ਉਹ ਰਿਪੋਰਟ ਸਵੀਕਾਰ ਕਰ, ਰਾਜ ਸਰਕਾਰ ਨੂੰ ਭੇਜ ਯੋਗ ਕਾਰਵਾਈ ਕਰਨ ਦਾ ਆਦੇਸ਼ ਦਿੱਤਾ ਸੀ, ਜਿਸ ਵਿੱਚ ਪੰਜਾਬ ਦੇ (ਉਸ ਸਮੇਂ ਦੇ) ਸਾਬਕਾ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ੬ ਸਾਥੀਆਂ ਨੂੰ ਕੁਰਪਸ਼ਨ, ਪੱਖਪਾਤ, ਭਾਈ-ਭਤੀਜਾਵਾਦ ਅਤੇ ਪ੍ਰਬੰਧਕੀ ਅਧਿਕਾਰਾਂ ਦੀ ਦੁਰਵਰਤੋਂ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਜਸਟਿਸ ਸੋਢੀ ਨੇ ਹੋਰ ਦਸਿਆ ਕਿ ਇਸ ਖਬਰ ਅਨੁਸਾਰ 1972 ਵਿੱਚ ਸਾਬਕਾ ਅਕਾਲੀ ਮੰਤਰੀ ਤਰਲੋਚਨ ਸਿੰਘ ਰਿਆਸਤੀ ਅਤੇ ਸੀਪੀਆਈ ਨੇਤਾ ਸਤਪਾਲ ਡਾਂਗ ਦੀ ਸ਼ਿਕਾਇਤ, ਜਿਸ ਵਿੱਚ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਮੰਤਰੀ-ਮੰਡਲ ਦੇ ਸਾਥੀਆਂ ਪੁਰ 91 ਦੋਸ਼ ਲਾਏ ਗਏ ਹੋਏ ਸਨ, ਦੀ ਜਾਂਚ ਲਈ ਜਸਟਿਸ ਛੰਗਾਨੀ ਪੁਰ ਅਧਾਰਤ ਇੱਕ-ਮੈਂਬਰੀ ਕਮਿਸ਼ਨ ਕਾਇਮ ਕੀਤਾ ਸੀ।

# ਡਾ: ਪ੍ਰਵਾਨਾ ਦੀ ਗੁਰੂ ਰਵਿਦਾਸ ਜੀ ਸਬੰਧੀ ਖੋਜ


ਮੁਲਾਕਾਤੀ- ਸੀ.ਐਲ.ਚੁੰਬਰ
+91-96462-27227

**31 ਜੁਲਾਈ 2015 ਨੂੰ ਡਾ. ਲੇਖ ਰਾਜ ਪ੍ਰਵਾਨਾ ਜੀ ਸਾਡੇ ਤੋਂ ਵਿੱਛੜ ਗਏ ਹਨ। ਉਹਨਾਂ ਨਾਲ 'ਕੌਮੀ ਉਡਾਰੀਆਂ' (ਮਾਸਿਕ ਮੈਗਜ਼ੀਨ) ਦੇ ਮੁੱਖ ਸੰਪਾਦਕ ਸ੍ਰੀ ਸੀ. ਐਲ. ਚੁੰਬਰ ਜੀ ਦੁਆਰਾ ਕੀਤੀ 'ਸ੍ਰੀ ਗੁਰੂ ਰਵਿਦਾਸ ਸਪੈਸ਼ਲ ਅੰਕ' ਲਈ ਇੰਟਰਵਿਊ ਜੋ ਫਰਵਰੀ 1986 ਦੇ 'ਕੌਮੀ ਉਡਾਰੀਆਂ' ਦੇ ਅੰਕ ਵਿਚ ਛਪੀ ਸੀ, ਅਸੀਂ ਪਾਠਕਾਂ ਦੇ ਲਈ ਪੇਸ਼ ਕਰ ਰਹੇ ਹਾਂ, ਜੋ ਸਤਿਗੁਰ ਰਵਿਦਾਸ ਜੀ ਮਹਾਰਾਜ ਦੇ ਜੀਵਨ ਅਤੇ ਸੰਦੇਸ਼ ਤੇ ਖੋਜ ਕਰਕੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕਰਨ ਵਾਲੇ ਡਾ: ਲੇਖ ਰਾਜ ਪ੍ਰਵਾਨਾ, ਅੰਡਰ ਸੈਕਟਰੀ, ਪੰਜਾਬ ਵਿਧਾਨ ਸਭਾ ਨੂੰ ਸਮਰਪਿਤ ਹੈ।**

ਅੱਜਕਲ੍ਹ ਅਸੀਂ ਆਪਣੇ ਰਹਿਬਰਾਂ ਦੇ ਜਨਮ ਦਿਨ 'ਤੇ ਜਲਸੇ ਕਰਕੇ, ਜਲੂਸ ਕੱਢ ਕੇ ਜਾਂ ਆਪਣੇ ਘਰਾਂ ਦੇ ਬਨੇਰਿਆਂ 'ਤੇ ਚਾਨਣ ਕਰਕੇ ਆਪਣੇ ਆਪ 'ਚ ਸੰਤੁਸ਼ਟ ਹੋ ਜਾਂਦੇ ਹਾਂ। ਪਰ ਸਭ ਤੋਂ ਅਹਿਮ ਅਤੇ ਜ਼ਰੂਰੀ ਗੱਲ ਇਹ ਹੈ ਅਜਿਹੇ ਪਾਵਨ ਅਵਸਰਾਂ 'ਤੇ ਜਿੱਥੇ ਅਸੀਂ ਆਪਣੇ ਰਹਿਬਰਾਂ ਦੇ ਜਨਮ ਦਿਵਸ ਮਨਾਉਣ ਤੇ ਆਪਣੀ ਦਸਾਂ ਨਹੁੰਆਂ ਦੀ ਕਮਾਈ 'ਚੋਂ ਬੇਅੰਤ ਮਾਇਆ ਖਰਚਦੇ ਹਾਂ, ਉਥੇ ਅਗਰ ਸਾਡੇ ਰਹਿਬਰਾਂ ਦੇ ਜੀਵਨ ਅਤੇ ਸੰਦੇਸ਼ ਦੀ ਖੋਜ ਕਰਨ ਵਾਲਿਆਂ ਜਾਂ ਵਿਆਖਿਆ ਕਰਨ ਵਾਲਿਆਂ ਵਿਦਵਾਨਾਂ ਨੂੰ ਬੁਲਾ ਕੇ ਉਨ੍ਹਾਂ ਦੇ ਨੇਕ ਖਿਆਲ ਸੁਣੀਏ 'ਤੇ ਸੁਣਾਈਏ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ।

*? ਡਾ. ਪ੍ਰਵਾਨਾ ਜੀ ! ਸਭ ਤੋਂ ਪਹਿਲੋਂ ਅਸੀਂ ਆਪਣੇ ਵੱਲੋਂ ਅਤੇ ਕੌਮੀ ਉਡਾਰੀਆਂ ਦੇ ਪਾਠਕਾਂ ਅਤੇ ਸ਼ੁਭਚਿੰਤਕਾਂ ਵੱਲੋਂ ਆਪ ਨੂੰ ਪੀ. ਐਚ. ਡੀ. ਦੀ ਡਿਗਰੀ ਮਿਲਣ ਤੇ ਵਧਾਈ ਦਿੰਦੇ ਹਾਂ ਅਤੇ ਆਪ ਦੀ ਹਰ ਖੇਤਰ ਵਿਚ ਹੋਰ ਤਰੱਕੀ ਦੀ ਕਾਮਨਾ ਕਰਦੇ ਹਾਂ।*

– ਚੁੰਬਰ ਸਾਹਿਬ ! ਆਪ ਦੀ ਇਸ ਕਦਰਦਾਨੀ ਦਾ ਮੈਂ ਦਿਲੋਂ ਧੰਨਵਾਦੀ ਹਾਂ ਕਿ ਮੈਨੂੰ ਆਪ ਨੇ ਇਹ ਮਾਣ ਬਖਸ਼ਿਆ ਹੈ ਕਿ ਮੈਂ ਆਪਦੇ ਪਾਠਕਾਂ ਨਾਲ ਆਪਣੀ ਗੁਰੂ ਰਵਿਦਾਸ ਸਬੰਧੀ ਖੋਜ ਸਾਂਝੀ ਕਰ ਸਕਾਂ ਅਤੇ ਆਪ ਦੇ ਹੋਰ ਸਵਾਲਾਂ ਦੇ ਜਵਾਬ ਦੇ ਸਕਾਂ।

*? ਆਪਣੇ ਮੁੱਢਲੇ ਵਿਦਿਅਕ ਜੀਵਨ ਬਾਰੇ ਚਾਨਣਾ ਪਾਓਗੇ ?*

– ਸਵਾਲ ਬੜਾ ਨਾਜ਼ੁਕ ਹੈ ਲੇਕਿਨ ਇਸ ਦਾ ਜਵਾਬ ਵੀ ਦੇਣੋਂ ਮੈਨੂੰ ਕੋਈ ਝਿਜਕ ਨਹੀਂ। ਮੈਂ ਖਾਲਸਾ ਹਾਈ ਸਕੂਲ, ਬੁੰਡਾਲਾ ਜ਼ਿਲ੍ਹਾ ਜਲੰਧਰ 'ਚ ਪੜ੍ਹਿਆ। ਖੁਸ਼ੀ ਦੀ ਗੱਲ ਹੈ ਕਿ ਤੁਸੀਂ ਵੀ ਮੇਰੇ ਗਵਾਂਢੀ ਪਿੰਡ ਦੇ ਹੋ। ਸਕੂਲ ਵਿਚ ਮੇਰੀ ਪ੍ਰਾਰਥਨਾ ਦੀ ਡਿਊਟੀ ਲੱਗਦੀ ਸੀ। ਸ਼ਬਦ ਗਾਇਨ 'ਚ ਹਿੱਸਾ ਲੈਂਦਾ ਹੁੰਦਾ ਸੀ ਅਤੇ ਕਵਿਤਾ, ਗੀਤ ਲਿਖਣ ਦਾ ਵੀ ਸ਼ੌਂਕ ਸੀ। ਸ: ਗੁਰਬਖਸ਼ ਸਿੰਘ ਪੰਜਾਬੀ ਟੀਚਰ ਅਤੇ ਲਾਲਾ ਸੰਤ ਰਾਮ ਹੈਡ ਮਾਸਟਰ ਨੇ ਕਿਹਾ ਕਿ ਤੇਰੇ ਅੰਦਰ ਲੇਖਕ ਛੁਪਿਆ ਹੈ, ਤੂੰ ਉਸ ਨੂੰ ਉਜਾਗਰ ਕਰ। ਮੈਂ ਕਹਾਣੀਆਂ, ਕੁਝ ਜ਼ਿੰਦਗੀ ਦੀਆਂ ਯਾਦਾਂ ਕੁਝ ਕਵਿਤਾ ਮਾੜੀ ਮੋਟੀ ਲਿਖਣੀ ਸ਼ੁਰੂ ਕੀਤੀ। ਗਿਆਨੀ ਜੀ ਇਹਨਾਂ ਨੂੰ ਵੇਖ ਦਿੰਦੇ ਸਨ। ਉਥੋਂ ਮੈਨੂੰ ਇਨਕਰਜ਼ਮੈਂਟ ਮਿਲੀ। ਫਿਰ ਮੈਂ ਚੰਡੀਗੜ੍ਹ ਆ ਗਿਆ।

*? ਚੰਡੀਗੜ੍ਹ ਵਿਚ ਆ ਕੇ ਆਪ ਵਿਚਲਾ ਲੇਖਕ ਵਧਿਆ ਫੁੱਲਿਆ ਜਾਂ ਨਹੀਂ ।*

– ਚੰਡੀਗੜ੍ਹ ਦੀ ਪੰਜਾਬੀ ਸਾਹਿਤ ਸਭਾ ਵਿਚ ਜਾਣਾ ਸ਼ੁਰੂ ਕੀਤਾ ਪਰ ਉਨ੍ਹਾਂ ਵਿਦਵਾਨਾਂ ਵਿਚ ਆਪਣੇ ਆਪ ਨੂੰ ਨਿਗੂਣਾ ਮਹਿਸੂਸ ਕਰਨਾ। ਪਰ ਦਿਲ ਵਿਚ ਇਹ ਰੀਝ ਸੀ ਕਿ ਮੈਂ ਵੀ ਕਾਸ਼ ਇਨ੍ਹਾਂ ਲੋਕਾਂ ਵਰਗਾ ਬਣਾਂ। ਮੈਨੂੰ ਡਾ: ਜੀਤ ਸਿੰਘ ਸੀਤਲ, ਜੋ ਉਸ ਵੇਲੇ ਭਾਸ਼ਾ ਵਿਭਾਗ, ਪੰਜਾਬ ਦੇ ਡਾਇਰੈਕਟਰ ਸਨ, ਨੇ ਬੜੀ ਹੱਲਾ ਸ਼ੇਰੀ ਦਿੱਤੀ। ਮੇਰਾ ਪਹਿਲਾ ਲੇਖ 20 ਸਾਲ ਦੀ ਉਮਰ ਵਿਚ ਜੀਵਨ ਦਰਸ਼ਨ ਬਾਬਾ ਫਰੀਦ' ਪੰਜਾਬੀ ਦੁਨੀਆਂ ਦੇ ਬਾਬਾ ਫਰੀਦ ਵਿਸ਼ੇਸ਼ ਅੰਕ ਵਿਚ ਪ੍ਰਕਾਸ਼ਿਤ ਹੋਇਆ। ਇਸ ਤੋਂ ਬਾਅਦ ਮੈਨੂੰ ਗੁਰੂ ਅਮਰ ਦਾਸ, ਗੁਰੂ ਅਰਜਨ ਦੇਵ ਜੀ ਆਦਿ ਬਾਰੇ ਲੇਖ ਲਿਖਣ ਅਤੇ ਛਪਣ ਦਾ ਮੌਕਾ ਮਿਲਿਆ। ਇਸੇ ਤਰ੍ਹਾਂ ਡਾ: ਸ਼ੇਰ ਸਿੰਘ ਦੀ ਸੰਪਾਦਕੀ ਹੇਠ ਛਪਦੇ ਪੰਜਾਬੀ ਸਾਹਿਤ ਅਕਾਦਮੀ ਦੇ ਪਰਚੇ ਅਤੇ ਸਾਹਿਤ ਸਮਾਚਾਰ ਵਿਚ ਛਪਣ ਦਾ ਮੌਕਾ ਮਿਲਿਆ। ਇਸ ਤਰੀਕੇ ਨਾਲ ਮੈਨੂੰ ਲਿਖਣ ਦੀ ਲਗਨ ਲੱਗਦੀ ਗਈ।

*? ਸਤਿਗੁਰੂ ਰਵਿਦਾਸ ਸਬੰਧੀ ਖੋਜ ਕਰਨ ਦੀ ਲਗਨ ਕਿੱਥੋਂ ਲੱਗੀ?*

– ਇਹ ਇਸ ਤਰ੍ਹਾਂ ਅਚਾਨਕ ਗੱਲ ਹੋਈ ਕਿ ਸੱਤ ਅੱਠ ਐਮ. ਐਲ. ਏਜ਼ ਬੈਠੇ ਸਨ, ਜਿਹਨਾਂ ਵਿਚ ਸਰਦਾਰ ਹਰਚੰਦ ਸਿੰਘ, ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਚੌਧਰੀ ਸੁੰਦਰ ਸਿੰਘ ਅਤੇ ਪਿਆਰਾ ਰਾਮ ਧੈਨੋਵਾਲੀ ਆਦਿ ਸਨ। ਇਹਨਾਂ ਨੇ ਕਿਹਾ ਕਿ ਜੇ ਪੀ. ਐਚ. ਡੀ. ਕਰਨੀ ਹੈ ਤਾਂ ਗੁਰੂ ਰਵਿਦਾਸ 'ਤੇ ਕਿਉਂ ਨਹੀਂ ਕਰਦਾ। ਮੈਂ ਕਿਹਾ ਮੈਂ ਤਾਂ ਗੁਰੂ ਨਾਨਕ ਤੇ ਜਾਂ ਗੁਰੂ ਗੋਬਿੰਦ ਸਿੰਘ ਤੇ ਕਰਨੀ ਚਾਹੁੰਦਾ ਹਾਂ। ਉਹਨਾਂ ਕਿਹਾ ਕਿ ਕੀ ਗੱਲ ਤੈਨੂੰ ਆਪਣੇ ਗੁਰੂ ਨਾਲ ਪਿਆਰ ਨਹੀਂ ਹੈ। ਮੈਂ ਕਿਹਾ ਬਈ ਪਿਆਰ ਤਾਂ ਹੈ ਪਰ ਬਾਣੀ ਥੋੜ੍ਹੀ ਹੈ। ਉਨ੍ਹਾਂ ਨੇ ਕਿਹਾ ਕਿ ਜੇ ਬਾਣੀ ਥੋੜ੍ਹੀ ਹੈ ਤਾਂ ਲੱਭੋ ਕਿੱਥੇ ਹੈ। ਖੈਰ ਉਹਨਾਂ ਦੀ ਇਸ ਗੱਲ ਨੇ ਮੇਰੇ ਤੇ ਬੜਾ ਅਸਰ ਕੀਤਾ। ਤਿੰਨ ਚਾਰ ਮਹੀਨੇ ਇਵੇਂ ਲੰਘ ਗਏ। ਜਦੋਂ ਉਨ੍ਹਾਂ 'ਚੋਂ ਕਿਸੇ ਨੇ ਮਿਲਣਾ ਤਾਂ ਪੁੱਛਣਾ ਕਿ ਸੁਣਾ ਬਈ ਰਜਿਸਟ੍ਰੇਸ਼ਨ ਕਰਵਾਈ ਕਿ ਨਹੀਂ। ਮੈਂ ਕਹਿ ਦਿੰਦਾ ਹਾਂ ਕਰਵਾਈ ਹੈ, ਕਰਵਾਲਾਂਗੇ। ਇਹ ਕਹਿ ਕੇ ਟਾਲ ਛੱਡਣਾ।

*? ਫਿਰ ਸ੍ਰੀ ਗਣੇਸ਼ ਕਦੋਂ ਕੀਤਾ?*

– ਡਾ. ਵਿਸ਼ਵ ਨਾਥ ਤਿਵਾੜੀ ਅਤੇ ਮੈਂ ਦੋਹਾਂ ਨੇ ਚੰਡੀਗੜ੍ਹ 'ਚ ਜ਼ਿੰਦਗੀ ਇਕੱਠਿਆਂ ਸ਼ੁਰੂ ਕੀਤੀ ਸੀ। ਅਸੀਂ ਦੋਵੇਂ ਜਿਗਰੀ ਦੋਸਤ ਸੀ। ਮੈਂ ਉਨ੍ਹਾਂ ਨਾਲ ਗੱਲ ਕੀਤੀ ਕਿ ਮੇਰੇ 'ਤੇ ਮੇਰੇ ਦੋਸਤਾਂ ਵੱਲੋਂ ਗੁਰੂ ਰਵਿਦਾਸ 'ਤੇ ਪੀ. ਐਚ. ਡੀ. ਕਰਨ ਦਾ ਦਬਾਅ ਪੈ ਰਿਹਾ ਹੈ, ਮੈਨੂੰ ਸਲਾਹ ਦਿਓ, ਮੈਂ ਵੀ ਚਾਹੁੰਦਾ ਹਾਂ ਕਿ ਇਹ ਇਕ ਨਿਗਲੈਕਟਿਡ ਫੀਲਡ ਹੈ, ਇਸ ਲਈ ਮੈਨੂੰ ਇਸ ਪਾਸੇ ਕੋਈ ਯੋਗਦਾਨ ਪਾਉਣਾ ਚਾਹੀਦੈ। ਉਨ੍ਹਾਂ ਦੀ ਹੱਲਾ ਸ਼ੇਰੀ ਨਾਲ ਸੰਨ 1979 ਵਿਚ ਰਜਿਸਟ੍ਰੇਸ਼ਨ ਕਰਵਾ ਲਈ।

*? ਕੀ ਆਪ ਨੂੰ ਇਸ ਖੋਜ ਕਰਨ ਦੌਰਾਨ ਕੋਈ ਆਪਣੇ ਦਫ਼ਤਰ 'ਚ ਵੀ ਮੁਸ਼ਕਿਲ ਆਈ?*

– ਰਜਿਸਟਰੇਸ਼ਨ ਕਰਵਾ ਕੇ ਮੈਂ ਇੰਗਲੈਂਡ ਚਲੇ ਗਿਆ। ਵਾਪਸੀ ਤੇ ਮੇਰੀ ਡਿਊਟੀ ਬਤੌਰ ਪ੍ਰਾਈਵੇਟ ਸੈਕਟਰੀ ਸਰਦਾਰ ਗੁਲਜ਼ਾਰ ਸਿੰਘ ਡਿਪਟੀ ਸਪੀਕਰ ਨਾਲ ਲੱਗ ਗਈ। ਮੈਨੂੰ ਦਫ਼ਤਰੋਂ ਛੁੱਟੀ ਨਾ ਮਿਲੇ। ਫਿਰ ਸਰਦਾਰ ਗੁਲਜ਼ਾਰ ਸਿੰਘ ਦੇ ਕਹਿਣ 'ਤੇ ਸ੍ਰੀ ਬ੍ਰਿਜ ਭੂਸ਼ਨ ਮਹਿਰਾ, ਸਪੀਕਰ ਨੇ ਸਪੈਸ਼ਲ ਕੇਸ ਵਜੋਂ ਪਰਮਿਸ਼ਨ ਦਿੱਤੀ।

*? ਹੋਰ ਕੀ ਮੁਸ਼ਕਿਲਾਂ ਪੇਸ਼ ਆਈਆਂ?*

– ਮੈਂ ਦੋ ਵੇਰਾਂ ਦੋ-ਦੋ ਸਾਲ ਦੀ ਐਕਸਟੈਨਸ਼ਨ ਯੂਨੀਵਰਸਿਟੀ ਤੋਂ ਲਈ। ਰਾਤ ਨੂੰ ਸਕੀਮ ਬਣਾਉਣੀ, ਦਿਨੇ ਦਫ਼ਤਰ ਦਾ ਸਾਰਾ ਕੰਮ 3-4 ਘੰਟੇ 'ਚ ਮੁਕਾ ਕੇ ਸਟੈਨੋਗ੍ਰਾਫਰ ਨੂੰ ਬੁਲਾ ਕੇ ਲਿਖਾਉਣਾ। ਡਾ: ਤਿਵਾੜੀ ਨੂੰ ਜੋ ਕੁਝ ਲਿਖ ਕੇ ਦਿਖਾਉਣਾ, ਮਾੜੀ ਮੋਟੀ ਨਿਗਾਹ ਮਾਰਨੀ ਕਹਿਣਾ ਬੱਸ ਠੀਕ ਹੈ। ਟਾਈਪ ਕਰਵਾ ਲਵੀਂ। ਕਰਦਿਆਂ-ਕਰਦਿਆਂ ਮੈਂ ਸਾਢੇ ਬਾਰਾਂ ਸੌ ਸਫ਼ਾ ਟਾਈਪ ਕਰਵਾ ਲਿਆ। ਇਕ ਦਿਨ ਦਿਖਾਇਆ ਤਾਂ ਡਾ: ਤਿਵਾੜੀ ਕਹਿਣ ਲੱਗੇ ਕਿ ਇਸ ਨੂੰ ਛੋਟਾ ਕਰਕੇ ਲਿਆਓ। ਮੈਨੂੰ ਚਾਰ ਚੈਪਟਰ ਰੀ-ਸਟ੍ਰਕਚਰ ਕਰਨੇ ਪਏ। ਪਰ ਜਿਸ ਦਿਨ ਮੇਰਾ ਥੀਸਿਜ਼ ਪ੍ਰਵਾਨ ਹੋਣਾ ਸੀ, ਉਸ ਦਿਨ ਡਾ: ਤਿਵਾੜੀ ਦਾ ਕਤਲ ਹੋ ਗਿਆ।


ਡਾ: ਲੇਖ ਰਾਜ ਪ੍ਰਵਾਨਾ
13 ਮਾਰਚ 1937- 31 ਜੁਲਾਈ 2015

*ਫਿਰ ਡਾ. ਅਤਰ ਸਿੰਘ ਗਾਈਡ ਬਣੇ। ਉਨ੍ਹਾਂ ਨੂੰ ਮੈਂ ਰੋਜ਼ ਇਕ ਚੈਪਟਰ ਪੜ੍ਹਨ ਲਈ ਦਿੰਦਾ। ਇਕ ਤਰ੍ਹਾਂ ਨਾਲ ਥੀਸਿਜ਼ ਸਾਰਾ ਮੁੜ ਕੇ ਇਕੱਠਾ ਕਰਕੇ ਪਰਜੈਂਟ ਕੀਤਾ। ਤਿੰਨ ਮਹੀਨੇ ਖੂਬ ਵਰਜਿਸ਼ ਹੋਈ ਪਰ ਨਤੀਜਾ ਅੱਛਾ ਹੀ ਨਿਕਲਿਆ।*

*? ਕੀ ਯੂਨੀਵਰਸਿਟੀ ਵੱਲੋਂ ਜਾਂ ਹੋਰ ਕਿਸੇ ਕਿਸਮ ਦੀ ਮੁਸ਼ਕਿਲ ਵੀ ਆਈ?*

– ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਨੂੰ ਪਤਾ ਲੱਗ ਗਿਆ ਸੀ ਕਿ ਮੈਂ ਉਨ੍ਹਾਂ ਦੀ 'ਰਵਿਦਾਸ ਦਰਸ਼ਨ' ਵਾਲੀ ਖੋਜ ਨੂੰ ਬਨਾਵਟੀ ਅਤੇ ਅਵਿਗਿਆਨਿਕ ਲਿਖਿਆ ਹੈ। ਅਚਾਰੀਆ ਜੀ ਨੇ ਵਾਈਸ ਚਾਂਸਲਰ ਨੂੰ ਕਿਹਾ ਕਿ ਜਿੰਨਾ ਚਿਰ ਮੈਂ (ਆਚਾਰੀਆ ਜੀ) ਥੀਸਿਜ਼ ਪੜ੍ਹ ਨਹੀਂ ਲੈਂਦਾ, ਉਦੋਂ ਤੱਕ ਪ੍ਰਵਾਨ ਨਾ ਕੀਤਾ ਜਾਵੇ। ਇਹ ਇਕ ਗੁਪਤ ਡਾਕੂਮੈਂਟ ਹੈ ਅਤੇ ਕਿਉਂਕਿ ਆਚਾਰੀਆ ਜੀ ਪੀ. ਐਚ. ਡੀ. ਨਹੀਂ ਹਨ, ਸਿਰਫ ਮੈਟ੍ਰਿਕੁਲੇਟ ਹਨ, ਇਸ ਲਈ ਥੀਸਿਜ਼ ਦੇਖਣ ਦੇ ਯੋਗ ਹੀ ਨਹੀਂ ਹਨ।

*? ਕੀ ਤੁਸੀਂ ਖੋਜ ਦੇ ਸਬੰਧ ਵਿਚ ਗੁਰੂ ਜੀ ਨਾਲ ਸਬੰਧਤ ਸ਼ਹਿਰਾਂ 'ਚ ਵੀ ਗਏ?*

– ਆਮ ਕਰਕੇ ਖੋਜ ਕੇਵਲ ਕਿਤਾਬਾਂ ਪੜ੍ਹ ਕੇ ਹੀ ਕੀਤੀ ਜਾਂਦੀ ਹੈ ਪਰ ਮੈਂ ਹੱਥ-ਲਿਖਤਾਂ ਦੇਖਣ ਜੈਪੁਰ, ਜੋਧਪੁਰ, ਚਿਤੌੜ, ਬੀਕਾਨੇਰ, ਜੈਸਲਮੇਰ, ਬਨਾਰਸ ਗਿਆ।

*? ਇਹਨਾਂ ਸਥਾਨਾਂ 'ਤੇ ਜਾ ਕੇ ਆਪ ਨੇ ਕੀ ਖੋਜ ਕੀਤੀ?*

– ਬਨਾਰਸ ਹਿੰਦੂ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਮੁਖੀ ਡਾ: ਮਹਿੰਦਰੂ ਅਤੇ ਡਿਪਟੀ ਹੈਡ ਡਾ: ਸ਼ਰਮਾ ਨੇ ਮੈਨੂੰ ਗੁਰੂ ਰਵਿਦਾਸ ਸਬੰਧੀ ਉਹ ਹੱਥ ਲਿਖਤਾਂ ਅਤੇ ਮੰਦਿਰ ਦਿਖਾਏ ਜੋ ਉਨ੍ਹਾਂ ਕਦੀ ਕਿਸੇ ਨੂੰ ਨਾ ਦਿਖਾਏ ਹੋਣ। ਤਵਾਰੀਖ ਫਰਿਸ਼ਤਾ ਪੁਸਤਕ ਵਿਚ ਲਿਖਿਆ ਹੈ ਕਿ ਸਿਕੰਦਰ ਲੋਧੀ ਨੇ ਗੁਰੂ ਰਵਿਦਾਸ ਜੀ ਨੂੰ ਗੁਰੂ ਵਾਂਗ ਮੰਨਿਆ ਅਤੇ ਉਨ੍ਹਾਂ ਦੇ ਸਨਮਾਨ 'ਚ ਇਕ 'ਬਾਪੂ ਮਸਜਿਦ' ਨਾਂ ਦੀ ਮਸਜਿਦ ਬਣਾਈ। ਮਸਜਿਦ ਇਸ ਕਰਕੇ ਬਣਾਈ ਕਿ ਲੋਧੀ ਮੁਸਲਮਾਨ ਸੀ। ਬਾਪੂ ਦਾ ਮਤਲਬ ਹੈ ਬਜ਼ੁਰਗ ਸੋ ਬਾਪੂ ਮਸਜਿਦ ਦਾ ਭਾਵ ਹੈ ਬਜ਼ੁਰਗਾਂ ਦੀ ਯਾਦ 'ਚ ਬਣਾਈ ਮਸਜਿਦ। ਇਸ ਮਸਜਿਦ ਦੇ ਅੰਦਰ ਅਜੇ ਵੀ ਗੁਰੂ ਜੀ ਦੀ ਮੂਰਤੀ ਹੈ, ਬਾਹਰ ਸ਼ਿਵਲਿੰਗ ਦੀ ਮੂਰਤੀ ਬਣਾਈ ਹੈ। ਚਿਤੌੜ ਵਿਚ ਰਵਿਦਾਸ ਛੱਤਰੀ ਹੈ। ਰਾਜ ਮਹੱਲ ਦੇ ਸਾਹਮਣੇ ਮੰਦਿਰ ਹੈ ਜਿੱਥੇ ਗੁਰੂ ਜੀ ਪੂਜਾ ਪਾਠ ਕਰਦੇ ਸਨ।

*? ਬੇਗਮਪੁਰੇ ਤੋਂ ਆਪ ਦਾ ਕੀ ਭਾਵ ਹੈ?*

– ਬੇਗਮਪੁਰਾ ਸਹਰ ਕੋ ਨਾਓ ਸ਼ਬਦ ਵਿਚ ਗੁਰੂ ਜੀ ਨੇ ਇਕ ਬਹੁਤ ਹੀ ਉੱਚਾ ਥਾਟ (ਓਰਿਚਪੀਵ) ਦਿੱਤਾ, ਜਿਹੜਾ ਕਿ ਅੱਜ ਤੋਂ ਲੱਗਭੱਗ ਡੇਢ ਸੌ ਸਾਲ ਪਹਿਲੋਂ ਕਾਰਲ ਮਾਰਕਸ ਨੇ ਦਿੱਤਾ। ਉਹ ਥਾਟ ਦਰਅਸਲ ਡੈਮੋਕ੍ਰੇਟਿਕ ਸੋਸ਼ਲਿਜ਼ਮ ਦਾ ਹੈ। ਜਿਹੜੀ-ਜਿਹੜੀ ਸਹੂਲਤ ਰਾਜਨੀਤਿਕ, ਸਮਾਜਿਕ, ਆਰਥਿਕ, ਮਨੋਵਿਗਿਆਨਕ ਅਤੇ ਵਿਦਿਅਕ ਤੌਰ 'ਤੇ ਇਕ ਸ਼ਹਿਰੀ ਨੂੰ ਚਾਹੀਦੀ ਹੈ, ਉਹ ਸਤਿਗੁਰ ਜੀ ਨੇ ਸਾਰੀ ਦੀ ਸਾਰੀ ਇਸ ਸ਼ਬਦ ਵਿਚ ਦਿੱਤੀ ਹੈ। ਇਹ ਤਾਂ ਹੀ ਹੋ ਸਕਦੀ ਹੈ ਜੇ ਸੋਸ਼ਲਿਸਟਿਕ ਡੈਮੋਕ੍ਰੇਸੀ ਕਾਇਮ ਹੋਵੇ। ਉਸ ਤੋਂ ਬਿਨਾ ਨਹੀਂ ਹੋ ਸਕਦਾ। ਸਤਿਗੁਰੂ ਜੀ ਨੇ ਧਰਮ ਦੇ ਜ਼ਰੀਏ ਸਰਵਪੱਖੀ ਬਰਾਬਰੀ ਦੀ ਗੱਲ ਕਹਿ ਦਿੱਤੀ ਹੈ ਭਾਵ ਜਾਤ ਅਤੇ ਜਮਾਤ ਰਹਿਤ ਸਮਾਜ ਹੋਵੇ।

*? ਇਸ ਤੋਂ ਇਹ ਭਾਵ ਹੋਇਆ ਕਿ ਗੁਰੂ ਜੀ ਨੇ ਬੇਗ਼ਮਪੁਰਾ ਧਰਤੀ 'ਤੇ ਰਹਿਣ ਵਾਲਿਆਂ ਲਈ ਸੋਚਿਆ?*

– ਜੇਕਰ ਸਹੀ ਅਰਥਾਂ ਵਿਚ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਨੇ ਹਰ ਗੱਲ ਸਿਆਸੀ, ਰਾਜਨੀਤਿਕ ਕੀਤੀ ਸੀ। ਉਹ ਚਾਹੁੰਦੇ ਸਨ ਕਿ ਮੈਂ ਅਜਿਹੀ ਹਕੂਮਤ ਚਾਹੁੰਦਾ ਹਾਂ ਕਿ ਜਿਸ ਵਿਚ ਸਭ ਨੂੰ ਬਰਾਬਰ ਹੱਕ ਹੋਵਣ। ਸਭ ਨੂੰ ਰੋਜ਼ੀ, ਕੱਪੜਾ ਅਤੇ ਮਕਾਨ ਮਿਲੇ। ਇਹ ਨਾ ਹੋਵੇ ਕਿ ਰਾਜਾ ਅਤੇ ਉਸ ਦੇ ਵਜ਼ੀਰ ਤਾਂ ਐਸ਼ਾਂ ਕਰਨ ਪਰ ਪਰਜਾ ਭੁੱਖੀ ਫਿਰੇ, ਬੇਘਰ ਫਿਰੇ, ਤਨੋਂ ਨੰਗੀ ਫਿਰੇ।

*? ਇਹ ਆਮ ਦੇਖਿਆ ਗਿਆ ਹੈ ਕਿ ਭਾਰਤੀ ਇਤਿਹਾਸਕਾਰ 'ਤੇ ਵਿਦਵਾਨ ਅਖੌਤੀ ਉੱਚ ਜਾਤੀਆਂ 'ਚੋਂ ਹੋਣ ਕਰਕੇ ਉਹ ਆਦਿ ਵਾਸੀ ਰਹਿਬਰਾਂ ਨੂੰ ਬ੍ਰਾਹਮਣਵਾਦੀ ਦੇ ਤੌਰ 'ਤੇ ਪੇਸ਼ ਕਰਨ ਦੀ ਕੋਝੀ ਕੋਸ਼ਿਸ਼ ਕਰਦੇ ਹਨ। ਕੁਝ ਲੋਕ ਗੁਰੂ ਜੀ ਨੂੰ ਵੀ ਬ੍ਰਾਹਮਣਵਾਦੀ ਰੂਪ 'ਚ ਪੇਸ਼ ਕਰਨ ਦੀ ਅਸਫਲ ਕੋਸ਼ਿਸ਼ ਕਰ ਰਹੇ ਹਨ। ਆਪ ਦੀ ਖੋਜ ਅਨੁਸਾਰ ਕੀ ਗੁਰੂ ਜੀ ਬ੍ਰਾਹਮਣਵਾਦੀ ਸਨ? ਜੇ ਸਨ ਕਿਵੇਂ ਅਤੇ ਜੇ ਨਹੀਂ ਤਾਂ ਉਹ ਕਿਵੇਂ?*

– ਬ੍ਰਾਹਮਣ ਤੋਂ ਭਾਵ ਹੈ ਬ੍ਰਹਮ ਨੂੰ ਜਾਨਣ ਵਾਲਾ ਪਰ ਮੱਧ ਯੁੱਗ ਜਾਂ ਇਸ ਤੋਂ ਪਹਿਲੋਂ ਵੀ ਬ੍ਰਾਹਮਣ ਸ਼੍ਰੇਣੀ ਹਾਕਿਮ ਬਣ ਗਈ, ਬਾਕੀ ਕਸ਼ਤਰੀ, ਵੈਸ਼ ਅਤੇ ਸ਼ੂਦਰ ਗੁਲਾਮ ਬਣੇ ਹੋਏ ਸਨ ਜਿਵੇਂ ਕਿ ਡਾ: ਤਾਰਾ ਚੰਦ, ਡਾ: ਮੁਕਰਜੀ ਅਤੇ ਹੋਰ ਕਈ ਇਤਿਹਾ-ਸਕਾਰਾਂ ਨੇ ਚਿਤਰਿਆ ਹੈ। ਜਿੱਥੋਂ ਤੱਕ ਅਧਿਆਤਮਵਾਦ ਦੀ ਗੱਲ ਹੈ ਗੁਰੂ ਜੀ ਬ੍ਰਾਹਮਣ ਭਾਵ ਵਿਦਵਾਨ ਸਨ। ਜਿੱਥੋਂ ਤੱਕ ਗੁਰੂ ਜੀ ਦਾ ਬ੍ਰਾਹ-ਮਣਾਂ ਦੇ ਘਰ ਪੈਦਾ ਹੋਣ ਦੀ ਗੱਲ ਹੈ, ਉਨ੍ਹਾਂ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਚਮਾਰ ਲਿਖਿਆ ਹੈ। ਗੁਰੂ ਜੀ ਨੇ ਨਿਡਰ ਹੋ ਕੇ ਗੱਜ ਵੱਜ ਕੇ ਆਪਣੀ ਗੱਲ ਕਹੀ। ਉਸ ਵੇਲੇ ਇਸ ਖਿਆਲ ਨਾਲ ਕਹੀ ਕਿ ਜਿਹੜਾ ਬ੍ਰਾਹਮਣਾਂ ਦਾ ਕਾਬਿਜ਼ ਧੜਾ ਸੀ, ਉਹ ਸਮਝਦਾ ਸੀ ਕਿ ਬ੍ਰਾਹਮਣਾਂ ਤੋਂ ਬਿਨਾਂ ਕੋਈ ਵਿਦਵਾਨ ਸੰਸਾਰ ਵਿਚ ਪੈਦਾ ਨਹੀਂ ਹੋ ਸਕਦਾ। ਬ੍ਰਾਹਮਣਾਂ ਦੇ ਇਸ ਏਕਾਧਿਕਾਰ ਨੂੰ ਤੋੜਨ ਲਈ ਗੁਰੂ ਜੀ ਨੇ ਆਪਣਾ ਮੁਕੰਮਲ ਜੀਵਨ ਲਾ ਦਿੱਤਾ। ਉਹਨਾਂ ਦੀ ਗੱਲ ਵਿਚ ਦਲੀਲ ਸੀ, ਸੁੰਦਰਤਾ ਸੀ ਅਤੇ ਗੱਲ ਕਹਿਣ ਵਿਚ ਮਿਠਾਸ ਸੀ।

*? ਕੀ ਸੁਆਮੀ ਰਾਮਾਨੰਦ ਗੁਰੂ ਰਵਿਦਾਸ ਦੇ ਗੁਰੂ ਸਨ?*

– ਮੈਂ ਇਸ ਗੱਲ ਨਾਲ ਉਨ੍ਹਾਂ ਲੋਕਾਂ ਨਾਲ ਸੌ ਪ੍ਰਤੀਸ਼ਤ ਅਸਹਿਮਤ ਹਾਂ ਜੋ ਰਾਮਾਨੰਦ ਨੂੰ ਗੁਰੂ ਰਵਿਦਾਸ ਦਾ ਗੁਰੂ ਮੰਨਦੇ ਹਨ। ਬੁਨਿਆਦੀ ਤੌਰ ਤੇ ਸੁਆਮੀ ਰਾਮਾਨੰਦ ਜੀ ਬ੍ਰਾਹਮਣਾਂ ਦੀ ਉੱਚ ਕੋਟੀ ਦੀ ਸੰਸਥਾ 'ਵੈਸ਼ਨਵ ਸੰਪ੍ਰਦਾਇ' ਦੇ ਮੁਖੀ ਸਨ। ਇਕ ਅਧਿਆਤਮਕ ਅਤੇ ਦਾਰਸ਼ਨਿਕ ਗੋਸ਼ਟੀ ਸੁਆਮੀ ਰਾਮਾਨੰਦ ਜੀ ਅਤੇ ਗੁਰੂ ਰਵਿਦਾਸ ਜੀ ਦੀ ਹੋਈ ਜਿਸ ਵਿਚ ਐਸਾ ਕੋਈ ਸਵਾਲ ਨਹੀਂ ਜੋ ਰਾਮਾਨੰਦ ਨੇ ਪੁੱਛਿਆ ਹੋਵੇ ਅਤੇ ਰਵਿਦਾਸ ਜੀ ਨੇ ਤਸੱਲੀ ਬਖਸ਼ ਜੁਆਬ ਨਾ ਦਿੱਤਾ ਹੋਵੇ। ਇਸ ਗੋਸ਼ਟੀ ਵਿਚ ਸੁਆਮੀ ਰਾਮਾਨੰਦ ਜੀ ਗੁਰੂ ਰਵਿਦਾਸ ਜੀ ਦੇ ਜੁਆਬਾਂ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋਏ !

*? ਗੁਰੂ ਰਵਿਦਾਸ ਜੀ ਦੇ ਕਿਹੜੇ-ਕਿਹੜੇ ਪ੍ਰਮੁੱਖ ਪੈਰੋਕਾਰ ਜਾਂ ਸ਼ਰਧਾਲੂ ਸਨ?*

– ਸ਼ਰਧਾਲੂ ਤਾਂ ਹਜ਼ਾਰਾਂ ਸਨ ਜੋ ਹਰ ਵਰਗ ਅਤੇ ਜਾਤ 'ਚੋਂ ਸਨ ਪਰ ਗੁਰੂ ਜੀ ਦੇ ਚੇਲੇ ਰਾਜੇ ਰਾਣੀਆਂ ਤੱਕ ਬਣੇ ਜਿਵੇਂ ਮੀਰਾਂ ਬਾਈ, ਰਾਣੀ ਝਾਲਾਂ, ਭਾਨਮਤੀ, ਰਾਜਾ ਚੰਦਰ ਭਾਨ। ਰਾਣਾ ਸਾਂਗਾ ਦੇ ਚੇਲੇ ਹੋਣ ਦੇ ਸਬੂਤ ਤਾਂ ਨਹੀਂ ਮਿਲੇ ਪਰ ਉਹ ਗੁਰੂ ਜੀ ਦਾ ਸ਼ਰਧਾਲੂ ਜ਼ਰੂਰ ਸੀ।

*? ਗੁਰੂ ਰਵਿਦਾਸ ਨੂੰ ਗੁਰੂ ਜਾਂ ਭਗਤ ਕਹਿਣ ਦੀ ਬਹਿਸ ਬਾਰੇ ਆਪ ਦੀ ਕੀ ਖੋਜ ਹੈ?*

– ਦਰਅਸਲ ਇਸ ਤਰ੍ਹਾਂ ਦੇ ਮਹਾਂਪੁਰਖ ਨੂੰ ਚਾਹੇ ਕਿਸੇ ਵੀ ਨਾਂ ਨਾਲ ਪੁਕਾਰੋ ਕੋਈ ਫਰਕ ਨਹੀਂ ਪੈਂਦਾ। ਜੇ ਸੂਰਜ ਨੂੰ ਕੋਈ ਉੱਲੂ ਜਾਂ ਚੰਦ ਨੂੰ ਆਲੂ ਕਹਿ ਦੇਵੇ ਤਾਂ ਸੂਰਜ, ਚੰਦ ਦੇ ਗੁਣਾਂ ਤੇ ਕੋਈ ਅਸਰ ਨਹੀਂ ਪੈਣਾ। ਜਦੋਂ ਮੈਂ ਆਪਣੇ ਥੀਸਿਜ਼ ਦੇ ਸ਼ਾਇਨਾਪਸਿਜ਼ ਲਿਖੇ ਸਨ। ਡਾ: ਹਰਨਾਮ ਸਿੰਘ ਸ਼ਾਨ ਨੇ ਕਿਹਾ ਕਿ ਰਵਿਦਾਸ ਜੀ ਨੂੰ ਗੁਰੂ ਨਹੀਂ ਭਗਤ ਲਿਖਣਾ ਚਾਹੀਦਾ ਹੈ। ਮੈਨੂੰ ਰਵਿਦਾਸ ਜੀ ਨੂੰ ਗੁਰੂ ਲਿਖਣ 'ਤੇ ਅਕੈਡਮਿਕ ਮੀਟਿੰਗ ਵਿਚ ਜੁਆਬ ਦੇਣ ਲਈ ਕਿਹਾ ਗਿਆ। ਮੈਂ ਡਾ: ਸ਼ਾਨ ਨੂੰ ਕਿਹਾ ਕਿ ਅਸੀਂ ਦੋਵੇਂ ਸਮਕਾਲੀ ਹਾਂ। ਮੇਰੇ ਪੁੱਛਣ ਤੇ ਕਿ ਕੀ ਡਾ: ਸ਼ਾਨ ਗੁਰਦੁਆਰੇ ਜਾਂਦੇ ਹਨ ਤਾਂ ਡਾ: ਸ਼ਾਨ ਨੇ 'ਹਾਂ' ਕਿਹਾ। ਮੈਂ ਪੁੱਛਿਆ ਕਿ ਕੀ ਤੁਸੀਂ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹੋ। ਡਾ: ਸ਼ਾਨ ਨੇ ਹਾਂ 'ਚ ਜੁਆਬ ਦਿੱਤਾ। ਮੈਂ ਫਿਰ ਪੁੱਛਿਆ ਕਿ ਕੀ ਤੁਸੀਂ ਉਥੇ ਇਹ ਕਹਿੰਦੇ ਹੋ ਕਿ ਮੈਂ ਸਿਰਫ ਗੁਰੂਆਂ ਨੂੰ ਮੱਥਾ ਟੇਕਦਾ ਹਾਂ, ਬਾਕੀਆਂ ਨੂੰ ਨਹੀਂ। ਮੈਂ ਉਨ੍ਹਾਂ ਨੂੰ ਕਿਹਾ ਕਿ ਨਹੀਂ, ਮੈਂ ਪੁੱਛਿਆ ਕਿ ਜਿਸ ਗ੍ਰੰਥ ਨੂੰ ਤੁਸੀਂ ਮੱਥਾ ਟੇਕਦੇ ਹੋਏ, ਉਸ ਦਾ ਕੀ ਨਾਂ ਹੈ। ਕਹਿੰਦੇ- ਸ੍ਰੀ ਗੁਰੂ ਗ੍ਰੰਥ ਸਾਹਿਬ। ਮੈਂ ਕਿਹਾ ਕਿ ਜੇ ਸ੍ਰੀ ਅਤੇ ਸਾਹਿਬ ਹਟਾ ਦੇਈਏ ਤਾਂ ਬਾਕੀ ਕੀ ਰਹਿ ਗਿਆ। ਕਹਿੰਦੇ- ਗੁਰੂ ਗ੍ਰੰਥ ! ਮੈਂ ਕਿਹਾ ਜੇ ਲਫਜ਼ ਗ੍ਰੰਥ ਵੀ ਲਾਹ ਦੇਈਏ ਤਾਂ ਬਾਕੀ ਕੀ ਰਹਿ ਗਿਆ। ਕਹਿ-ਦੇ- ਗੁਰੂ ! ਮੈਂ ਕਿਹਾ ਗੁਰੂ ਅਤੇ ਗ੍ਰੰਥ ਦੋਹਾਂ ਲਫਜ਼ਾਂ ਦੀ ਸੰਧੀ ਹੈ- ਗੁਰੂ ਗ੍ਰੰਥ। ਇਹਦਾ ਮਤਲਬ ਹੈ ਕਿ ਇਹ ਗ੍ਰੰਥ ਗੁਰੂਆਂ ਦਾ ਹੈ। ਇਸ ਗ੍ਰੰਥ ਵਿਚਲੇ ਗੁਰਬਾਣੀਕਾਰ ਸਭ ਗੁਰੂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ ਤਾਂ ਗ੍ਰੰਥ ਸਾਹਿਬ ਦਾ ਨਾਂ ਆਦਿ ਗ੍ਰੰਥ ਤੋਂ ਗੁਰੂ ਗ੍ਰੰਥ ਸਾਹਿਬ ਰੱਖਿਆ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਬਾਰਾ ਲਿਖਿਆ ਗਿਆ ਤਾਂ ਭਾਈ ਮਨੀ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਕਿ ਮੇਰਾ ਗ੍ਰੰਥ – ਦਸਮ ਗ੍ਰੰਥ ਵੱਖਰਾ ਬਣੇਗਾ। ਮੇਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋਣ ਦੇ ਕਾਬਿਲ ਨਹੀਂ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ, ਜੋ ਇੱਡੇ ਵੱਡੇ ਸੂਰਬੀਰ ਅਤੇ ਵਿਦਵਾਨ ਸਨ, ਨੇ ਆਪ ਇਹ ਨਿਰਣਾ ਕੀਤਾ ਕਿ ਗੁਰੂ ਰਵਿਦਾਸ ਗੁਰੂ, ਗੁਰੂ ਕਬੀਰ ਗੁਰੂ ਹੈ, ਗੁਰੂ ਸਧਨਾਂ ਗੁਰੂ ਹੈ, ਗੁਰੂ ਨਾਨਕ ਗੁਰੂ ਹੈ, ਗੁਰੂ ਨਾਮਦੇਵ ਗੁਰੂ ਹੈ, ਸਾਰੇ ਜਿਹਨਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਗੁਰੂ ਹਨ। ਪਰ ਛੋਟੀ ਬੁੱਧੀ ਦੇ ਲੋਕ, ਸੰਕੀਰਨ ਬੁੱਧੀ ਦੇ ਲੋਕ ਹੀ ਇਹਨਾਂ ਝੰਜਟਾਂ 'ਚ ਪੈਂਦੇ ਹਨ ਕਿ ਇਹ ਸੰਤ ਹਨ, ਇਹ ਮਹਾਤਮਾ ਜਾਂ ਭਗਤ ਹੈ। ਦਰਅਸਲ ਸਾਰਿਆਂ ਸੰਬੋਧਨਾਂ ਦਾ ਅਰਥ ਇਕੋ ਹੈ।

*? ਗੁਰੂ ਰਵਿਦਾਸ ਨੇ ਆਪਣਾ ਵਿਸ਼ਵ ਭਾਈਚਾਰੇ ਦਾ ਸੰਦੇਸ਼ ਕੇਵਲ ਬਨਾਰਸ 'ਚ ਰਹਿ ਕੇ ਤਾਂ ਫੈਲਾਇਆ ਨਹੀਂ ਹੋਣਾ। ਉਹ ਸੰਦੇਸ਼ ਫੈਲਾਉਣ ਲਈ ਦੂਰ ਦੁਰੇਡੇ ਥਾਂਵਾਂ 'ਤੇ ਗਏ ਹੋਣਗੇ। ਮੀਰਾਂ ਬਾਈ, ਝਾਲਾਂ ਬਾਈ, ਭਾਨਮਤੀ, ਚੰਦਰ ਹਾਂਸ ਆਦਿ ਗੁਰੂ ਜੀ ਦੇ ਚੇਲਿਆਂ ਵੱਲੋਂ ਗੁਰੂ ਜੀ ਨੂੰ ਰਾਜਸਥਾਨ 'ਚ ਸੱਦਾ ਦੇਣਾ ਅਤੇ ਗੁਰੂ ਜੀ ਦਾ ਉਥੇ ਜਾਣਾ ਜੱਗ ਜ਼ਾਹਿਰ ਹੈ।*

*? ਹੋਰ ਕਿਹੜੇ-ਕਿਹੜੇ ਸਥਾਨਾਂ 'ਤੇ ਗੁਰੂ ਜੀ ਦੇ ਜਾਣ ਬਾਰੇ ਆਪ ਨੇ ਖੋਜ ਕੀਤੀ?*

– ਬੜਾ ਖੂਬਸੂਰਤ ਸਵਾਲ ਹੈ। ਜਿਸ ਤਰ੍ਹਾਂ ਈਸਾ ਮਸੀਹ, ਗੁਰੂ ਨਾਨਕ ਅਤੇ ਹਜ਼ਰਤ ਮੁਹੰਮਦ ਨੇ ਉਦਾਸੀਆਂ ਜਾਂ ਯਾਤਰਾਵਾਂ ਕੀਤੀਆਂ, ਦੂਸਰੇ ਸ਼ਹਿਰਾਂ ਦੇ ਲੋਕਾਂ 'ਚ ਆਪਣੇ ਸੰਦੇਸ਼ ਦਾ ਪ੍ਰਚਾਰ ਕੀਤਾ। ਇਸੇ ਤਰ੍ਹਾਂ ਸੰਤ ਵਰਗ ਨੂੰ ਪ੍ਰਤੀਨਿਧਤਾ ਦਿੰਦਿਆਂ ਹੋਇਆ ਗੁਰੂ ਰਵਿਦਾਸ ਜੀ ਨੇ ਪੁਰਾਣੇ ਪੰਜਾਬ ਦਾ ਦੌਰਾ ਕੀਤਾ। ਅਫ਼ਗਾਨਿਸਤਾਨ, ਕੋਟਾ (ਪਾਕਿਸਤਾਨ 'ਚ ਹੁਣ) ਤੱਕ ਸਫ਼ਰ ਕੀਤਾ। ਕਪੂਰਥਲਾ, ਜਲੰਧਰ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਸਾਈਡ ਵੱਲ ਵੀ ਗਏ। ਰਾਜਿਸਥਾਨ ਦਾ ਲੱਗਭੱਗ ਪੂਰੇ ਤੌਰ 'ਤੇ ਭ੍ਰਮਣ ਕੀਤਾ। ਮੁੱਖ-ਮੁੱਖ ਸ਼ਹਿਰ ਸਨ- ਜੈਪੁਰ, ਜੋਧਪੁਰ, ਬੀਕਾਨੇਰ, ਚਿਤੌੜ, ਕੋਟਾ ਬੂੰਦੀ, ਭੀਲਵਾੜਾ ਆਦਿ। ਗੁਜਰਾਤ, ਮਹਾਰਾਸ਼ਟਰ ਦਾ ਵੀ ਪੂਰਾ ਭ੍ਰਮਣ ਕੀਤਾ। ਇਲਾਹਾਬਾਦ ਵੀ ਗਏ। ਪੂਰਾ ਵਿਸਥਾਰ ਨਾਲ ਆਪਣੇ ਥੀਸਿਜ਼ ਵਿਚ ਵਰਣਨ ਕੀਤਾ ਹੈ। ਗੁਰੂ ਜੀ ਵੱਲੋਂ ਇਸ ਤਰ੍ਹਾਂ ਧਰਤੀ ਤੇ ਭ੍ਰਮਣ ਕਰਨ ਤੋਂ ਬਿਨਾਂ ਉਨ੍ਹਾਂ ਦਾ ਸੰਦੇਸ਼ ਆਮ ਲੋਕਾਂ ਤੱਕ ਨਹੀਂ ਪਹੁੰਚ ਸਕਦਾ ਸੀ। ਉਹਨਾਂ ਦਾ ਪ੍ਰਚਾਰ ਲੋਕ ਬੋਲੀ ਵਿਚ ਸੀ ਅਤੇ ਲੋਕਾਂ ਦੀ ਗੱਲਬਾਤ ਸੀ।

*? ਆਮ ਕਰਕੇ ਭਗਤੀ ਲਹਿਰ, ਜਿਸ ਨੂੰ ਸਮਾਨਤਾ ਦੀ ਲਹਿਰ ਕਿਹਾ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗੀ, ਵਿਚ ਅਜਿਹਾ ਮੌਕਾ ਘੱਟ ਹੀ ਆਇਆ ਕਿਸੇ ਗੁਰੂ, ਸੰਤ ਜਾਂ ਭਗਤ ਦੇ ਪੈਰੋਕਾਰਾਂ ਵਿਚ ਔਰਤਾਂ ਬਹੁ-ਗਿਣਤੀ ਵਿਚ ਹੋਵਣ। ਮੀਰਾਂ ਬਾਈ, ਝਾਲਾਂ ਬਾਈ, ਭਾਨਮਤੀ ਆਦਿ ਔਰਤਾਂ ਦੇ ਗੁਰੂ ਰਵਿਦਾਸ ਜੀ ਦੀਆਂ ਚੇਲੀਆਂ ਬਣਨ ਨਾਲ ਕੀ ਇਹ ਸਿੱਧ ਨਹੀਂ ਹੁੰਦਾ ਕਿ ਗੁਰੂ ਜੀ ਜ਼ਰੂਰ ਕੋਈ ਔਰਤਾਂ ਦੀ ਬਰਾਬਰੀ ਦੀ ਗੱਲ ਕਰਦੇ ਸਨ।*


– ਵਾਹ! ਬਹੁਤ ਅੱਛਾ ਸਵਾਲ ਹੈ। ਇਹ ਸਵਾਲ ਸੁਣ ਕੇ ਤਾਂ ਮਨ ਬਾਗੋ ਬਾਗ ਹੋ ਗਿਆ। ਗੁਰੂ ਰਵਿਦਾਸ ਦੀ ਜੋ ਭਾਰਤੀ ਸਮਾਜ ਨੂੰ ਪ੍ਰਮੁੱਖ ਦੇਣਾਂ ਹਨ 'ਚੋਂ ਇਕ ਦੇਣ (ਕੰਟਰੀਬਿਊਸ਼ਨ) ਦੀ ਗੱਲ ਕੀਤੀ ਹੈ। ਆਰੀਆਂ ਦੇ ਭਾਰਤ ਵਿਚ ਆਉਣ ਤੋਂ ਪਹਿਲੋਂ ਭਾਰਤ ਦੇ ਆਦਿ-ਵਾਸੀਆਂ ਦੀ ਸਿੱਧੂ ਘਾਟੀ ਦੀ ਸਭਿਅਤਾ ਦੇ ਲੋਕਾਂ ਵਿਚ ਮਾਤਾ-ਪ੍ਰਧਾਨ ਪਰਿਵਾਰ ਸਨ, ਅੱਜ ਵੀ ਕਈ ਦੇਸ਼ਾਂ ਵਿਚ ਮਾਤਾ ਹੀ ਪਰਿਵਾਰ ਦੀ ਮੁਖੀਆ ਹੈ। ਆਰੀਆਂ ਵਿਚ ਪਿਤਾ-ਪ੍ਰਧਾਨ ਪਰਿਵਾਰ ਹਨ। ਆਰੀਆ ਲੋਕ ਜਿਹੜੇ ਦੇਸ਼ਾਂ ਵਿਚੋਂ ਭਾਰਤ ਵਿਚ ਆਏ, ਉਥੇ ਅਜੇ ਵੀ ਪਿਤਾ-ਪ੍ਰਧਾਨ ਪਰਿਵਾਰ ਹਨ ਜਿਵੇਂ ਰੂਸ ਆਦਿ ਵਿਚ ਧਰਤੀ ਨੂੰ ਪਿਤਾ-ਭੂਮੀ (ਫਾਦਰ ਲੈਂਡ) ਕਿਹਾ ਜਾਂਦਾ ਹੈ ਜਦੋਂ ਕਿ ਭਾਰਤ ਵਿਚ ਅਜੇ ਵੀ ਸਿੰਧੂ-ਘਾਟੀ ਦੇ ਸਮਾਜ ਦੀ ਨਿਸ਼ਾਨੀ ਹੈ ਜੋ ਅਸੀਂ ਧਰਤੀ ਨੂੰ ਮਾਤ ਭੂਮੀ (ਮਦਰਲੈਂਡ) ਕਹਿੰਦੇ ਹਾਂ। ਆਪਣੀ ਭਾਸ਼ਾ ਨੂੰ ਵੀ ਮਾਤ-ਭਾਸ਼ਾ ਕਹਿੰਦੇ ਹਾਂ। ਗੱਲ ਕੀ ਭਾਰਤੀ ਸਮਾਜ 'ਚ ਅਜੇ ਵੀ ਮਾਂ ਨੂੰ ਪਿਤਾ ਨਾਲੋਂ ਵੱਧ ਪੂਜਣ ਯੋਗ ਸਮਝਿਆ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਇਸੇ ਕਰਕੇ ਪੁਰਾਤਨ ਕਦਰਾਂ ਕੀਮਤਾਂ ਨੂੰ ਨਵੇਂ ਸਿਰਿਉਂ ਉਜਾਗਰ ਕਰਨ ਲਈ ਔਰਤ ਨੂੰ ਮਰਦ ਦੇ ਬਰਾਬਰ ਲਿਆਉਣ ਲਈ ਬਿਗਲ ਵਜਾਇਆ। ਨਾ ਕਿ ਔਰਤ ਨੂੰ ਸਮਾਜਿਕ ਬਰਾਬਰੀ ਦਾ ਦਰਜਾ ਦਿੱਤਾ ਸਗੋਂ ਅਧਿਆਤਮਕ ਬਰਾਬਰੀ ਦਾ ਵੀ ਦਰਜਾ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਕਿਹਾ- ਸੋ ਕਿਉਂ ਮੰਦਾ ਆਖੀਐ ਜਿਤੁ ਜੰਮੇ ਰਾਜਾਨੁ ਭਾਵ ਜਿਸ ਔਰਤ ਨੇ ਪੀਰਾਂ, ਫਕੀਰਾਂ, ਗੁਰੂਆਂ, ਸੰਤਾਂ, ਰਾਜਿਆਂ

**(ਬਾਕੀ ਅਗਲੇ ਸਫੇ ਤੇ)**

# ਡਾ. ਲੇਖ ਰਾਜ ਪ੍ਰਵਾਨਾ ਜੀ ਦੇ ਅਚਾਨਕ ਅਲਵਿਦਾ ਕਹਿ ਜਾਣ ਤੇ ਸਾਹਿਤ-ਜਗਤ ਵਿਚ ਮਾਤਮ ਛਾ ਗਿਆ

ਕਲਾ, ਸਾਹਿਤ ਅਤੇ ਸੱਭਿਆਚਾਰ ਦੀਆਂ ਕਈ ਹਜਾਰਾਂ ਪੁੰਗਰਦੀਆਂ ਕਲੀਆਂ ਅਤੇ ਫੁੱਲਾਂ ਨੂੰ ਫਲਦਾਰ ਕਰਨ ਵਾਲੇ ਅਨੇਕਾਂ ਸੰਸਥਾਵਾਂ ਦੇ ਬਾਨੀ, ਡਾ. ਲੇਖ ਰਾਜ ਪ੍ਰਵਾਨਾ ਜੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ। ਜਿਕਰ ਯੋਗ ਹੈ ਕਿ 1984 ਦੇ ਕਰੀਬ ਰੋਜਗਾਰ ਵਿਭਾਗ ਪੰਜਾਬ ਦੇ ਐਡੀਸ਼ਨਲ ਡਾਇਰੈਕਟਰ ਚੌਧਰੀ ਬਸੰਤ ਰਾਮ ਜੀ ਕੋਲ ਡਾ. ਪ੍ਰਵਾਨਾ ਜੀ ਦਾ ਆਉਣਾ-ਜਾਣਾ ਅਕਸਰ ਹੀ ਹੋਇਆ ਕਰਦਾ ਸੀ। ਸਬੱਬੀ, ਇਨ੍ਹਾਂ ਸਤਰਾਂ ਦੇ ਲੇਖਕ ਦੀ ਡਿਯੂਟੀ ਵੀ ਉਥੇ ਹੀ ਹੋਣ ਕਰਕੇ ਡਾ. ਪ੍ਰਵਾਨਾ ਜੀ ਦੇ ਦਰਸ਼ਨ-ਦੀਦਾਰੇ ਕਰਨ ਦਾ ਸਬੱਬ ਅਕਸਰ ਬਣਿਆ ਹੀ ਰਹਿੰਦਾ ਸੀ। ਪ੍ਰਵਾਨਾ ਜੀ ਦੀ ਉਚ-ਵਿਦਵਤਾ ਦੇ ਨਾਲ-ਨਾਲ, ਉਨ੍ਹਾਂ ਦੇ ਨਿਮਰ ਸੁਭਾਅ, ਧਾਰਮਿਕ ਖਿਆਲ ਅਤੇ ਉਨ੍ਹਾਂ ਦੀ ਨੇਕ ਦਿਲ ਇਨਸਾਨੀਅਤ ਨੇ ਇਨ੍ਹਾਂ ਸਤਰਾਂ ਦੇ ਲੇਖਕ ਉਪਰ ਐਸੀ ਅਮਿੱਟ ਛਾਪ ਛੱਡ ਦਿੱਤੀ ਸੀ, ਜਿਸ ਨੇ ਡਾ. ਪ੍ਰਵਾਨਾ ਜੀ ਦੇ ਅਖੀਰਲੇ ਸਾਹ ਤਕ ਇਸ ਕਲਮ ਨੂੰ ਆਪਣੇ ਨਾਲ ਜੋੜੀ ਰੱਖਿਆ। ਕਈ ਦਹਾਕਿਆਂ ਬੱਧੀ ਦੇ ਐਡੇ ਲੰਬੇ ਸਫਰ ਵਿਚ, ਨਾ-ਸਿਰਫ ਉਨ੍ਹਾਂ ਦਾ ਸਾਥ ਨੇੜਿਓਂ ਹੋਕੇ ਮਾਣਨ ਦੇ ਹੀ ਮੌਕੇ ਮਿਲੇ, ਬਲਕਿ ਉਨ੍ਹਾਂ ਪਾਸੋਂ ਕਾਫੀ ਕੁਝ ਗ੍ਰਹਿਣ ਕਰਨ ਦਾ ਵੀ ਸੁਭਾਗ ਹਾਸਲ ਹੋਇਆ।

ਉਹ ਇਕ ਐਸੀ ਸਖਸ਼ੀਅਤ ਸਨ, ਜਿਨ੍ਹਾਂ ਨੇ 'ਅਕੈਡਮੀ ਆਫ ਨੈਸ਼ਨਲ ਲਿਟਰੇਚਰ ਐਂਡ ਕਲਚਰ, ਭਾਰਤ (ਰਜਿ.)' ਦੇ ਨੈਸ਼ਨਲ ਪ੍ਰੈਜੀਡੈਂਟ ਦੀ ਹੈਸੀਅਤ ਵਿਚ ਅਨਗਿਣਤ ਸਾਹਿਤ ਪ੍ਰੇਮੀਆਂ ਨੂੰ ਦਿੱਲੀ ਸਥਿੱਤ ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਜੀ ਦੇ ਭਵਨ ਤਕ ਪਹੁੰਚਾਕੇ ਅਤੇ ਉਨ੍ਹਾਂ ਦੇ ਕਰ-ਕਮਲਾਂ ਦੁਆਰਾ ਡਾ. ਅੰਬੇਦਕਰ ਫੈਲੋਸ਼ਿਪ ਦੁਆ ਕੇ ਉਨ੍ਹਾਂ ਦੇ ਸਾਹਿਤਕ ਕੱਦ-ਬੁੱਤ ਉੱਚਾ ਕਰਨ ਵਿਚ ਵੱਡਮੁੱਲਾ ਯੋਗਦਾਨ ਪਾਇਆ। ਜਿਲ੍ਹਾ ਜਲੰਧਰ ਦੀ ਤਹਿਸੀਲ ਫਿਲੌਰ ਵਿਚ ਪੈਂਦੇ ਪਿੰਡ-ਬੰਡਾਲਾ ਵਿਖੇ ਮਾਤਾ ਸ਼੍ਰੀਮਤੀ ਗੁਰਾਂ ਦੇਵੀ ਜੀ ਦੀ ਪਾਕਿ ਕੁੱਖ ਤੋਂ ਮਾਸਟਰ ਕਰਮ ਚੰਦ ਜੀ (ਪਿਤਾ) ਦੇ ਗ੍ਰਹਿ ਵਿਖੇ 13 ਮਾਰਚ, 1937 ਨੂੰ ਜਨਮੇ ਡਾ. ਪ੍ਰਵਾਨਾ ਜੀ, ਐਮ.ਏ., ਐਲ. ਐਲ. ਬੀ., ਪੀ. ਐਚ. .ਡੀ., ਡੀ ਲਿੱਟ, ਪ੍ਰਭਾਕਰ ਅਤੇ ਗਿਆਨੀ ਦੀ ਉਚੇਰੀ ਵਿੱਦਿਅਕ ਯੋਗਤਾ ਰੱਖਦੇ ਸਨ। ਉਨ੍ਹਾਂ ਨੂੰ ਲਗਭਗ 6 ਵੱਖ-ਵੱਖ ਭਾਸ਼ਾਵਾਂ ਦਾ ਗਿਆਨ ਹਾਸਲ ਸੀ। ਆਪ ਜੀ ਨੇ 1983 ਵਿੱਚ ਪੰਜਾਬ ਯੂਨੀਵਰਸਿਟੀ ਤੋਂ ਗੁਰੂ ਰਵਿਦਾਸ ਜੀ (ਜੀਵਨ ਅਤੇ ਕਿਰਤਾਂ) ਉਪਰ ਪੀ. ਐਚ. ਡੀ. ਕੀਤੀ। ਇਸ ਸਬੰਧੀ 'ਭਾਰਤੀ ਦਲਿੱਤ ਸਾਹਿਤ ਅਕਾਦਮੀ' ਦਿੱਲੀ ਵਿਖੇ ਉਸ ਸਮੇਂ ਦੇ ਰਾਸ਼ਟਰਪਤੀ ਡਾ. ਗਿਆਨੀ ਜੈਲ ਸਿੰਘ ਜੀ ਦੇ ਕਰ-ਕਮਲਾਂ ਦੁਆਰਾ ਡਾ. ਪ੍ਰਵਾਨਾ ਜੀ ਨੂੰ ਸਨਮਾਨਿਤ ਕੀਤਾ ਗਿਆ। ਆਪ ਜੀ ਦੇ ਤਿੰਨ ਗਾਈਡ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਵਿਸ਼ਵਾਨਾਥ ਤਿਵਾੜੀ ਅਤੇ ਡਾ. ਅਤਰ ਸਿੰਘ ਸਨ। 1983 ਵਿੱਚ ਥੀਸਿਸ ਸਬਮਿੱਟ ਕਰਨ ਤੋਂ ਬਾਅਦ ਡਾ. ਨਾਰ, ਡਾਇਰੈਕਟਰ, ਹੈਲਥ ਸਰਵਿਸਜ਼, ਪੰਜਾਬ ਨੇ ਆਪ ਜੀ ਨੂੰ ਦੱਸਿਆ ਕਿ 'ਖੁਰ-ਾਲਗੜ੍ਹ ਸਾਹਿਬ' ਵਿਖੇ ਗੁਰੂ ਰਵਿਦਾਸ ਜੀ ਆਏ ਸਨ। ਫਿਰ ਇਸ ਮਾਮਲੇ ਤੇ ਆਪ ਜੀ ਦਾ ਸ਼੍ਰੀ ਸਿਰੀ ਰਾਮ ਅਰਸ਼ ਜੀ ਨਾਲ ਸੰਪਰਕ ਹੋਇਆ ਤੇ ਆਪ ਦੋਨੋਂ ਹੀ 1991 ਵਿੱਚ 'ਖੁਰਾਲਗੜ੍ਹ ਸਾਹਿਬ' ਗਏ। ਫਿਰ ਆਪ ਉਧਰਲੀ ਖੋਜ ਵਿਚ ਜੁਟ ਗਏ। ਉਪਰੰਤ, ਸਾਲ 2014 ਵਿੱਚ, ਪ੍ਰਧਾਨ ਸ੍ਰ. ਰਤਨ ਸਿੰਘ ਜੱਖੂ, ਗੁਰ-ਦੁਆਰਾ ਸ੍ਰੀ ਗੁਰੂ ਰਵਿਦਾਸ ਮਾਂਟਰੀਅਲ, ਕੈਨੇਡਾ ਦੇ ਸਹਿਯੋਗ ਨਾਲ ਡਾ. ਪ੍ਰਵਾਨਾ ਜੀ ਵਲੋਂ ਬਤੌਰ ਸੁਪਰਵਾਈਜਰ, ਗੁਰੂ ਰਵਿਦਾਸ ਜੀ ਬਾਰੇ ਆਰ. ਜੋਨਾ ਓਪਨ ਯੂਨੀਵਰਸਿਟੀ ਯੂ. ਐਸ. ਏ. ਤੋਂ 'ਡੀ. ਲਿੱਟ' ਬਾਰੇ ਮਹਾਨ ਕਾਰਜ ਕੀਤਾ ਗਿਆ। ਇਸੇ ਤਰ੍ਹਾਂ ਡਾ. ਪ੍ਰਵਾਨਾ ਜੀ ਵੱਲੋਂ 'ਮਹਾਂਰਿਸ਼ੀ ਵਾਲਮੀਕ' ਜੀ ਦੇ 32000 ਸਲੋਕਾਂ 'ਚੋਂ ਚੋਣਵੇਂ ਸਲੋਕ ਪੰਜਾਬੀ ਵਿੱਚ ਲਿਖ ਕੇ ਵਿਆਖਿਆ ਕੀਤੀ ਗਈ। ਇਸ ਮਹਾਨ ਕਾਰਜ ਲਈ ਡਾ. ਪ੍ਰਵਾਨਾ ਜੀ ਨੂੰ 'ਡੀ. ਲਿੱਟ' ਦੀ ਉਪਾਧੀ ਦਿੱਤੀ ਗਈ।


ਡਾ: ਲੇਖ ਰਾਜ ਪ੍ਰਵਾਨਾ
13 ਮਾਰਚ 1937- 31 ਜੁਲਾਈ 2015

ਅਗਲੇ ਕਦਮ ਵਜੋਂ 'ਮਹਾਂਰਿਸ਼ੀ ਵਾਲਮੀਕ' ਜੀ ਦੇ 32,000 ਸਲੋਕਾਂ ਚੋਂ 500 ਚੋਣਵੇਂ ਸਲੋਕ ਵਿਆਖਿਆ ਲਈ ਸ਼ਾਮਿਲ ਕੀਤੇ ਗਏ।

ਪੰਜਾਬ ਸਰਕਾਰ ਵਿਚ ਵੱਖ-ਵੱਖ ਅਹੁੱਦਿਆਂ ਦੀਆਂ ਸਫਲਤਾ-ਪੂਰਵਕ ਜਿੰਮੇਵਾਰੀਆਂ ਨਿਭਾਉਣ ਵਾਲੇ ਡਾ. ਪ੍ਰਵਾਨਾ ਜੀ ਵਿਧਾਨ ਸਭਾ 'ਚੋਂ ਬਤੌਰ ਡਿਪਟੀ ਸੈਕਟਰੀ ਮਿਤੀ 31-3-1995 ਨੂੰ ਸੇਵਾ-ਨਵ੍ਰਿਤ ਹੋਏ ਸਨ। ਆਪ 'ਅਕੈਡਮੀ ਆਫ ਨੈਸ਼ਨਲ ਲਿਟਰੇਚਰ ਐਂਡ ਕਲਚਰ, ਭਾਰਤ (ਰਜਿ.)' ਦੇ ਨੈਸ਼ਨਲ ਪ੍ਰੈਜੀਡੈਂਟ ਸਨ। ਜਿਸ ਸਬੰਧੀ ਕੈਨੇਡਾ, ਅਮਰੀਕਾ, ਇੰਗਲੈਂਡ, ਫਰਾਂਸ, ਵੈਸਟ ਜਰਮਨੀ ਆਦਿ 7 ਦੇਸ਼ਾਂ ਦੀਆਂ ਵੱਖ-ਵੱਖ ਸਟੇਟਾਂ ਵਿੱਚ ਯਾਤਰਾਵਾਂ ਕਰਕੇ ਡਾ. ਪ੍ਰਵਾਨਾ ਜੀ ਨੇ ਅਕੈਡਮੀ ਦੀਆਂ ਸ਼ਾਖਾਵਾਂ ਖੋਲ੍ਹੀਆਂ ਹੋਈਆਂ ਸਨ। ਇਨ੍ਹਾਂ ਸਾਰੇ ਦੇਸ਼ਾਂ ਵਿੱਚ ਡਾ. ਪ੍ਰਵਾਨਾ ਜੀ ਦਾ ਸਨਮਾਨ ਵੀ ਬੜੀ ਸ਼ਾਨੋ-ਸ਼ੌਕਤ ਨਾਲ ਕੀਤਾ ਗਿਆ। ਇਕ ਸਿਰਮੌਰ ਸਥਾਪਤ ਲੇਖਕ ਵਜੋਂ ਡਾ. ਪ੍ਰਵਾਨਾ ਜੀ ਹੁਣ ਤੱਕ 15 ਪੁਸਤਕਾਂ ਸਾਹਿਤ ਦੀ ਝੋਲੀ ਪਾ ਚੁੱਕੇ ਸਨ। ਇਨ੍ਹਾਂ ਵਿਚੋਂ 4 ਪੁਸਤਕਾਂ ਗੁਰੂ ਰਵਿਦਾਸ ਜੀ ਨਾਲ ਸੰਬੰਧਿਤ ਹਨ। ਜਦ ਕਿ ਇਸ ਤੋ ਇਲਾਵਾ 8 ਪੁਸਤਕਾਂ ਹੋਰ ਛਪਾਈ ਲਈ ਤਿਆਰ ਸਨ।

ਡਾ. ਪ੍ਰਵਾਨਾ ਜੀ ਦੀ ਚੇਟਕ ਬਚਪਨ ਤੋਂ ਹੀ ਸਮਾਜ-ਸੇਵੀ ਕੰਮਾਂ ਵਿਚ ਲੱਗ ਗਈ ਸੀ। ਸੈਂਕੜੇ ਮਾਨ-ਸਨਮਾਨ ਐਵਾਰਡ, ਪੁਰਸਕਾਰ ਅਤੇ ਟਰਾਫੀਆਂ ਹਾਸਲ ਕਰਨ ਵਾਲੀ ਇਸ ਹਰਫਨ-ਮੌਲਾ ਸਖਸ਼ੀਅਤ ਦੀ ਅਣਥੱਕ ਖੋਜ-ਘਾਲਣਾ ਅਤੇ ਪੰਜਾਬੀ ਮਾਂ-ਬੋਲੀ ਪ੍ਰਤੀ ਕੀਤੀ ਵੱਡਮੁੱਲੀ ਸੇਵਾ ਨੂੰ ਨਤਮਸਤਕ ਹੁੰਦੇ ਹੋਏ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਵੱਲੋਂ ਵੀ ਪਿਛਲੇ ਸਾਲ 25 ਮਈ, 2014 ਨੂੰ ਚੰਡੀਗੜ੍ਹ ਵਿਖੇ ਇਕ ਵਿਸ਼ਾਲ ਸਮਾਗਮ ਦੌਰਾਨ ਉਨ੍ਹਾਂ ਨੂੰ 'ਗੁਰੂ ਰਵਿਦਾਸ ਸਨਮਾਨ ਭਾਰਤ-2014 ਅਵਾਰਡ' ਨਾਲ ਸਨਮਾਨਿਤ ਕਰਕੇ ਇਸ ਸੰਸਥਾ ਨੇ ਵੀ ਆਪਣੀ ਖੁਸ਼ੀ, ਮਾਣ ਤੇ ਫਖਰ ਹਾਸਲ ਕੀਤਾ ਸੀ।


ਪ੍ਰੀਤਮ ਲੁਧਿਆਣਵੀ
9876428641

ਪੰਜਾਬੀ ਸਾਹਿਤ ਨੂੰ ਮਾਲੋ-ਮਾਲ ਕਰਨ ਵਾਲੇ ਇਸ ਵੱਡਮੁੱਲੇ ਹੀਰੇ ਦੇ ਅਚਾਨਕ ਤੁਰ ਜਾਣ ਤੇ ਪੰਜਾਬੀ ਸਾਹਿਤ-ਜਗਤ ਵਿਚ ਮਾਤਮ ਛਾਂ ਗਿਆ ਹੈ। ਉਨ੍ਹਾਂ ਦੇ ਸਦੀਵੀ ਤੁਰ ਜਾਣ ਨਾਲ ਸਾਹਿਤ ਅਤੇ ਸਮਾਜ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪੈ ਗਿਆ ਹੈ।

1 ਅਗਸਤ 2015 ਨੂੰ ਚੰਡੀਗੜ੍ਹ ਦੇ ਸੈਕਟਰ-25 ਦੇ ਸਮਸ਼ਾਨ ਭੂਮੀ ਵਿਚ ਉਨ੍ਹਾਂ ਦੀ ਅੰਤਮ ਵਿਦਾਇਗੀ ਵਕਤ, ਆਪਣੇ ਮਹਿਬੂਬ ਉਸਤਾਦ-ਲੇਖਕ ਨੂੰ ਸੇਜਲ ਅੱਖਾਂ ਨਾਲ ਸ਼ਰਧਾਂਜਲੀਆਂ ਭੇਂਟ ਕਰਨ ਵਾਲੇ ਕਲਾ ਅਤੇ ਸਾਹਿਤ ਦੇ ਪ੍ਰੇਮੀਆਂ ਦਾ ਜਾਣੋ ਹੜ੍ਹ ਹੀ ਆਇਆ ਪਿਆ ਸੀ। ਜਿਨ੍ਹਾਂ ਵਿਚ ਬਾਬੂ ਰਾਮ ਦੀਵਾਨਾ, ਡਾ. ਪੰਨਾ ਲਾਲ ਮੁਸਤਫਾਬਾਦੀ, ਕਸ਼ਮੀਰ ਘੇਸਲ, ਰਾਜ ਕੁਮਾਰ ਸਾਹੋਵਾਲੀਆ, ਜਖਮੀ ਜਲਾਲਾਬਾਦੀ, ਖੁਸ਼ਹਾਲ ਨਾਗਾ, ਕਰਨੈਲ ਸਹੋਤਾ, ਅਜਮੇਰ ਸਾਗਰ, ਜਸਵੰਤ ਸਿੰਘ ਡੀ. ਡੀ. ਪੀ. ਓ., ਅਮਰ ਵਿਰਦੀ, ਭੁਪਿੰਦਰ ਬੇਕਸ, ਕ੍ਰਿਸ਼ਨ ਰਾਹੀ, ਸਿਕੰਦਰ ਰਾਮਪੁਰੀ, ਐਮ. ਐਸ. ਕਲਸੀ ਅਤੇ ਆਰ. ਕੇ. ਸੱਭਰਵਾਲ ਆਦਿ ਤੋਂ ਇਲਾਵਾ ਚੰਡੀਗੜ੍ਹ ਦੇ ਸਾਬਕਾ ਰੇਲਵੇ ਮੰਤਰੀ ਪਵਨ ਕੁਮਾਰ ਬਾਂਸਲ ਜੀ ਵੀ ਵਿਸੇਸ਼ ਤੌਰ ਤੇ ਹਾਜਰ ਸਨ। ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ 9 ਅਗਸਤ,15 ਨੂੰ ਸਥਾਨਕ ਸੈਕਟਰ-34 ਦੇ ਗੁਰਦੁਆਰਾ ਸਾਹਿਬ ਵਿਖੇ ਅੰਤਮ ਅਰਦਾਸ ਹੋਵੇਗੀ।

# ਡਾ: ਪ੍ਰਵਾਨਾ ਦੀ ਗੁਰੂ ਰਵਿਦਾਸ ਸਬੰਧੀ ਖੋਜ

ਨੂੰ ਜਨਮ ਦਿੱਤਾ। ਜੋ ਸਾਡੀ ਮਾਂ ਹੈ, ਜੋ ਸਾਡੀ ਭੈਣ ਹੈ, ਜੋ ਸਾਡੀ ਪਤਨੀ ਹੈ ਉਸ ਨੂੰ ਕਿਸ ਗੱਲੋਂ ਮਾੜਾ ਕਹੀਏ? ਗੁਰੂ ਨਾਨਕ ਦੇਵ ਜੀ ਨੇ ਤਾਂ ਇਹ ਪ੍ਰਚਾਰ ਹੀ ਕੀਤਾ ਪਰ ਗੁਰੂ ਰਵਿਦਾਸ ਜੀ ਨੇ ਪ੍ਰੈਕਟੀਕਲੀ ਔਰਤਾਂ ਨੂੰ ਨਾਮ ਦਾਨ ਬਖਸ਼ ਕੇ ਬਰਾਬਰੀ ਦਾ ਦਰਜਾ ਦਿੱਤਾ। ਇਹ ਗੁਰੂ ਰਵਿਦਾਸ ਜੀ ਦੀ ਸਭ ਤੋਂ ਵੱਡੀ ਦੇਣ ਹੈ।

ਓਹਨਾਂ ਨੇ ਬ੍ਰਾਹਮਣਾਂ ਵੱਲੋਂ ਦੁਰਕਾਰੀ ਔਰਤ ਜਾਤੀ ਨੂੰ ਨਾ ਸਿਰਫ ਬਰਾਬਰੀ ਦਾ ਦਰਜਾ ਦਿੱਤਾ, ਸਗੋਂ ਪੂਜਣਯੋਗ ਬਣਾਇਆ। ਇੱਥੋਂ ਤੱਕ ਕਿ ਗੁਰੂ ਰਵਿਦਾਸ ਜੀ ਦੀ ਪਤਨੀ ਮਾਤਾ ਲੂਣਾ ਵੀ ਅਧਿਆਤਮਕ ਸ਼ਕਤੀ ਦਾ ਸੋਮਾ ਸਨ ਅਤੇ ਗੁਰੂ ਜੀ ਵਾਂਗ ਪੂਜੇ ਜਾਂਦੇ ਸਨ। ਔਰਤਾਂ ਨਾਮਦਾਨ ਲੈਣ ਲਈ ਮਾਤਾ ਲੂਣਾ ਕੋਲ ਜਾਂਦੀਆਂ ਸਨ।

*? ਹੁਣੇ-ਹੁਣੇ ਆਪ ਨੇ ਫੁਰਮਾਇਆ ਹੈ ਕਿ ਗੁਰੂ ਰਵਿਦਾਸ ਜੀ ਨੇ ਸਿੰਧੂ ਘਾਟੀ ਦੇ ਸਮਾਜ ਵਿਚਾਲੇ ਮਾਤਾ-ਪ੍ਰਧਾਨ ਸਮਾਜ ਨੂੰ ਬੜਾਵਾ ਦਿੱਤਾ। ਗੁਰੂ ਜੀ ਦਾ ਇਕ ਸ਼ਬਦ ਹੈ- 'ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ, ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗੀਤ ਪਈ ਹਮਾਰੀ।' ਕੀ ਇਸ ਸ਼ਬਦ ਤੋਂ ਅਤੇ ਗੁਰੂ ਜੀ ਵੱਲੋਂ ਮਾਤਾ-ਪ੍ਰਧਾਨ ਸਮਾਜ ਨੂੰ ਬੜਾਵਾ ਦੇਣ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਗੁਰੂ ਰਵਿਦਾਸ ਜੀ ਆਪਣੇ ਬਜ਼ੁਰਗਾਂ ਦੀ ਸਿਰਜੀ ਸਿੰਧੂ-ਘਾਟੀ ਦੀ ਸਭਿਅਤਾ ਦੇ ਗੌਰਵ ਤੋਂ ਜ਼ਰੂਰ ਵਾਕਿਫ ਹੋਣਗੇ?*

- ਇਹ ਗੱਲ ਬਿਲਕੁਲ ਸਹੀ ਹੈ ਕਿ ਆਰੀਆਂ ਦੇ ਭਾਰਤ ਵਿਚ ਆਉਣ ਤੋਂ ਪਹਿਲੋਂ ਦੇ ਭਾਰਤ ਵਾਸੀ, ਜਿਹਨਾਂ ਨੂੰ ਆਰੀਆਂ ਨੇ ਅਨਾਰੀਆ ਕਿਹਾ ਅਤੇ ਅਸੀਂ ਆਦਿ-ਵਾਸੀ (ਧਰਮ ਪੱਖੋਂ ਆਦਿ-ਧਰਮੀ) ਕਹਿੰਦੇ ਹਾਂ। ਅਸੀਂ ਇਹਨਾਂ ਆਦਿ-ਵਾਸੀਆਂ ਨਾਲ ਸਬੰਧ ਰੱਖਦੇ ਹਾਂ। ਗੁਰੂ ਰਵਿਦਾਸ, ਮਹਾਂਰਿਸ਼ੀ ਵਾਲਮੀਕਿ, ਸੁਆਮੀ ਵਸ਼ਿਸਠ, ਵੇਦ ਵਿਆਸ ਵਰਗੇ ਵਿਦਵਾਨ ਸਾਡੇ ਚਾਨਣ-ਮੁਨਾਰੇ ਹਨ।

ਜੇ ਸਹੀ ਅਰਥਾਂ ਵਿਚ ਇਮਾਨਦਾਰੀ ਅਤੇ ਬਾਰੀਕੀ ਨਾਲ ਦੇਖਿਆ ਜਾਵੇ ਤਾਂ ਭਾਰਤੀ ਫਲਸਫਾ ਤਾਂ ਹੈ ਹੀ ਸਾਡੀ ਪੈਦਾਵਾਰ ਨਾ ਕਿ ਬ੍ਰਾਹਮਣਾਂ ਦੀ ਯੋਗ ਵਸ਼ਿਸਠ, ਜੋ ਮਹਾਂਰਿਸ਼ੀ ਵਾਲਮੀਕਿ ਜੀ ਦੀ ਰਚਨਾ ਹੈ, ਇਸ ਵਿਚੋਂ ਵੇਦਾਂ ਅਤੇ ਗੁਰੂਆਂ ਦੀ ਸਿੱਖਿਆ ਲੱਭੀ ਜਾ ਸਕਦੀ ਹੈ।

*? ਗੁਰੂ ਰਵਿਦਾਸ ਜੀ ਦੀ ਕਿਹੜੇ-ਕਿਹੜੇ ਇਤਿਹਾਸਕ ਪੁਰਖਾਂ ਨੇ ਸਿਫਤ ਲਿਖੀ ?*

- ਗੁਰੂ ਸਾਹਿਬਾਨ- ਗੁਰੂ ਅਰਜਨ ਦੇਵ, ਗੁਰੂ ਰਾਮ ਦਾਸ, ਗੁਰੂ ਅਮਰਦਾਸ ਨੇ ਗੁਰੂ ਰਵਿਦਾਸ ਜੀ ਦੀ ਜੀਅ ਭਰ ਕੇ ਵਡਿਆਈ ਕੀਤੀ। ਇਹ ਸਤਿਗੁਰੂ ਰਵਿਦਾਸ ਦੀ ਮਹਾਨਤਾ ਹੀ ਸੀ, ਜੋ ਗੁਰੂ ਅਰਜਨ ਦੇਵ, ਗੁਰੂ ਰਾਮਦਾਸ ਅਤੇ ਗੁਰੂ ਅਮਰਦਾਸ ਜੀ ਨੇ ਉਨ੍ਹਾਂ ਦੀ ਉਸਤਤਿ ਵਿਚ ਰੱਬੀ ਬਾਣੀ ਰਚੀ।

*? ਭਾਈ ਗੁਰਦਾਸ, ਜਿਹਨਾਂ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਹਾ ਹੈ, ਨੇ ਵੀ ਆਪਣੀ ਸਤਾਰਵੀਂ ਵਾਰ ਸਾਰੀ ਦੀ ਸਾਰੀ ਗੁਰੂ ਜੀ ਦੀ ਉਸਤਤਿ 'ਚ ਲਿਖੀ। ਇਸੇ ਤਰ੍ਹਾਂ ਸਤਿਗੁਰ ਧੰਨਾ, ਸਤਿਗੁਰੂ ਕਬੀਰ, ਮਹਾਂ ਸੰਤਣੀ ਮੀਰਾਂ ਬਾਈ, ਸੰਤ ਰਜਬ, ਸੰਤ ਪ੍ਰਿਆ ਦਾਸ ਜੀ ਨੇ ਵੀ ਬੜੀ ਇਮਾਨਦਾਰੀ ਨਾਲ ਗੁਰੂ ਰਵਿਦਾਸ ਦੀ ਮਹਿਮਾ ਗਾਈ।*

*? ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਭਾਈ ਗੁਰਦਾਸ ਆਦਿ ਨੇ ਗੁਰੂ ਰਵਿਦਾਸ ਦੀ ਇੰਨੀ ਉਸਤਤਿ ਕਿਉਂ ਕੀਤੀ ਜਦੋਂ ਕਿ ਬਾਕੀ ਦੇ ਹੋਰ ਵੀ ਗੁਰਬਾਣੀਕਾਰ ਸਨ?*

- ਹਮ-ਖਿਆਲ ਸਨ। ਜੋ ਗੁਰੂ ਰਵਿਦਾਸ ਜੀ ਦਾ ਸੰਦੇਸ਼ ਸੀ, ਉਹੀ ਸੰਦੇਸ਼ ਗੁਰੂ ਨਾਨਕ ਦੇਵ ਜੀ ਆਦਿ ਦਾ ਸੀ !

*? ਗੁਰਮਤਿ ਅਤੇ ਸੰਤ-ਮੱਤ ਬਾਰੇ ਸੰਖੇਪ ਚਾਨਣਾ ਪਾਉਗੇ ?*

- ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੀ ਲਹਿਰ ਨੂੰ ਗੁਰਮਤਿ ਕਿਹਾ ਜਾਂਦਾ ਹੈ, ਜਿਸ ਨੇ ਪੁਰਾਣੇ ਪੰਜਾਬ ਵਿਚ ਅਧਿਆਤਮਕ ਅਤੇ ਸਮਾਜਿਕ ਤੌਰ 'ਤੇ ਸਮਾਜ ਨੂੰ ਅਗਾਂਹ ਤੋਰਨ ਦੀ ਗੱਲ ਕੀਤੀ। ਇਸੇ ਤਰ੍ਹਾਂ ਗੁਰੂ ਰਵਿਦਾਸ ਅਤੇ ਉਨ੍ਹਾਂ ਦੇ ਸਾਥੀਆਂ ਨੇ ਉੱਤਰੀ ਭਾਰਤ ਅਤੇ ਮੱਧ ਭਾਰਤ ਵਿਚ ਅਤੇ ਅਲਵਰ ਵਾਲੇ ਸੰਤਾਂ ਨੇ ਦੱਖਣੀ ਭਾਰਤ ਵਿਚ ਸੰਤ ਮੱਤ ਦਾ ਪ੍ਰਚਾਰ ਕੀਤਾ- ਨਿਰੰਕਾਰ ਪੂਜਾ, ਨਿਰਗੁਣ ਪੂਜਾ, ਰੱਬ ਦੀ ਪੂਜਾ, ਕਿਸੇ ਵਿਅਕਤੀ ਵਿਸ਼ੇਸ਼ ਦੀ ਪੂਜਾ ਨਹੀਂ। ਇਹ ਸਾਰੇ ਦੇ ਸਾਰੇ ਦਾ ਫਲਸਫਾ, ਜਿਸ ਵਿਚ ਸੂਫ਼ੀ ਮੱਤ ਵੀ ਸ਼ਾਮਲ ਹੈ, ਗੁਰਮੱਤ, ਸੰਤ ਮੱਤ ਅਤੇ ਸੂਫ਼ੀ ਮੱਤ ਤਿੰਨਾਂ ਮੱਤਾਂ ਦੀ ਸਾਂਝੀ ਕੜੀ ਹੈ- ਵਾਹਿਗੁਰੂ ਦੀ ਪੂਜਾ। ਵਿਅਕਤੀ ਵਿਸ਼ੇਸ਼ ਦੀ ਪੂਜਾ ਨਹੀਂ। ਵਿਅਕਤੀ ਪੂਜਾ ਤੋਂ ਮੇਰਾ ਭਾਵ ਹੈ- ਬ੍ਰਹਮਾ, ਵਿਸ਼ਨੂੰ, ਸ਼ਿਵ, ਗਣੇਸ਼, ਰਾਮ, ਕ੍ਰਿਸ਼ਨ ਦੀ ਪੂਜਾ ਤੋਂ ਹੈ। ਰੱਬ ਅਤੇ ਆਦਮੀ ਵਿਚਾਲੇ ਬ੍ਰਾਹਮਣ, ਭਾਈ, ਮੁੱਲਾਂ, ਪਾਦਰੀ ਆਦਿ ਏਜੰਟਾਂ ਤੋਂ ਦੂਰ ਰਹਿ ਕੇ ਰੱਬ ਨਾਲ ਸਿੱਧਾ ਸਬੰਧ ਦੱਸ ਕੇ ਗੁਰੂ ਰਵਿਦਾਸ ਨੇ ਬ੍ਰਾਹਮਣਾਂ ਦੀ ਧਾਰਮਿਕ ਦੁਕਾਨਦਾਰੀ ਨੂੰ ਸਖ਼ਤ ਸੱਟ ਮਾਰੀ !

*? ਗੁਰੂ ਰਵਿਦਾਸ ਜੀ 'ਤੇ ਕਿਹੜੇ-ਕਿਹੜੇ ਵਿਦਵਾਨਾਂ ਨੇ ਪੀ. ਐਚ. ਡੀ. ਦੀਆਂ ਡਿਗਰੀਆਂ ਲਈਆਂ ?*

- ਗੁਰੂ ਰਵਿਦਾਸ 'ਤੇ ਸਭ ਤੋਂ ਪਹਿਲੀ ਪੀ. ਐਚ. ਡੀ. ਦੀ ਡਿਗਰੀ ਡਾ: ਦੇਵਵ੍ਰਤ ਮਿਸ਼ਰ (ਸੰਤ ਰੈਦਾਰ ਅਰ ਉਨ ਕਾ ਪੰਥ) ਅਤੇ ਡਾ: ਯੋਗੇਂਦਰ ਸਿੰਘ (ਇਹ ਥੀਸਿਜ ਸੰਤ ਰੈਦਾਸ ਪੁਸਤਕ ਦੇ ਰੂਪ 'ਚ ਛਪਿਆ ਹੈ) ਨੂੰ ਲਖਨਊ ਯੂਨੀਵਰਸਿਟੀ, ਡਾ: ਚੰਦਰ ਦੇਵ ਰਾਏ ਨੂੰ ਲਖਨਊ ਯੂਨੀਵਰਸਿਟੀ, ਡਾ: ਚੰਦਰ ਦੇਵ ਰਾਏ ਨੂੰ ਇਲਾਹਾਬਾਦ ਯੂਨੀਵਰਸਿਟੀ ਤੋਂ ਕਬੀਰ ਤਥਾ ਰੈਦਾਸ ਏਕ ਤੁਲਨਾਤਮਿਕ ਅਧਿਐਨ 'ਤੇ, ਡਾ: ਕੁਲਵੰਤ ਕੌਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਭਗਤ ਰਵਿਦਾਸ: ਆਦਿ ਗ੍ਰੰਥ ਵਿਚਲੀ ਰਵਿਦਾਸ ਬਾਣੀ ਅਤੇ ਮੈਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ। ਸਰਦਾਰ ਕਿਸ਼ਨ ਸਿੰਘ ਨੂੰ 'ਆਦਿ ਗ੍ਰੰਥ ਵਿਚ ਭਗਤ ਬਾਣੀ ਦਾ ਸਮਾਜਿਕ ਪੱਖ- ਭਗਤ ਰਵਿਦਾਸ ਅਤੇ ਭਗਤ ਕਬੀਰ ਦੇ ਪ੍ਰਸੰਗ ਵਿਚ 'ਤੇ ਪੀ. ਐਚ. ਡੀ. ਦੀਆਂ ਡਿਗਰੀਆਂ ਮਿਲੀਆਂ।

*? ਜਦੋਂ ਅਸੀਂ ਮੱਧ ਯੁਗੀ ਭਾਰਤ ਵਿਚ ਚੱਲੀ ਭਗਤੀ ਲਹਿਰ ਵਿਚ ਸ਼ੂਦਰਾਂ 'ਚੋਂ ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ, ਸਤਿਗੁਰ ਨਾਮਦੇਵ, ਸਤਿਗੁਰ ਸਧਨਾ, ਸਤਿਗੁਰ ਸੈਨ ਅਤੇ ਸਤਿਗੁਰ ਧੰਨਾ ਜੀ ਆਦਿ ਨੂੰ ਆਗੂਆਂ ਦੇ ਰੂਪ 'ਚ ਦੇਖਦੇ ਹਾਂ ਤਾਂ ਇਉਂ ਲੱਗਦਾ ਹੈ ਕਿ ਭਗਤੀ ਲਹਿਰ ਜ਼ਰੂਰ ਹੀ ਸਮਾਨਤਾ ਦੀ ਲਹਿਰ ਹੋਵੇਗੀ ਜਿਹਨਾਂ ਨੇ ਸਮਾਨਤਾ ਦੀ ਗੱਲ ਧਰਮ ਰਾਹੀਂ ਕਹੀ ਜੋ ਹੁਣ ਦੇ ਯੁੱਗ ਵਿਚ ਆਰਥਿਕਤਾ ਰਾਹੀਂ ਕਹਾਂਗੇ। ਆਪ ਦੀ ਇਸ ਬਾਰੇ ਕੀ ਖੋਜ ਜਾਂ ਰਾਏ ਹੈ?*

- ਚੁੰਬਰ ਸਾਹਿਬ ! ਸੱਚ ਪੁੱਛੋ ਤਾਂ ਆਪ ਦੇ ਸਵਾਲਾਂ ਨੇ ਤਾਂ ਮਨ 'ਚ ਖੇੜਾ ਲਿਆ ਦਿੱਤਾ। ਕਾਸ਼ ! ਅਸੀਂ ਆਪਣੇ ਭਗਤੀ ਲਹਿਰ ਦੇ ਆਗੂਆਂ ਨੂੰ ਇਸ ਨਜ਼ਰੀਏ ਨਾਲ ਪੜ੍ਹਦੇ, ਘੋਖਦੇ ਤਾਂ ਸਾਨੂੰ ਬੇਗ਼ਮਪੁਰੇ ਦੀ ਸਥਾਪਤੀ ਲਈ ਜ਼ਿਆਦਾ ਤਰਦੱਦ ਨਾ ਕਰਨਾ ਪਵੇ। ਇਸ ਲਹਿਰ ਵਿਚ ਭਗਤੀ ਦੀ ਹੀ ਗੱਲ ਨਹੀਂ ਕੀਤੀ ਸਗੋਂ ਸ਼ਕਤੀ ਦੀ ਵੀ ਗੱਲ ਕੀਤੀ ਗਈ ਕਿਉਂਕਿ ਸ਼ਕਤੀ ਤੋਂ ਭਾਵ ਹੈ ਸਮਾਜ ਸੁਧਾਰ ਦੀ ਗੱਲ, ਆਰਥਿਕਤਾ ਦੀ ਗੱਲ। ਧਾਰਮਿਕ ਰੰਗ ਵਿਚ ਸੰਤਾਂ, ਭਗਤਾਂ, ਗੁਰੂਆਂ ਅਤੇ ਸੂਫ਼ੀ ਫਕੀਰਾਂ ਨੇ ਉਹ ਗੱਲਾਂ ਕਹਿ ਦਿੱਤੀਆਂ ਜੋ ਉਸ ਸਮੇਂ ਦੀ ਮੰਗ ਸੀ। ਲੋਕਾਂ ਨਾਲ ਜੋ ਜ਼ੁਲਮ ਹੋ ਰਹੇ ਸਨ, ਉਨ੍ਹਾਂ ਜ਼ੁਲਮਾਂ ਖ਼ਿਲਾਫ਼ ਇਹ ਮੂਵਮੈਂਟ ਸੀ। ਇਸ ਨੂੰ ਭਗਤੀ ਲਹਿਰ ਗੁਰੂ ਜੀ ਵੇਲੇ ਕਹਿਣਾ ਤਾਂ ਵਾਜਿਬ ਸੀ ਪਰ ਅੱਜਕਲ੍ਹ ਇਸ ਨੂੰ ਸਮਾਜਿਕ ਜਾਗਰਣ ਦੀ ਲਹਿਰ ਕਹੀਏ ਤਾਂ ਬਿਹਤਰ ਰਹੇਗਾ।

*? ਕੀ ਗੁਰੂ ਰਵਿਦਾਸ ਜੀ ਨੇ ਗੋਸ਼ਠੀਆਂ ਵੀ ਕੀਤੀਆਂ? ਜੇ ਕੀਤੀਆਂ ਤਾਂ ਇਸ ਬਾਰੇ ਆਪਣੀ ਖੋਜ ਸਾਂਝੀ ਕਰਨ ਦੀ ਮਿਹਰਬਾਨੀ ਕਰੋ ?*

- ਪਹਿਲੋਂ ਆਮ ਲੋਕਾਂ ਦਾ ਖਿਆਲ ਸੀ ਕਿ ਗੁਰੂ ਜੀ ਸਿਰਫ ਬਨਾਰਸ ਤੱਕ ਹੀ ਸੀਮਤ ਰਹੇ। ਗੁਰੂ ਜੀ ਨੇ ਦੇਸ਼ਾਂ-ਵਿਦੇਸ਼ਾਂ ਦਾ ਭ੍ਰਮਣ ਕੀਤਾ। ਉਹ ਅਫ਼ਗਾਨਿਸਤਾਨ ਗਏ, ਪਾਕਿਸਤਾਨ ਦੇ ਕੋਟਾ, ਪਿਸ਼ਾਵਰ, ਬਲੋਚਿਸਤਾਨ, ਨਨਕਾਣਾ ਸਾਹਿਬ ਆਦਿ ਗਏ। ਹਿਮਾਚਲ ਪ੍ਰਦੇਸ਼ ਦੇ ਕੁੱਲੂ ਮਨਾਲੀ ਤੋਂ ਅੱਗੇ ਚੀਨ ਨਾਲ ਲੱਗਦੀ ਹੱਦ ਤੱਕ ਗਏ। ਪੰਜਾਬ, ਹਰਿਆਣਾ ਦਾ ਚੱਪਾ-ਚੱਪਾ ਛਾਣ ਮਾਰਿਆ। ਰਾਜਸਥਾਨ, ਮਹਾਰਾਸ਼ਟਰ, ਗੁਜਰਾਤ, ਬਿਹਾਰ, ਬੰਗਾਲ (ਬੰਗਲਾ ਦੇਸ਼ ਵੀ), ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਗੱਲ ਕੀ ਉਹਨਾਂ ਨੇ ਲੋਕਾਂ ਦੇ ਘਰ- ਘਰ ਜਾ ਕੇ ਆਪਣਾ ਸੰਦੇਸ਼ ਪਹੁੰਚਾਇਆ।

ਇਹਨਾਂ ਯਾਤਰਾਵਾਂ ਵਿਚ ਉਹਨਾਂ ਵੱਖ-ਵੱਖ ਸੰਤਾਂ, ਪੀਰਾਂ, ਫਕੀਰਾਂ, ਗੁਰੂਆਂ ਨਾਲ ਗੋਸ਼ਟੀਆਂ ਕੀਤੀਆਂ। ਗੁਰੂ ਨਾਨਕ ਦੇਵ ਜੀ ਨਾਲ ਉਹਨਾਂ ਦੀਆਂ ਤਿੰਨ ਗੋਸ਼ਟੀਆਂ ਬਾਰੇ ਪਤਾ ਲੱਗਾ ਹੈ। ਪਹਿਲੀ ਚੂਹੜਕਾਣੇ ਹੋਈ, ਜਿੱਥੇ 'ਸੱਚਾ ਸੌਦਾ' ਦੀ ਘਟਨਾ ਘਟੀ ਉਸ ਵੇਲੇ ਸਤਿਗੁਰ ਰਵਿਦਾਸ ਨਾਲ ਸਧਨਾ, ਸੈਨ, ਤਰਲੋਚਨ ਆਦਿ ਗੁਰੂ ਸਨ। ਦੂਜੀ ਗੋਸ਼ਟੀ ਗੁਰੂ ਨਾਨਕ ਦੇਵ ਜੀ ਨਾਲ ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਦੇ ਗੁਰਦੁਆਰੇ 'ਸੰਤ ਘਾਟ' ਵਿਖੇ ਹੋਏ ਸੰਤ ਸਮਾਗਮ 'ਚ ਹੋਈ। ਸੰਤ ਘਾਟ ਦੇ ਗੁਰਦੁਆਰੇ ਦੇ ਬੋਹੜ 'ਤੇ ਲਿਖਿਆ ਹੈ ਕਿ ਉਹ ਸਥਾਨ ਹੈ ਜਿੱਥੇ ਗੁਰੂ ਨਾਨਕ ਜੀ ਨੇ ਮੂਲ ਮੰਤਰ ਦਾ ਉਚਾਰਨ ਕੀਤਾ ਸੀ। ਤੀਜੀ ਗੋਸ਼ਟੀ ਗੁਰੂ ਨਾਨਕ ਦੇਵ ਜੀ ਨਾਲ ਬਨਾਰਸ ਵਿਖੇ ਗੁਰੂ ਨਾਨਕ ਦੇਵ ਜੀ ਦੇ ਮਿਲਣ 'ਤੇ ਹੋਈ ਜਿੱਥੇ ਅੱਜ ਵੀ ਇਸ ਮਿਲਣੀ ਦੀ ਯਾਦ 'ਚ ਗੁਰਦੁਆਰਾ 'ਗੁਰੂ ਕਾ ਬਾਗ' ਸਥਿਤ ਹੈ।

? ਪੀ. ਐਚ. ਡੀ. ਕਰਨ ਤੋਂ ਪਹਿਲੋਂ ਅਤੇ ਬਾਅਦ ਵਿਚ ਗੁਰੂ ਰਵਿਦਾਸ ਸਬੰਧੀ ਅਕਸ਼ ਵਿਚ ਕੀ ਪ੍ਰੀਵਰਤਨ ਆਇਆ?

- ਪਹਿਲੋਂ ਤਾਂ ਮੇਰੇ ਸਾਹਮਣੇ ਗੁਰੂ ਜੀ ਦਾ ਇਮੇਜ ਏਨਾ ਨਹੀਂ ਸੀ ਪਰ ਜਦੋਂ ਮੈਂ ਗੁਰੂ ਜੀ ਦੀ ਬਾਣੀ ਦਾ ਅਧਿਐਨ ਕੀਤਾ ਅਤੇ ਮਨਨ ਕੀਤਾ ਤਾਂ ਮੈਨੂੰ ਇਉਂ ਲੱਗਾ ਕਿ ਗੁਰੂ ਰਵਿਦਾਸ ਜੀ ਆਪਣੀ ਭਗਤੀ ਅਤੇ ਸ਼ਕਤੀ ਪੱਖੋਂ ਕਿਸੇ ਵੀ ਗੁਰੂ ਨਾਲੋਂ ਘੱਟ ਨਹੀਂ। ਮੈਂ ਤਾਂ ਕੀ ਕਹਿਣਾ ਜਦੋਂ ਗੁਰੂ ਗੋਬਿੰਦ ਸਿੰਘ ਵਰਗੀ ਸ਼ਖਸੀਅਤ ਨੇ ਗੁਰੂ ਰਵਿਦਾਸ ਜੀ ਨੂੰ ਗੁਰੂ ਦੀ ਉਪਮਾ ਦਿੱਤੀ ਹੈ ਤਾਂ ਮੈਂ ਨਾਚੀਜ਼ ਕੀ ਹਾਂ। ਪੀ. ਐਚ. ਡੀ. ਕਰਨ ਤੋਂ ਬਾਅਦ ਮੇਰੇ ਮਨ ਵਿਚ ਗੁਰੂ ਜੀ ਪ੍ਰਤੀ ਅਥਾਹ ਸ਼ਰਧਾ ਹੋ ਗਈ।

*? ਗੁਰੂ ਰਵਿਦਾਸ ਜੀ ਸਬੰਧੀ ਖੋਜ ਕਰਨ ਤੋਂ ਬਾਅਦ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦੇ ਹੋ?*

- ਬਹੁਤ ਵਧੀਆ ਸੁਆਲ ਹੈ। ਜਦੋਂ ਮੈਂ ਗੁਰੂ ਜੀ ਸਬੰਧੀ ਖੋਜ ਕਰਨੀ ਸ਼ੁਰੂ ਕੀਤੀ ਤਾਂ ਮੈਂ ਮਨ ਬਣਾਇਆ ਸੀ ਕਿ ਗੁਰੂ ਰਵਿਦਾਸ ਜੀ ਨੇ ਜੋ ਉਪਦੇਸ਼ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਕਵਿਤਾ ਦੇ ਰੂਪ ਵਿਚ ਦਿੱਤਾ ਸੀ, ਮੈਂ ਉਸ ਨੂੰ ਸਰਲ ਵਾਰਤਿਕ ਵਿਚ ਲਿਖ ਕੇ ਗੁਰੂ ਜੀ ਦਾ ਜੀਵਨ ਅਤੇ ਸੰਦੇਸ਼ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਦੇਵਾਂਗਾ। ਮੇਰੀ ਗੁਰੂ ਰਵਿਦਾਸ ਜੀ ਬਾਰੇ ਸੰਪਾਦਿਤ ਕਿਤਾਬ 'ਗੁਰੂ ਰਵਿਦਾਸ ਜੀ ਜੀਵਨ ਸਾਖੀ' 24 ਫਰਵਰੀ 1986 ਤੱਕ ਰਿਲੀਜ਼ ਹੋ ਜਾਏਗੀ। ਦੂਜੀ ਕਿਤਾਬ 'ਗੁਰੂ ਰਵਿਦਾਸ ਜੀ ਦਾ ਵਿਅਕਤੀਤੱਵ ਅਤੇ ਵਿਚਰ ਚਿੰਤਨ' ਤੀਜੀ ਕਿਤਾਬ 'ਗੁਰੂ ਰਵਿਦਾਸ ਜੀ ਦਾ ਦਰਸ਼ਨ ਅਤੇ ਦ੍ਰਿਸ਼ਟੀ', ਚੌਥੀ ਕਿਤਾਬ 'ਗੁਰੂ ਰਵਿਦਾਸ ਜੀ ਦੀ ਬਾਣੀ' ਆਦਿ ਵੀ ਛਾਪਣ ਦਾ ਵਿਚਾਰ ਹੈ।

*? ਕੀ ਤੁਸੀਂ ਇਸ ਹਕੀਕਤ ਨਾਲ ਸਹਿਮਤ ਹੋ ਕਿ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਆਦਿ- ਗੁਰੂਆਂ- ਮਹਾਂਰਿਸ਼ੀ ਵਾਲਮੀਕਿ, ਸਤਿਗੁਰ ਨਾਮਦੇਵ ਅਤੇ ਸਤਿਗੁਰ ਕਬੀਰ ਦੇ ਨਾਲ-ਨਾਲ ਸਤਿਗੁਰ ਰਵਿਦਾਸ ਜੀ ਦੇ ਜੀਵਨ ਅਤੇ ਸੰਦੇਸ਼ ਨੂੰ ਆਮ ਲੋਕਾਂ ਤੱਕ ਪਹੁੰਚਾਇਆ।*

ਇਸ ਵਿਚ ਬਿਲਕੁਲ ਕੋਈ ਸ਼ੱਕ ਨਹੀਂ ਕਿ ਸਾਡੇ ਬਜ਼ੁਰਗਾਂ ਨੇ ਬਾਬੂ ਜੀ ਦੀ ਅਗਵਾਈ 'ਚ ਪੂਰੇ ਯਤਨ ਕੀਤੇ ਅਤੇ ਆਦਿ-ਗੁਰੂਆਂ ਨੂੰ ਭਾਰਤ ਦੇ ਆਦਿ- ਵਾਸੀਆਂ ਦੇ ਆਗੂਆਂ ਵਜੋਂ ਪ੍ਰਚਾਰਣ ਲਈ ਭੁੱਖਾਂ ਵੀ ਕੱਟੀਆਂ, ਜੇਲ੍ਹਾਂ 'ਚ ਵੀ ਗਏ, ਹੋਰ ਕੁਰਬਾਨੀਆਂ ਵੀ ਕੀਤੀਆਂ। ਬੱਚਿਆਂ ਦੀਆਂ ਪੜ੍ਹਾਈਆਂ ਵੀ ਖਰਾਬ ਕਰਵਾਈਆਂ, ਇਹ ਉਹ ਕੁਰਬਾਨੀਆਂ ਹਨ ਜਿਹਨਾਂ ਨੂੰ ਅਸੀਂ ਭੁੱਲੇ ਨਹੀਂ। ਉਹਨਾਂ ਦੇ ਅਸੀਂ ਰਿਣੀ ਹਾਂ। ਜੇ ਕਹਿ ਲਈਏ ਕਿ ਉਨ੍ਹਾਂ ਦੀਆਂ ਕੁਰਬਾਨੀਆਂ ਦੀਆਂ ਨੀਹਾਂ 'ਤੇ ਹੀ ਅਸੀਂ ਇਹ ਖੁਸ਼ਹਾਲੀ ਦਾ ਮਹੱਲ ਉਸਾਰ ਰਹੇ ਹਾਂ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਜੋ ਕੌਮ ਕੌਮੀ ਪ੍ਰਵਾਨਿਆਂ ਨੂੰ ਵਿਸਾਰ ਦਿੰਦੀ ਹੈ, ਉਹ ਆਪਣੀ ਮਹਿਫ਼ਲ 'ਚੋਂ ਸ਼ਮ੍ਹਾਂ ਵੀ ਗੁਆ ਬੈਠਦੀ ਹੈ।

# ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਮੁਕਤੀ ਦਾ ਸਵਾਲ




**ਪ੍ਰੋਫੈਸਰ (ਡਾ.) ਰੌਣਕੀ ਰਾਮ**
Dean, Faculty of Arts
Honorary Director, ICSSR,
North-Western Regional Centre
Shaheed Bhagat Singh Professor
of Political Science, Arts Block IV,
Panjab University, Chandigarh
0091-9779142308


*(ਅਠਵੀ ਕਿਸਤ)*

ਜੇ ਹੁਣ ਕਿਤੇ ਕੋਕੋ ਮਿਲੀ
ਤਾਂ ਲੈ ਲਵਾਂਗਾ ਉਸ ਤੋਂ
ਸਾਰੇ ਹਿਸਾਬ।

ਸੰਤੋਖ ਸੁੱਖੀ ਉਪਰੋਕਤ ਕਵਿਤਾਵਾਂ ਵਿਚ ਵੀ ਉਠ ਰਹੇ ਦਲਿਤ ਵਿਦਰੋਹ ਦੀ ਗੱਲ ਕਰਦੇ ਹੋਏ ਉਨ੍ਹਾਂ ਤਮਾਮ ਝੂਠੇ ਦਲਾਸਿਆਂ ਅਤੇ ਭੁਲੇਖਿਆਂ ਨੂੰ ਬੇਨਕਾਬ ਕਰਦਾ ਹੈ ਜਿਨ੍ਹਾਂ ਰਾਹੀਂ ਦਲਿਤ ਦਮਨ ਨੂੰ ਸਦੀਆਂ ਤੋਂ ਭੰਬਲਭੂਸਿਆਂ ਵਿਚ ਪਾ ਕੇ ਉਸ ਦੇ ਅਸਲੀ ਰੂਪ ਤੋਂ ਦਲਿਤ ਵਰਗ ਨੂੰ ਵੰਚਿਤ ਰੱਖਿਆ ਗਿਆ ਹੈ।

ਇਨਕਲਾਬ ਲਈ ਉੱਠ ਖੜੇ ਹੋਏ ਨੇ
ਯੁੱਗਾਂ ਤੋਂ ਦਰੜੇ ਜਾ ਰਹੇ ਸ਼ਿਲਪੀ ਹੱਥ
ਘਰ ਘਰ ਹੋ ਰਿਹਾ ਹੈ
ਅੱਖਰਾਂ ਦਾ ਮਹਾਂ ਕੀਰਤਨ
ਇਸ ਤਰ੍ਹਾਂ ਹੌਲੀ-ਹੌਲੀ ਹੋ ਰਿਹਾ ਹੈ
ਹਨੇਰੇ ਦਾ ਪਰਦਾਫਾਸ਼।
ਮੈਂ ਤਾਂ ਬਹੁਤ ਦੂਰ ਦਫ਼ਨ ਕਰ
ਆਇਆ ਸੀ ਅੱਗ ਦੇ ਉਪਦੇਸ਼
**** **** *****
ਪਰ ਮੈਨੂੰ ਇਹ ਨਹੀਂ ਸੀ ਪਤਾ
ਕਿ ਮੈਨੂੰ ਸੰਘਰਸ਼ ਦਾ ਇਕ ਹੋਰ ਜੰਗਲ
ਉਲੰਘਣਾ ਪਵੇਗਾ
**** **** ****
ਇੱਕ ਹੋਰ ਯੁੱਧ ਲੜ੍ਹਨਾ ਪਵੇਗਾ।

ਇਸ ਤਰ੍ਹਾਂ ਉਪਰੋਕਤ ਦਿੱਤੀਆਂ ਸਮੁੱਚੀਆਂ ਕਵਿਤਾਵਾਂ ਵਿਚ ਦਲਿਤ ਵਿਦਰੋਹ ਦਾ ਪ੍ਰਗਟਾਵਾ ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਜੁਝਾਰੂ/ਨਕਸਲੀ ਕਵਿਤਾ ਦਾ ਝਉਲਾ ਪਾਉਂਦਾ ਨਜ਼ਰ ਪੈਂਦਾ ਹੈ। ਭਾਵੇਂ ਕੱਲਰਮਾਜਰੀ, ਮਦਨ ਵੀਰਾ ਦੀ ਵਿਚਾਰਧਾਰਾ ਦੀ ਜੁਝਾਰੂ ਵਿਚਾਰਧਾਰਾ ਨਾਲ ਸਾਂਝ ਦੀ ਗੱਲ ਪੰਜਾਬੀ ਕਵਿਤਾ ਦੀ ਆਲੋਚਨਾ ਵਿਚ ਦੇਖਣ-ਸੁਣਨ ਨੂੰ ਮਿਲਦੀ ਹੈ, ਖਾਸ ਕਰਕੇ ਮਦਨ ਵੀਰਾ ਨੂੰ ਤਾਂ ਲਾਲ ਸਿੰਘ ਦਿਲ ਦੀ ਕਾਵਿ ਵਿਰਾਸਤ ਦਾ ਪਾਲਣਹਾਰ ਹੀ ਮੰਨਿਆ ਜਾਂਦਾ ਹੈ, ਪਰੰਤੂ ਇਨ੍ਹਾਂ ਕਵੀਆਂ ਦੀ ਕਵਿਤਾਵਾਂ ਵਿਚਲਾ ਵਿਦਰੋਹ ਸ਼੍ਰੇਣੀ ਨੁਕਤੇ ਤੋਂ ਹੱਟ ਕੇ ਜਾਤੀ ਕੋਹੜ ਦੇ ਸੰਤਾਪ ਦੇ ਤਲਖ 'ਚੋਂ ਉਭਰਦਾ ਪ੍ਰਤੀਤ ਹੁੰਦਾ ਹੈ। ਇਹ ਵਿਦਰੋਹ ਦਲਿਤ ਮਨੁੱਖ ਦੀ ਮਨੂਵਾਦੀ ਦਮਨ ਦੀ ਪ੍ਰਕ੍ਰਿਆ ਦੇ ਵਿਰੋਧ ਵਿਚ ਤਿੱਖੇ ਤੇਵਰ ਅਪਣਾਉਂਦਾ ਨਜ਼ਰ ਆਉਂਦਾ ਹੈ ਜਿਸ ਦੀ ਚਰਚਾ ਅਕਸਰ ਜੁਝਾਰਵਾਦੀ ਕਵਿਤਾ ਵਿਚ ਬੜੀ ਪੇਤਲੀ ਜਾਂ ਫਿਰ ਨਾ ਦੇ ਬਰਾਬਰ ਹੈ।

ਸਮਕਾਲੀ ਪੰਜਾਬੀ ਦਲਿਤ ਕਵਿਤਾ ਵਿਚ ਵਿਦਰੋਹ ਦਾ ਇਕ ਹੋਰ ਰੂਪ ਵੀ ਉਭਰ ਕੇ ਸਾਹਮਣੇ ਆਉਂਦਾ ਹੈ। ਜਿਸ ਦਾ ਪ੍ਰਗਟਾਓ ਬ੍ਰਾਹਮਣਵਾਦੀ ਕਦਰਾਂ-ਕੀਮਤਾਂ ਦੇ ਵਿਰੋਧ ਵਜੋਂ ਹੁੰਦਾ ਹੈ। ਪੇਸ਼ ਹਨ ਕੁਝ ਸਤਰਾਂ-

ਅਸੀਂ ਮੁਨਕਰ ਹਾਂ
ਉਸ ਸੱਚ ਤੋਂ
ਜਿਹੜਾ ਤੁਸੀਂ ਪੜ੍ਹਾਉਂਦੇ ਹੋ
ਜਿਹੜਾ ਤੁਸੀਂ ਸਿਖਾਉਂਦੇ ਹੋ
ਅਸੀਂ ਨਾਬਰ ਹਾਂ
ਤੁਹਾਡੇ ਫਲਸਫੇ ਤੋਂ
ਜਿਹੜਾ ਇਹ ਸਿੱਧ ਕਰਦਾ ਹੈ
ਕਿ ਧਰਤੀ ਤੇ ਨਰਕ
ਥੁੜਾਂ ਮਾਰਿਆਂ ਦੇ
ਮੱਥੇ ਦੀ ਲਿਖਤ ਹੈ
ਪਿਛਲੇ ਜਨਮ ਦਾ ਕੋਹੜ ਹੈ
ਸਰਾਪ ਹੈ।
ਹੇ ਗੁਣੀ ਗਿਆਨੀਓ!
ਵਿਦਵਤਾ ਦੇ ਵਰੋਸਾਏ
ਮਹਾਂ ਪੰਡਤੋ!!
ਮੈਨੂੰ ਅਨਪੜ੍ਹ ਅਗਿਆਨੀ ਹੀ ਰਹਿਣ ਦਿਓ
ਰਹਿਣ ਦਿਓ ਅਨਪੜ੍ਹ ਸਿਲ-ਵੱਟਾ ਜਾਂ ਪੱਥਰ
ਚੰਗਾ ਹਾਂ-ਕਲਾ ਹੀਣ
ਰੰਗਾਂ ਤਰੰਗਾਂ ਤੋਂ ਵਿਰਣਾ
ਤੁਸੀਂ ਆਪਣੇ ਕੋਲ ਹੀ ਰੱਖੋ
ਆਪਣਾ ਕਾਵਿ ਸ਼ਾਸਤਰ
**** *******
ਕਵਿਤਾ ਲਈ ਕੋਈ ਨਵਾਂ ਵਿਸ਼ਾ
ਨਾ ਸੁਝਾਓ
ਲਿਖਣ ਲਈ ਅਛੂਤੇ ਤੇ ਨਵੇਂ ਬਿੰਬ
ਨਹੀਂ ਚਾਹੀਦੇ ਮੈਨੂੰ
ਤੁਹਾਡੀ ਦੱਸੀ ਹੋਈ ਵਿਲੱਖਣਤਾ
ਠਰੀ ਤੇ ਡਰੀ ਜਿਹੀ ਮੌਲਿਕਤਾ।
ਹਾਂ ਉਸ ਵੇਲੇ-ਠੀਕ ਉਸ ਵੇਲੇ
ਜਦੋਂ ਪੂਜਾ ਸਥਾਨ 'ਚ
ਤੁਸੀਂ ਧੋ ਰਹੇ ਸੀ ਮੂਰਤੀਆਂ ਨੂੰ
ਸੁੱਚੇ ਦੁੱਧ ਨਾਲ-ਤਾਜ਼ੇ ਦਹੀਂ ਨਾਲ
ਉਸ ਵੇਲੇ
ਬਿਲਕੁਲ ਉਸ ਵੇਲੇ
ਉਹ ਤੜ੍ਹਪ ਰਿਹਾ ਸੀ
ਵਿਲਕ ਰਿਹਾ ਸੀ - ਪਾਣੀ ਦੀ ਤਿੱਪ ਲਈ
ਸਹਿਕ ਰਿਹਾ ਸੀ - ਪਾਣੀ ਦੇ ਘੁੱਟ ਲਈ।
ਅਸੀਂ ਹੁਣ ਲਵਾਂਗੇ ਕਰਵਟ
ਬਦਲਾਂਗੇ ਪਾਸਾ
ਕਰਾਂਗੇ ਕੁੱਬ ਸਿੱਧਾ
ਤੇ ਉਹ ਘੜੀ ਉਹ ਪਲ
ਜਿਸਨੂੰ ਤੇਰੇ ਪੈਗੰਬਰ ਅਤੇ ਔਲੀਏ
ਦੱਸਦੇ ਨੇ ਕਿਆਮਤ ਦੀ ਘੜੀ
ਅਸਲ 'ਚ ਕਾਮਿਆਂ ਦੇ
ਕੁੱਬਾ ਸਿੱਧਾ ਕਰਨ ਦਾ ਵੇਲਾ ਹੋਵੇਗਾ।

ਉਪਰੋਕਤ ਕਵਿਤਾਵਾਂ ਵਿਚ ਮਦਨ ਵੀਰਾ ਸਮਕਾਲੀ ਦਲਿਤ ਕਵਿਤਾ ਨੂੰ ਵੱਖਰੇ ਅਰਥ ਪ੍ਰਦਾਨ ਕਰਦਾ ਹੋਇਆ ਉਨ੍ਹਾਂ ਸਾਰਿਆਂ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ ਆਦਿ ਨੂੰ ਨਕਾਰਦਾ ਹੋਇਆ ਦਲਿਤ ਜੀਵਨ ਅਤੇ ਦਮਨ ਦੀ ਸਿੱਧੀ-ਸਾਦੀ ਪੇਸ਼ਕਾਰੀ ਰਾਹੀਂ ਦਲਿਤ ਪਛਾਣ ਅਤੇ ਮੁਕਤੀ ਦੀ ਗੱਲ ਆਮ ਆਦਮੀ ਦੀ ਭਾਸ਼ਾ ਵਿਚ ਕਰਦਾ ਹੈ। ਉਹ ਮਿਆਰੀ ਕਾਵਿ-ਸ਼ਾਸਤਰ ਨੂੰ ਦਲਿਤ ਜੀਵਨ ਦੀ ਪਹੁੰਚ ਤੋਂ ਸੱਖਣਾ ਪੇਸ਼ ਕਰਦਾ ਹੈ।

ਗੀਤਾ ਕੁਝ ਹੋਰ ਕਹਿੰਦੀ ਹੈ
ਕੁਰਾਨ ਕੁਝ ਹੋਰ ਕਹਿੰਦੀ ਹੈ
ਵੇਦ ਗ੍ਰੰਥ ਉਪਨਿਸ਼ਦ
ਸਭ ਆਪੋ ਆਪਣੀ ਭਾਸ਼ਾ ਬੋਲਦੇ
ਕੇਵਲ ਤੇ ਕੇਵਲ
ਮੇਰੇ ਸ਼ਬਦ ਲਤਾੜ ਜਾਂਦੇ
ਇਹ ਸਭ ਕੁਝ ਹੁਣ ਮੈਨੂੰ
ਕਦਾਚਿਤ ਮਨਜ਼ੂਰ ਨਹੀਂ।

ਮਦਨ ਵੀਰਾ ਦੀ ਤਰ੍ਹਾਂ ਮੋਹਨ ਤਿਆਗੀ ਵੀ ਆਪਣੀ ਉਪਰੋਕਤ ਕਵਿਤਾ ਵਿਚ ਮੁੱਖ-ਧਾਰਾ ਦੇ ਵਿਸ਼ੇਸ਼ਣਾ ਅਤੇ ਅਲੰਕਾਰਾਂ ਨੂੰ ਦਲਿਤ ਜੀਵਨ ਦੀ ਸਾਰ ਤੋਂ ਦੂਰ ਖੜ੍ਹੇ ਪੇਸ਼ ਕਰਦਾ ਹੈ।

ਸਮਕਾਲੀ ਪੰਜਾਬੀ ਦਲਿਤ ਕਵਿਤਾ ਦੇ ਵਿਦਰੋਹ ਮਈ ਸਵੱਰ ਦੀ ਗੱਲ ਕਰਦਿਆਂ ਸਰਬਜੀਤ ਸਿੰਘ ਲਿਖਦੇ ਹਨ, "ਦਲਿਤ ਮਨੁੱਖ ਦੀ ਪਛਾਣ ਨਾਲ ਜੂਝ ਰਹੀ ਕਵਿਤਾ ਅਸਵੀਕ੍ਰਿਤੀ ਦੀ ਸੁਰ ਵਿਚ ਇਸ ਲਈ ਬੋਲਦੀ ਹੈ ਕਿਉਂਕਿ ਸਥਾਪਤ ਮਰਿਆਦਾ, ਕਦਰਾਂ-ਕੀਮਤਾਂ, ਸਭਿਆਚਾਰ, ਪਰੰਪਰਾ ਨੇ ਇਸ ਮਨੁੱਖ ਦੀ ਪਛਾਣ ਹੀ ਖੋਹ-ਖਿੰਝ ਦਿੱਤੀ ਸੀ। ਇਸ ਲਈ ਇਸ ਕਵਿਤਾ ਦਾ ਕਾਵਿ ਪਾਤਰ ਆਪਣੀ ਪਛਾਣ ਸਥਾਪਤ ਵਰਣ ਵਿਵਸਥਾ ਅਤੇ ਕਦਰ ਪ੍ਰਬੰਧ ਦੇ ਵਿਰੋਧ ਵਿਚੋਂ ਪ੍ਰਾਪਤ ਕਰਦਾ ਹੈ"। ਉਦਾਹਰਣ ਵਜੋਂ ਦੇਖੀਆਂ ਜਾ ਸਕਦੀਆਂ ਹਨ ਹੇਠਾਂ ਅੰਕਿਤ ਦਲਿਤ ਕਵਿਤਾ ਦੇ ਵਿਲੱਖਣ ਸਰੂਪ ਨੂੰ ਉਜਾਗਰ ਕਰਦੀਆਂ ਕੁਝ ਸਤਰਾਂ-

ਕਿਵੇਂ ਕਰੋਗੇ ਪਿੰਡਾਂ 'ਚੋਂ ਬਾਹਰ
ਵਸਦੀਆਂ
ਬਸਤੀਆਂ ਦੇ ਸੰਘਣੇ ਹਨ੍ਹੇਰੇ ਦਾ ਬਿਆਨ
**** ***** *****
ਤੁਹਾਡੀ ਭਾਸ਼ਾ 'ਚ ਮੇਰੇ ਦਰਦ ਦਾ ਬਿਆਨ ਨਹੀਂ
ਤੁਹਾਡੇ ਅੱਖਰਾਂ ਨੂੰ ਮੇਰੀ ਰੂਹ ਦਾ ਗਿਆਨ ਨਹੀਂ
ਤੁਹਾਡੀ ਕਲਪਨਾ 'ਚ ਮੇਰੇ ਜੀਵਨ ਦਾ ਦੀਵਾਨ ਨਹੀਂ
ਤੁਹਾਨੂੰ ਤਾ ਸਾਬਣ ਦੀ ਚਾਕੀ 'ਚੋਂ ਵੀ
ਕੈਟਰੀਨਾ ਕੈਫ਼ ਦੀ ਆਉਂਦੀ ਹੈ ਖੁਸ਼ਬੂ।

ਗੁਰਮੀਤ ਕੱਲਰਮਾਜਰੀ ਉਪਰੋਕਤ ਕਵਿਤਾ ਵਿਚ ਦਲਿਤ ਯਥਾਰਥ ਨੂੰ ਪਰਿਭਾਸ਼ਤ ਕਰਨ ਲਈ ਲੇਖਕ ਦੇ ਦਲਿਤ ਵਰਗ ਨਾਲ ਨਾਤੇ ਨੂੰ ਤਰਜੀਹ ਦਿੰਦੇ ਹੋਏ ਮੁੱਖ-ਧਾਰਾ ਪੰਜਾਬੀ ਕਵਿਤਾ ਦੀ ਇਸ ਯਥਾਰਥ ਤੋਂ ਦੂਰੀ ਦੀ ਗੱਲ ਕਰਦੇ ਹੋਏ ਇਹ ਪ੍ਰਸ਼ਨ ਉਠਾਉਂਦੇ ਹਨ ਕਿ ਦਲਿਤ ਜੀਵਨ ਅਤੇ ਦਮਨ ਨੂੰ ਪਿੰਡੇ ਤੇ ਹੰਢਾਏ ਤੋਂ ਬਿਨਾਂ ਉਸ ਦੀ ਗੱਲ ਹਮੇਸ਼ਾ ਹੀ ਅਧੂਰੀ ਰਹੇਗੀ।

ਤੁਸੀਂ ਨਹੀਂ ਜਾਣਦੇ
ਕਿੰਨੀਆਂ ਸਦੀਆਂ ਤੋਂ ਸੁੱਕ ਰਹੇ ਨੇ
ਬਣ ਰਹੇ ਨੇ ਰੱਕੜ
**** ***** *****
ਪਰ ਤੁਹਾਡੀ ਚਿੰਤਾ 'ਚ
ਨਹੀਂ ਬਣਿਆ
ਤੁਹਾਡੀ ਕਵਿਤਾ 'ਚ ਕੋਈ ਰੂਪਕ
ਜਿਹੜਾ ਸਾਰੀ ਉਮਰ
ਹੱਡਾ ਰੋੜੀ 'ਚ
ਮੋਏ ਪਸ਼ੂਆਂ ਨਾਲ ਜੂਝਦਾ ਰਿਹਾ
ਕੇਰਦਾ ਰਿਹਾ
ਅੱਖਾਂ 'ਚੋਂ ਪੰਜ ਦਰਿਆਵਾਂ ਦਾ ਪਾਣੀ।
ਤੁਸੀਂ ਨਹੀਂ ਜਾਣਦੇ
ਉਸ ਬਾਲ ਦੀ ਪੀੜ
**** ****** *******
ਨਾ ਹੀ ਤੁਸੀਂ ਜਾਣ ਸਕਦੇ ਹੋ
ਉਸ ਦੀਆਂ ਪਾਤਲੀਆਂ 'ਚੋਂ ਸਿੰਮਦੇ
ਖ਼ੂਨ ਦਾ ਰੰਗ।
ਮੇਰੇ ਲਈ ਇਹ
ਜਾਨਣਾ ਔਖਾ ਹੈ
ਕਿ ਤੁਸੀਂ ਕਿਵੇਂ ਲਿਖੋਗੇ।
ਸਵੇਰ ਵੇਲੇ ਮੰਦਿਰ 'ਚ ਵਜਦੀਆਂ ਖੜਤਾਲਾਂ ਦੇ ਸ਼ੋਰ 'ਚ
ਸਿਰ 'ਤੇ ਮੈਲੇ ਦੀ ਟੋਕਰੀ ਚੁੱਕੀਂ
ਛੋਟੂ ਮਜ਼ਹਬੀ ਦੇ ਰੂੜੀ ਤੇ ਕੂੜਾ ਸੁੱਟਣ ਸਮੇਂ ਹੁੰਦੇ
ਸੁਪਨਿਆਂ ਦੀ ਮੌਤ ਸਮੇਤ
ਹੋਰ ਵੀ ਬੜਾ ਕੁਝ ਸੁਰੱਖਿਅਤ ਹੈ
ਇਨ੍ਹਾਂ ਕਵਿਤਾਵਾਂ ਵਿਚ।

ਉਪਰੋਕਤ ਕਵਿਤਾਵਾਂ ਵਿੱਚ ਵੀ ਕੱਲਰਮਾਜਰੀ ਪ੍ਰਸ਼ਨ ਉਠਾਉਂਦੇ ਹਨ ਕਿ ਇਹ ਕਿਉਂ ਸੰਭਵ ਨਹੀਂ ਹੋ ਸਕਿਆ ਕਿ ਦਲਿਤ ਮਨੁੱਖ ਦੁਆਰਾ ਸਦੀਆਂ ਤੋਂ ਭੋਗਿਆ ਜਾ ਰਿਹਾ ਨਰਕ ਮੁੱਖ-ਧਾਰਾ ਪੰਜਾਬੀ ਕਵਿਤਾ ਵਿਚ ਕੋਈ ਰੂਪਕ ਬਣ ਕੇ ਪੇਸ਼ ਨਹੀਂ ਹੋਇਆ। ਉਹ ਦਲਿਤ ਕਵਿਤਾ ਦੀ ਸਲਾਹੁਣਾ ਕਰਦੇ ਹੋਏ ਕਹਿੰਦੇ ਹਨ ਕਿ ਇਸ ਵਿੱਚ ਦਲਿਤ ਯਥਾਰਥ ਨਾਲ ਭਰਪੂਰ ਭਾਵ ਅਤੇ ਰੂਪਕ ਮੌਜੂਦ ਹਨ।

ਉਸ ਜ਼ਮੀਨ ਬਾਰੇ ਵੀ ਮੈਂ ਕਵਿਤਾ ਨਹੀਂ
ਲਿਖਦਾ
ਜਿਸ ਦਾ ਵਾਰਸ ਹੈ ਕੋਈ
ਚੰਗੇਜ਼ੀ ਖਾਨਦਾਨ
ਜਿਥੇ ਅੱਜ ਵੀ ਕਾਇਮ ਨੇ ਜੁਆਲਾਮੁੱਖੀ ਦੇ
ਨਿਸ਼ਾਨ।
**** ***** *****
ਮੈਂ ਉਹਨਾਂ ਨਾਲੋਂ ਥੋੜ੍ਹੇ ਫ਼ਰਕ ਨਾਲ
ਟੁਰਦਾ ਹਾਂ
ਫ਼ਰਕ ਨਾਲ ਲਿਖਦਾ ਹਾਂ।

ਉਪਰੋਕਤ ਵੱਖ-ਵੱਖ ਕਵਿਤਾਵਾਂ ਵਿਚ ਗੁਰਮੀਤ ਕੱਲਰਮਾਜਰੀ ਪੰਜਾਬੀ ਕਵਿਤਾ ਵਿਚ ਦਲਿਤ ਜੀਵਨ ਅਤੇ ਦਮਨ ਦੀ ਗੈਰਹਾਜ਼ਰੀ ਦੀ ਬਹੁਤ ਹੀ ਕਟਾਸ਼ਮਈ ਢੰਗ ਨਾਲ ਗੱਲ ਕਰਦੇ ਹਨ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਦਲਿਤ ਜੀਵਨ ਅਤੇ ਦਮਨ ਨਿਰੇ ਸ਼ਬਦਾਂ ਰਾਹੀਂ ਹੀ ਨਹੀਂ ਬਿਆਨਿਆ ਜਾ ਸਕਦਾ। ਖਾਸ ਕਰਕੇ ਜਿਨ੍ਹਾਂ ਸ਼ਬਦਾਂ ਦਾ ਜੋੜ ਦਮਨ ਗ੍ਰਸਤ ਜੀਵਨ ਵਿਚੋਂ ਨਾ ਹੋਇਆ ਹੋਵੇ। ਇਸੇ ਹੀ ਤਰ੍ਹਾਂ ਦਲਿਤ ਸਰੋਕਾਰਾਂ ਨਾਲ ਜੁੜੇ ਹੋਏ ਨੌਜਵਾਨ ਕਵੀ ਮਦਨ ਵੀਰਾ ਦੀਆਂ ਯਥਾਰਥ ਤੇ ਆਧਾਰਤ ਕਵਿਤਾਵਾਂ ਵਿਚ ਜਿਸ ਤਰ੍ਹਾਂ ਅਜੋਕੀ ਬਣ ਰਹੀ ਦਲਿਤ ਪਛਾਣ ਬਾਰੇ ਸੰਕੇਤ ਮਿਲਦੇ ਹਨ ਉਨ੍ਹਾਂ ਦੀ ਦਲਿਤ ਮਸਲੇ ਨੂੰ ਸਮਝਣ ਵਿਚ ਵਿਸ਼ੇਸ਼ ਭੂਮਿਕਾ ਬਣਦੀ ਮੰਨੀ ਜਾ ਸਕਦੀ ਹੈ। ਪੇਸ਼ ਹਨ ਕੁਝ ਕਵਿਤਾਵਾਂ-

ਤੁਹਾਨੂੰ ਗਿਲਾ ਹੈ
ਗਿਲਾ ਹੈ ਕਿ ਮੇਰੀਆਂ ਕਵਿਤਾਵਾਂ 'ਚ
ਬੋਲ ਗਾਲ੍ਹ ਵਾਂਗ ਮਘਦੇ ਨੇ
ਰੋਹ ਵਾਂਗ ਦਗਦੇ ਨੇ
**** ***** *****
ਤੁਹਾਡਾ ਕਹਿਣਾ ਮੁਨਾਸਿਬ ਹੈ
ਤੁਹਾਡਾ ਰੋਸ ਸੱਚ ਹੈ
ਕਵਿਤਾ ਦੇ ਕਦਰਦਾਨੋ
ਸ਼ੁੱਧ ਕਵਿਤਾ ਦੇ ਵਿਦਵਾਨੋ
ਤੁਸੀਂ ਨਹੀਂ ਪੜ੍ਹ ਸਕਦੇ
ਹਵਕ ਮਾਰਣੇ ਸ਼ਬਦ ਨੂੰ
ਨਹੀਂ ਸੁਣ ਸਕਦੇ
ਬਰਛੇ ਵਾਂਗ ਖੁੱਭਦੇ ਬੋਲਾਂ ਨੂੰ
**** ****** *******
ਪਰ ਰੰਗਾਂ, ਰੁੱਤਾਂ ਤੇ ਰਸਾਂ 'ਤੇ ਰੀਝਦੇ ਭੌਰਿਓ
ਮੇਰੇ ਸ਼ਬਦ ਰਾਸ ਲੀਲਾ ਲਈ ਨਹੀਂ ਆਏ
ਇਹ ਬੇਬਸੀ 'ਚ ਘਿਰੇ ਮਜ਼ਦੂਰ ਦਾ ਚਿਹਰਾ ਨੇ
ਇਹ ਕਿਸੇ ਹਵਾ ਪਿਆਜ਼ੀ ਸ਼ਾਮ ਦਾ
ਲੁੱਚਾ ਲਤੀਫ਼ਾ ਨਹੀਂ
ਇਹ ਉਧੜੇ ਮਨ
ਤੇ ਵਲੂੰਧਰੇ ਤਨ ਵਾਲੀ ਕੰਜਕ ਦੇ
ਮੂੰਹੋਂ ਨਿਕਲੀ ਗਾਲ੍ਹ ਨੇ
ਇਹ ਪਿੰਡ ਦੇ ਮਜੂਰਾਂ ਦੀ
ਪਤਵੰਤਿਆਂ ਵਲੋਂ ਕੀਤੀ ਨਾਕਾਬੰਦੀ ਦੇ ਬਿੰਬ ਨੇ
ਇਹ ਗਲੇ ਸੜੇ ਨਿਜ਼ਾਮ ਦੇ ਖ਼ਿਲਾਫ਼
ਦੱਬੀ ਹੋਈ ਚੀਕ ਬੁਲਬਲੀ ਨੇ।
ਮੈਂ ਤੇ ਮੇਰੀ ਕਵਿਤਾ
ਉਨ੍ਹਾਂ ਲੋਕਾਂ ਲਈ ਓਪਰੇ ਹਾਂ
ਅਜਨਬੀ ਹਾਂ
ਜਿਹੜੇ ਕਲਾ ਤੇ ਸਾਹਿਤ ਦੀ ਗੱਲ
ਕਿਸੇ ਦੇਵੀ ਦੇ ਨਾਂ ਤੋਂ ਸ਼ੁਰੂ ਕਰਦੇ ਨੇ
**** ***** ******
ਜਿਨ੍ਹਾਂ ਦੇ ਭਾਸ਼ਣਾਂ ਦੀ ਖਿਚੜੀ
ਏ.ਸੀ. ਕਮਰਿਆਂ 'ਚ ਪੱਕਦੀ ਏ।

ਜਿਸ ਤਰ੍ਹਾਂ ਮੁੱਖਧਾਰਾ ਪੰਜਾਬੀ ਕਵਿਤਾ ਵਿਚ ਦਲਿਤ ਕਵਿਤਾ ਦੀ ਸ਼ਮੂਲੀਅਤ ਤਕਰੀਬਨ-ਤਕਰੀਬਨ ਨਾ ਦੇ ਬਰਾਬਰ ਹੈ, ਉਸ ਤੇ ਵਿਅੰਗ ਕਰਦੇ ਹੋਏ ਮਦਨ ਵੀਰਾ ਲਿਖਦਾ ਹੈ-

ਡਾਢਿਓ!
ਉਹ ਸ਼ਬਦ ਮੇਰੇ ਲਈ ਬੇਅਰਥ ਹਨ
ਜਿਨ੍ਹਾਂ 'ਚ ਮੇਰੇ ਮੁੜ੍ਹਕੇ ਦੀ
ਮਹਿਕ ਨਹੀਂ
**** ***** *****
ਸ਼ਬਦ ਮੇਰੇ ਲਈ
ਸਿਰਫ਼ ਸ਼ਬਦ ਨਹੀਂ
ਜ਼ਿੰਦਗੀ ਦੇ ਰਣ 'ਚ ਜੂਝਦੇ
ਜਹਾਦੀ ਨੇ
ਸ਼ਬਦ ਮੇਰੇ ਲਈ
ਢਾਲ ਨੇ
ਬਾਣ ਨੇ
ਤਲਵਾਰ ਨੇ
ਸਵਾਲ ਨੇ
ਕਵਿਤਾ ਮੇਰੇ ਲਈ
ਸਿਰਫ਼ ਕਵਿਤਾ ਨਹੀਂ ਮੁਹਾਜ਼ ਹੈ।
ਸਾਡੇ ਲਈ
ਸਾਡੀ ਲਈ ਲਈ ਗੁਲਾਮੀ ਦੇ ਅਰਥ
ਉਹ ਨਹੀਂ ਹਨ
ਨਹੀਂ ਹਨ ਜੋ ਤੁਸੀਂ ਸੁਣੇ ਨੇ
ਜੋ ਤੁਸੀਂ ਪੁਸਤਕਾਂ 'ਚ ਪੜ੍ਹੇ ਨੇ
ਸ਼ਬਦ ਕੋਸ਼ਾਂ 'ਚੋਂ ਦੇਖੇ ਨੇ
**** ***** ******
ਤੁਸੀਂ ਜੇ ਇਸ ਸ਼ਬਦ ਦੇ
ਅਰਥਾਂ ਨੂੰ ਜਾਨਣਾ ਹੈ
ਰੂਹ ਨੂੰ ਪਛਾਣਨਾ ਹੈ
ਤਾਂ ਸਾਡੇ ਵਿਹੜੇ ਆਇਓ
ਠੱਠੀ ਵਿੱਚ ਪੈਰ ਪਾਇਓ
ਸਾਡੀ ਹਰ ਬੀਹੀ-ਹਰ ਦਾਰ
ਗ਼ੁਲਾਮੀ ਦੀ ਵਰਨਮਾਲਾ ਹੈ
ਦਾਸਤਾਂ ਦਾ ਪੂਰਾ ਵਿਆਕਰਨ ਹੈ।

ਮਦਨ ਵੀਰਾ ਦਲਿਤ ਪਛਾਣ ਨੂੰ ਉਜਾਗਰ ਕਰਦੇ ਹੋਏ ਜਿਸ ਤਰ੍ਹਾਂ ਦਲਿਤ ਜੀਵਨ ਦੀ ਆਪਣੀ ਕਵਿਤਾ ਵਿਚ ਤਸਵੀਰ ਪੇਸ਼ ਕਰਦੇ ਹਨ ਉਹ ਜਿਥੇ ਦਲਿਤ ਕਵਿਤਾ ਨੂੰ ਮੁੱਖ ਧਾਰਾ ਕਵਿਤਾ ਤੋਂ ਅਲੱਗ ਅਰਥ ਪ੍ਰਦਾਨ ਕਰਦੀ ਹੈ ਉਥੇ ਇਹ ਕਵਿਤਾ ਦਲਿਤ ਜੀਵਨ ਅਤੇ ਦਮਨ ਦੀ ਤਿੱਖੀ ਨਿਸ਼ਾਨਦੇਹੀ ਵੀ ਕਰਦੀ ਹੈ

ਮੈਂ ਕਵਿਤਾ ਨਹੀਂ ਲਿਖਦਾ
ਲਿਖਦਾ ਹਾਂ
ਰਿਕਸ਼ਾ ਚਾਲਕ ਦੇ ਸਾਹਾਂ ਤੱਕ ਆਉਂਦੀ
ਖੌਰੂ ਪਾਉਂਦੀ
ਉਸ ਤਿੱਖੀ ਮਹਿਕ ਨੂੰ ਜਿਸਦੇ ਗੱਡੇ ਜਿੰਨੇ ਬੋਝ ਨੂੰ
ਫੁੱਲਾਂ ਦੇ ਭਾਰ ਵਾਂਗ ਖਿੱਚਦਾ
ਉਹ ਗੁਣਗੁਣਾਉਂਦਾ ਹੈ।
ਨਹੀਂ
ਇਹ ਕਵਿਤਾ ਨਹੀਂ
ਮਾਂ ਤੇ ਮਿੱਟੀ ਨੂੰ ਪਿਆਰ ਕਰਦੇ
ਕਾਮੇ ਦਾ ਅਹਿਦ ਹੈ....
ਕਿਰਤੀ ਦੀ ਸਹੁੰ ਹੈ....
**** ***** ******

ਅਲਫ਼ ਨੰਗੇ ਬਾਦਸ਼ਾਹ ਦੀ
ਹਜ਼ੂਰੀ ਭੀੜ ਵਿਚ
ਨੰਗੇ ਨੂੰ ਨੰਗਾ ਕਹਿਣ ਦਾ
ਅਡੋਲ ਕਾਰਜ ਹੈ।

ਬਲਵੀਰ ਮਾਧੋਪੁਰੀ ਵੀ ਦਲਿਤ ਕਵਿਤਾ ਬਾਰੇ ਆਪਣੀ ਕਵਿਤਾ ਵਿਚ ਕੁਝ ਇਸ ਤਰ੍ਹਾਂ ਹੀ ਚਰਚਾ ਕਰਦੇ ਹਨ-

ਕਵਿਤਾ ਨਿਰੇ ਅੱਖਰ ਨਹੀਂ
ਇਹ ਤਾਂ
ਬਿਨਾਂ ਖੰਭਾਂ ਤੋਂ ਉੱਡਦੇ
ਕਿਸੇ ਮਾਨਵ ਦੀ ਪਰਵਾਜ਼ ਹੈ।

ਮਾਧੋਪੁਰੀ ਦਲਿਤ ਪਛਾਣ ਨੂੰ ਸਮਰਪਿਤ ਆਪਣੀ ਕਵਿਤਾ 'ਕਾਵਿ-ਲੋਚਾ' ਵਿਚ ਲਿਖਦੇ ਹਨ-

ਮੈਂ ਨਹੀਂ ਚਾਹੁੰਦਾ
ਕਿ ਮੇਰੀਆਂ ਕਵਿਤਾਵਾਂ
ਬਰਸਾਤੀ ਨਾਲਿਆਂ ਵਾਂਗ
ਕਿਸੇ ਨਦੀ 'ਚ ਡਿੱਗ ਕੇ
ਗੁਆ ਲੈਣ ਆਪਣੀ ਪਛਾਣ
*** **** ****

ਉਸ ਕਾਵਿ-ਧਾਰਾ 'ਚ ਸ਼ਾਮਲ ਹੋਣ
ਜਿਸ ਦੇ ਧਰਮ-ਗਰੰਥ
ਇਕ ਵਿਸ਼ਾਲ ਖੇਤ ਨੂੰ
ਵੰਡਦੇ ਨੇ ਖੱਤਿਆਂ ਵਿਚ

**(ਚਲਦਾ)**

# ਤੀਆਂ ਤੀਜ ਦੀਆਂ ਭਾਦੋਂ ਦੇ ਮੁਕਲਾਵੇ

## ਪੀ.ਸੀ.ਐਸ.ਸੈਕਰਾਮੈਂਟੋ ਵੱਲੋਂ 16 ਅਗਸਤ ਨੂੰ ਕਰਵਾਏ ਜਾ ਰਹੇ ਤੀਆਂ ਦੇ ਮੇਲੇ ਨੂੰ ਸਮਰਪਿਤ



ਡਾ.ਕਰਮਜੀਤ ਸਿੰਘ
91-98763-23862

ਪੰਜਾਬ ਦੀਆਂ ਤੀਆਂ ਕਿਸੇ ਵੀ ਦੇਵੀ ਦੇਵਤੇ ਨਾਲ ਸਬੰਧ ਨਹੀਂ ਰੱਖਦੀਆਂ, ਭਾਵੇਂ ਮੂਲ ਰੂਪ ਵਿਚ ਇਸਦਾ ਸਬੰਧ ਪਾਰਬਤੀ ਸਭਿਆਚਾਰਕ ਮਿੱਥ ਨਾਲ ਜਾ ਜੁੜਦਾ ਹੈ। ਭਾਰਤ ਵਿਚ ਤੀਜ ਦੇ ਤਿਉਹਾਰਾਂ ਉਪਰ ਸੰਖੇਪ ਵਿਚਾਰ ਤੋਂ ਬਾਅਦ ਅਸੀਂ ਪੰਜਾਬ ਦੀਆਂ ਤੀਆਂ ਦਾ ਮਹੱਤਵ ਸਮਝ ਸਕਾਂਗੇ। ਅਸਲ ਵਿਚ ਪੰਜਾਬ ਦੀ ਤੀਜ ਨੂੰ ਹੀ ਹਰਿਆਲੀ ਤੀਜ ਕਿਹਾ ਜਾਂਦਾ ਹੈ, ਜਿਸ ਉਪਰ ਆਮ ਤੌਰ ਤੇ ਹਰੇ ਕੱਪੜੇ ਪਾਏ ਜਾਂਦੇ ਹਨ। ਕੁਝ ਅਨੁਸਾਰ ਪੀਲੇ ਪਰ ਪੀਲੇ ਬਸੰਤ ਲਈ ਰਾਖਵੇਂ ਹਨ। ਇਕ ਤਰ੍ਹਾਂ ਨਾਲ ਤੀਜ ਬਰਸਾਤ ਦੇ ਮੌਸਮ ਨੂੰ ਮਾਨਣ ਦਾ ਤਿਉਹਾਰ ਹੈ। ਨਾਲ ਹੀ ਵਿਆਹੀਆਂ ਦਾ ਤਿਉਹਾਰ ਹੈ। ਕੁਝ ਪੰਜਾਬੀ ਵਿਦਵਾਨਾਂ ਨੇ ਇਸਨੂੰ ਰਾਜਸਥਾਨ ਦੇ ਗੌਰੀ ਤ੍ਰਿਤਿਆ ਨਾਲ ਜੋੜਨ ਦੀ ਭੁੱਲ ਕੀਤੀ ਹੈ। ਪਰ ਗੌਰੀ ਤ੍ਰਿਤਿਆ ਚੇਤ ਦੀ ਪਹਿਲੀ ਤੋਂ ਲੈ ਕੇ ਅਠਾਰਾਂ ਦਿਨ ਤੱਕ ਮਨਾਇਆ ਜਾਂਦਾ ਹੈ। ਇਹ ਹੋਲੀ ਤੋਂ ਬਾਅਦ ਆਉਂਦਾ ਹੈ। ਇੱਥੇ ਸ਼ਿਵ-ਗੌਰੀ ਜਾਂ ਈਸਰ ਗੌਰੀ ਦੀਆਂ ਮਿੱਟੀ ਦੀਆਂ ਮੂਰਤੀਆਂ ਬਣਾਈਆਂ ਜਾਂਦੀਆਂ ਹਨ। ਇਸੇ ਤਰ੍ਹਾਂ ਇਕ ਹੋਰ ਪਰਵ ਨੂੰ ਵੀ ਗੌਰੀ ਤ੍ਰਿਤੀਆ ਕਿਹਾ ਜਾਂਦਾ ਹੈ ਜੋ ਚੇਤਰ ਦੇ ਚਾਨਣ ਪੱਖ ਦੀ ਤੀਜੀ ਤਿਥੀ ਤੋਂ ਲੈ ਕੇ ਵਿਸਾਖ ਦੇ ਚਾਨਣ ਪੱਖ ਦੀ ਤੀਜ ਤਿਥੀ ਤੱਕ ਪੂਰਾ ਇਕ ਮਹੀਨਾ ਚਲਦਾ ਹੈ। ਦੱਖਣ ਵਿਚ ਇਹ ਉਤਸਵ ਕੇਥਾਰਾ ਗੌਰੀ ਵ੍ਰਿਤਮ ਨਾਮ ਨਾਲ ਦੀਵਾਲੀ ਤੋਂ ਬਾਅਦ ਨਵੇਂ ਚੰਦ ਨਾਲ ਮਨਾਇਆ ਜਾਂਦਾ ਹੈ। "ਗੌਰੀ ਹੱਬਾ" ਭਾਦੋਂ ਦੇ ਚਾਨਣੀ ਪੱਖ ਦੀ ਸੱਤਵੀਂ ਅੱਠਵੀਂ ਅਤੇ ਨੌਵੀਂ ਤਿਥੀ ਨੂੰ ਮਨਾਇਆ ਜਾਂਦਾ ਹੈ। ਇਉਂ ਇਕ ਤੱਥ ਸਰਵ ਪ੍ਰਵਾਨਿਤ ਹੈ ਕਿ ਇਹ ਸਾਰੇ ਤਿਉਹਾਰ ਦੇਸੀ ਮਹੀਨੇ ਦੇ ਚਾਨਣ ਪੱਖ ਵਿਚ ਮਨਾਏ ਜਾਂਦੇ ਹਨ। ਦੂਜੇ ਬਹੁਤੇ ਵਿਆਹੀਆਂ ਵਰੀਆਂ ਔਰਤਾਂ ਨਾਲ ਜੁੜੇ ਹੋਏ ਹਨ। ਕਿਤੇ ਇਹ ਫਸਲਾਂ ਦੇ ਤਿਉਹਾਰ ਵਜੋਂ ਵੀ ਮਨਾਏ ਜਾਂਦੇ ਹਨ।

ਪੰਜਾਬ ਵਿਚ ਤੀਆਂ ਦਾ ਤਿਉਹਾਰ ਸਾਉਣ ਮਹੀਨੇ ਦੇ ਚਾਨਣ ਪੱਖ ਦੀ ਤੀਜ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਪੂਰੇ ਤੇਰਾਂ ਦਿਨ ਮਨਾਇਆ ਜਾਂਦਾ ਹੈ। ਤੀਆਂ ਤੋਂ ਪਹਿਲਾਂ ਪਹਿਲਾਂ ਭਰਾ ਵਿਆਹੀਆਂ ਭੈਣਾਂ ਨੂੰ ਘਰ ਲੈ ਆਉਂਦੇ ਹਨ। ਜੋ ਨਹੀਂ ਆ ਸਕਦੀਆਂ ਉਹਨਾਂ ਲਈ 'ਸੰਧਾਰਾ' ਭੇਜਿਆ ਜਾਂਦਾ ਹੈ। 'ਸੰਧਾਰਾ' ਜਾਂ ਸੰਧਉਰਾ ਦਾ ਅਰਥ ਸੰਧੂਰ ਹੈ ਜੋ ਵਿਆਹੇ ਹੋਣ ਦੀ ਨਿਸ਼ਾਨੀ ਹੈ, ਜਿਸਨੂੰ ਸਿਰ ਦੇ ਚੀਰ ਵਿਚ ਪਾਇਆ ਜਾਂਦਾ ਹੈ। ਪਰ ਸੰਧਾਰੇ ਵਿਚ ਕੇਵਲ ਸੰਧੂਰ ਹੀ ਨਹੀਂ ਹੁੰਦਾ ਸਗੋਂ ਕਪੜੇ, ਸ਼ਿੰਗਾਰ ਦਾ ਸਾਰਾ ਸਮਾਨ ਅਤੇ ਗਹਿਣਾ-ਗੱਟਾ ਵੀ ਹੁੰਦਾ ਹੈ। ਵਿਆਹ ਬਾਅਦ ਪਹਿਲੀ ਤੀਜ ਕੁੜੀਆਂ ਮਾਪਿਆਂ ਦੇ ਘਰ ਮਨਾਉਂਦੀਆਂ ਹਨ। ਕੁੜੀਆਂ ਖੁੱਲ੍ਹੀਆਂ ਥਾਵਾਂ ਵਿਚ ਬੋਹੜਾਂ ਪਿੱਪਲਾਂ ਉਪਰ ਪੀਂਘਾਂ ਪਾਉਂਦੀਆਂ ਹਨ। ਇੱਥੇ ਹੀ ਗਿੱਧੇ ਦਾ 'ਪਿੜ' ਬੱਝਦਾ ਹੈ। ਪੀਂਘਾਂ ਝੂਟਣਾ ਇਕ ਤਰ੍ਹਾਂ ਨਾਲ ਸ਼ਗਨ ਵੀ ਮੰਨਿਆ ਜਾਂਦਾ ਹੈ ਪਰ ਜਵਾਨ ਕੁੜੀਆਂ ਏਨੀ ਉਚੀ ਪੀਂਘਾਂ ਹੰਘਾਉਂਦੀਆਂ ਹਨ ਕਿ ਬੋਹੜਾਂ, ਪਿੱਪਲਾਂ ਦੇ ਪੱਤਿਆਂ ਤੱਕ ਜਾ ਪਹੁੰਚਦੀਆਂ ਹਨ। ਕੁਝ ਪੱਤੇ ਤੋੜ ਲਿਆਉਂਦੀਆਂ ਹਨ ਜਿਹਨਾਂ ਨੂੰ 'ਸੱਸ ਦਾ ਚੂੰਡਾ ਪੁੱਟਣਾ' ਵੀ ਕਿਹਾ ਜਾਂਦਾ ਹੈ। ਸੱਸਾਂ ਤੋਂ ਦੂਰ ਅਜਿਹਾ ਕਰਨ ਦਾ ਕੋਈ ਮਿਹਣਾ ਵੀ ਨਹੀਂ ਹੈ। ਤੇਰਾਂ ਦਿਨ ਪੂੜੇ, ਗੁਲਗੁਲੇ, ਖੀਰਾਂ ਤੇ ਪਕਵਾਨ ਪੱਕਦੇ ਹਨ ਤੇ ਖਾਧੇ ਜਾਂਦੇ ਹਨ।

ਗਿੱਧੇ ਦੇ ਪਿੜ ਵਿਚ ਕੇਵਲ ਤੇ ਕੇਵਲ ਔਰਤਾਂ ਹੀ ਸ਼ਾਮਲ ਹੁੰਦੀਆਂ ਹਨ ਤੇ ਕੁਦਰਤੀ ਹੈ ਕਿ ਜਿਵੇਂ ਮੁੰਡਿਆਂ ਦੇ ਅਖਾੜੇ ਵਿਚ ਲੁੱਚੀਆਂ ਬੋਲੀਆਂ ਤੱਕ ਪਾਈਆਂ ਜਾਂਦੀਆਂ ਹਨ, ਇਵੇਂ ਹੀ ਔਰਤਾਂ ਬੋਲੀਆਂ ਅਤੇ ਸਾਂਗਾਂ ਰਾਹੀਂ ਆਪਣੇ ਜਿਨਸੀ ਮਨੋਭਾਵਾਂ ਨੂੰ ਖੁੱਲ੍ਹ ਕੇ ਪ੍ਰਗਟਾਉਂਦੀਆਂ ਹਨ। ਜੇ ਕੋਈ ਮੁੰਡਾ/ਮਰਦ ਗਲਤੀ ਨਾਲ ਵੀ ਉਧਰ ਆ ਜਾਵੇ ਤਾਂ ਉਸਦੀ ਭੁਗਤ ਸੁਆਰੀ ਜਾਂਦੀ ਹੈ। ਕਈ ਥਾਈਂ ਭਾਈਚਾਰਾ ਮੁੰਡਿਆਂ ਕੁੜੀਆਂ ਨੂੰ ਇਕੱਠੇ ਹੋ ਕੇ ਵੀ ਅਜਿਹਾ ਕਰਨ ਦੀ ਇਜਾਜ਼ਤ ਦਿੰਦਾ ਹੈ, ਪਰ ਤੀਆਂ ਵਿਚ ਔਰਤ ਦੀ ਸਰਦਾਰੀ ਹੁੰਦੀ ਹੈ। ਪੂਰੇ ਪਿੰਡ ਦੀਆਂ ਔਰਤਾਂ ਇਕ ਜਾਂ ਵਾਧੂ ਪਿੜ ਮੱਲ ਕੇ ਗਿੱਧੇ ਵਿਚ ਬੋਲੀਆਂ ਦੀ ਛਹਿਬਰ ਲਾਉਂਦੀਆਂ ਹਨ। ਪੂਰਾ ਪਿੰਡ ਤੇਰਾਂ ਦਿਨ ਜਸ਼ਨਾਂ ਵਿਚ ਡੁੱਬ ਜਾਂਦਾ ਹੈ।



ਪੁੰਨਿਆ ਵਾਲੇ ਦਿਨ ਬੱਲੋ ਪਾਈ ਜਾਂਦੀ ਹੈ। ਜੇ ਇਹ ਸ਼ਬਦ ਬਲਾਉ ਤੋਂ ਬਣਿਆ ਹੈ ਤਾਂ ਇਸਦਾ ਅਰਥ ਕਾਹਨ ਸਿੰਘ ਨਾਭਾ ਅਨੁਸਾਰ ਹੈ 'ਬਲ ਛਲ਼' ਹੈ। ਬੱਲੋ ਵਿਚ ਵਿਆਹ ਰਚਾਉਣ ਦਾ ਨਾਟਕ ਕੀਤਾ ਜਾਂਦਾ ਹੈ ਜਿਸ ਵਿਚ ਵਲ ਛਲ ਦੀ ਪ੍ਰਧਾਨਤਾ ਹੈ। ਗਿਆਨੀ ਗੁਰਦਿੱਤ ਸਿੰਘ ਅਨੁਸਾਰ, "ਇਕ ਕੁੜੀ ਨੂੰ ਲਾੜੀ, ਦੂਜੀ ਨੂੰ ਲਾੜਾ ਬਣਾ ਕੇ ਚੰਗੇ ਵਿਆਹ ਵਾਲੀਆਂ ਦੀਆਂ ਪੂਰੀਆਂ ਰਸਮਾਂ ਰੀਤਾਂ ਕੀਤੀਆਂ ਜਾਂਦੀਆਂ ਹਨ। ਜੰਞ ਦੇ ਢੁਕਾਉ ਵੇਲੇ ਕੁੜੀਆਂ ਦੀ ਇਕ ਢਾਣੀ ਮੂੰਹ ਨਾਲ ਵਾਜੇ ਵਜਾਉਂਦੀ ਜੰਞ ਮੂਹਰੇ ਨੱਚਦੀ ਟੱਪਦੀ ਜਾਂਦੀ ਹੈ। ਢੁਕਾ ਹੋਣ ਵੇਲੇ ਪੈਸਿਆਂ ਟਕਿਆਂ ਦੀ ਥਾਂ ਠੀਕਰੀਆਂ ਦੇ ਗੋਲ਼ ਮੋਲ਼ ਬਣਾਏ ਟਹੂਆਂ ਦੀ ਸਿੱਟ (ਸੋਟ) ਕੀਤੀ ਜਾਂਦੀ ਹੈ। "ਵਿਆਹ ਦੀਆਂ ਰਸਮਾਂ ਪਿੱਛੋਂ ਜੰਞ ਦੀ ਵਿਦਾਇਗੀ ਵੇਲੇ ਪੈਸਿਆਂ ਦੀ ਥਾਂ ਠੀਕਰੀਆਂ ਰੋੜ ਸ਼ਗਨਾਂ ਭਰੇ ਡੋਲ੍ਹੇ ਉਤੋਂ ਦੀ ਸੁੱਟੇ ਜਾਂਦੇ ਹਨ। ਇਹਨਾਂ ਠੀਕਰੀਆਂ ਨੂੰ ਹੱਲੇ ਨਾਲ ਚੁਗਣ ਨੂੰ 'ਤੀਆ ਲੁੱਟਣਾ' ਕਿਹਾ ਜਾਂਦਾ ਹੈ। "ਕੁੜੀਆਂ ਦੀ ਇਕ ਢਾਣੀ ਡਾਂਗਾਂ ਤੇ ਹਥਿਆਰ ਲੈ ਕੇ ਡਾਕੂਆਂ ਵਾਂਗ ਜੰਞ ਦਾ ਰਾਹ ਰੋਕਣ ਲਈ ਪਹਿਲਾਂ ਹੀ ਤਿਆਰ ਖੜ੍ਹੀ ਹੁੰਦੀ ਹੈ। ਜੰਞ ਤੋਂ ਡੋਲਾ ਖੋਹ ਲੈਣਾ, ਜਾਂ ਲੁੱਟ ਮਚਾ ਦੇਣੀ, ਇਹ ਤੀਆਂ ਦੀ ਅੰਤਿਮ ਰਸਮ ਹੈ।"

(ਮੇਰਾ ਪਿੰਡ, ਪੰਨਾ, 226-27)

ਇਸ ਨਾਟਕ ਦਾ ਪਹਿਲਾ ਹਿੱਸਾ ਤਾਂ ਵਿਆਹ ਦਾ ਹੀ ਰੂਪ ਹੈ। ਪਰ ਦੂਸਰਾ ਹਿੱਸਾ ਡੋਲ਼ਾ ਲੁੱਟਣ ਨਾਲ ਸਬੰਧਤ ਹੈ। ਇਸ ਹਿੱਸੇ ਨੂੰ ਕੁਝ ਲੇਖਕਾਂ ਨੇ ਅਬਦਾਲੀ ਦੇ ਹੱਲਿਆਂ ਨਾਲ ਜੋੜਿਆ ਹੈ, ਪਰ ਇਹ ਕਬੀਲਾਈ ਲੜਾਈਆਂ ਦਾ ਰੂਪ ਲੱਗਦਾ ਹੈ ਜਿਸ ਉਪਰ ਹੋਰ ਵਿਚਾਰ ਕੀਤੀ ਜਾ ਸਕਦੀ ਹੈ।

ਸਉਣ ਵਿਚ ਸਉਣ ਦੇ ਲੰਮੇ ਗਾਉਣ ਵੀ ਗਾਏ ਜਾਂਦੇ ਹਨ ਤੇ ਗਿੱਧੇ ਦੇ ਪਿੜ ਵਿਚ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ। ਗੀਤਾਂ ਦਾ ਵਿਸ਼ਾ ਬਿਰਹਾ ਹੈ। ਜੇ ਪਤੀ ਤੋਂ ਦੂਰ ਪਤਨੀ ਦਾ ਬਿਰਹਾ ਹੈ ਤਾਂ ਮੇਲ਼ ਵੀ ਹੈ ਜੋ ਖੁਸ਼ੀ ਦਾ ਕਾਰਣ ਵੀ ਹੈ। ਇੱਥੇ ਇਕ ਗੀਤ ਦੇ ਕੁਝ ਬੋਲ ਸਾਂਝੇ ਕੀਤੇ ਜਾ ਸਕਦੇ ਹਨ।

ਚੁਣ ਚੁਣ ਮੋਤੀ ਦਾਲ ਰਿੰਨਾਂ ਨੀ ਮੈਂ,
ਲੌਂਗਾਂ ਦਾ ਤੜਕਾ ਮੈਂ ਲਾਵਾਂ, ਬਾਰੀਂ ਵਰੀਏਂ ਘਰ ਸ਼ਾਮ ਆਇਆ।
ਕੱਢ ਕਲ਼ੇਜਾ ਆਟਾ ਗੁੰਨਾਂ ਨੀ ਮੈਂ
ਦਿਲ ਦਾ ਤੰਦੂਰ ਤਪਾਵਾਂ, ਬਾਰੀ ਵਰੀਏ ਘਰ ਸ਼ਾਮ ਆਇਆ...
ਇਕ ਖਾਵੀਂ ਵੇ ਤੂੰ ਦੂਜੀ ਖਾਵੀਂ,
ਮੇਰੀ ਤੀਜੀ ਨੂੰ ਹੱਥ ਨਾ ਲਾਵੀਂ, ਬਾਰੀ.....
ਇਕ ਅਰਜ ਮੰਨੀ ਕਾਲੀ ਬਦਲੀ ਨੇ,
ਨੀ ਉਹ ਜਾਏ ਬਰਸੀ ਅੰਬੇ ਹੇਠ ਬਾਰੀਂ ....
ਚੱਕ ਮੰਜੀ ਨੀ ਉਹ ਘਰ ਨੂੰ ਆਇਆ,
ਕੁੰਡਾ ਖੋਲ੍ਹ ਦੇ ਕਪੱਤੀਏ ਨਾਰੇ, ਬਾਰੀਂ .....
ਇਕ ਅਰਜ ਮੰਨੀ ਕਾਲ਼ੀ ਬਦਲੀ ਨੇ,
ਮੇਰਾ ਰੁੱਠੜਾ ਸ਼ਾਮ ਮੰਨਾਇਆ...
ਬਾਰੀਂ ਵਰ੍ਹੀਏਂ ਘਰ ਸ਼ਾਮ ਆਇਆ।

ਇਕ ਅੱਧ ਲੇਖਕ ਨੇ ਕਿਹਾ ਹੈ ਕਿ ਬੱਲੋ ਦੇ ਗਿੱਧੇ ਵਿਚ ਇਕ-ਤੁਕੀਆਂ ਬੋਲੀਆਂ ਹੀ ਪਾਈਆਂ ਜਾਂਦੀਆਂ ਹਨ ਪਰ ਇਸ ਵਿਚ ਕੋਈ ਸੱਚਾਈ ਨਹੀਂ। ਲੰਮੀਆਂ, ਦੋ-ਤੁਕੀਆਂ, ਇਕ-ਤੁਕੀਆਂ ਹਰ ਤਰ੍ਹਾਂ ਦੀਆਂ ਬੋਲੀਆਂ ਹੁੰਦੀਆਂ ਹਨ। ਬੋਲੀਆਂ ਦਾ ਵਿਸ਼ਾ ਉਹੀ ਹੁੰਦਾ ਹੈ ਜੋ ਬਾਕੀ ਲੋਕ ਗੀਤਾਂ ਦਾ ਹੁੰਦਾ ਹੈ। ਸਹੁਰੇ ਘਰ ਦੇ ਜੀਆਂ ਦੀ ਬਦਖੋਈ, ਔਰਤ-ਮਰਦ ਦਾ ਪਿਆਰ, ਪ੍ਰੇਮੀ, ਦਿਓਰ ਤੇ ਹੋਰ ਰਿਸ਼ਤੇ। ਮਨ ਦੇ ਜਿਨਸੀ ਭਾਵਾਂ ਦਾ ਪ੍ਰਗਟਾ ਇੱਥੇ ਨਿ-ਸੰਗਤਾ ਨਾਲ ਕੀਤਾ ਜਾਂਦਾ ਹੈ। ਕੁਝ ਬੋਲੀਆਂ ਇੱਥੇ ਦੇਣੀਆਂ ਸ਼ਾਇਦ ਜ਼ਰੂਰੀ ਹਨ।

1. ਦੁਆਬੇ ਦੀ ਮੈਂ ਜੰਮੀ ਜਾਈ, ਜੰਗਲ ਵਿਚ ਵਿਆਹੀ।
ਡਾਰ ਵਿਛੁੰਨੀ ਕੂੰਜ ਮੈਂ ਭੈਣੋਂ, ਜੰਗ ਨੂੰ ਗਿਆ ਮੇਰਾ ਮਾਹੀ।
ਹਰ ਦਮ ਨੀਰ ਵੱਗੇ ਮੇਰੀ ਅੱਖੀਂ, ਔਣ ਦੀ ਚਿੱਠੀ ਨਾ ਪਾਈ।
ਆ ਜਾ ਸਿਪਾਹੀਆ ਵੇ ਜਿੰਦੜੀ ਘੋਲ ਘੁਮਾਈ।

2. ਨੌਕਰ ਨੂੰ ਨਾ ਦੇਈਂ ਬਾਬਲਾ, ਹਾਲ਼ੀ ਪੁੱਤ ਬਥੇਰੇ।
ਨੌਕਰ ਪੁੱਤ ਤਾਂ ਘਰ ਨਹੀਂ ਰਹਿੰਦੇ ਵਿਚ ਪਰਦੇਸਾਂ ਡੇਰੇ।
ਨੌਕਰ ਨਾਲੋਂ ਐਵੇਂ ਚੰਗੀ ਦਿਨ ਕੱਟ ਲਊਂ ਘਰ ਤੇਰੇ।
ਮੈਂ ਤੈਨੂੰ ਵਰਜ ਰਹੀ ਦੇਈਂ ਨਾ ਬਾਬਲਾ ਫੇਰੇ।

3. ਸਾਉਣ ਮਹੀਨੇ ਦਿਨ ਵੇ ਗਿੱਧੇ ਦੇ,
ਸਭੇ ਸਹੇਲੀਆਂ ਆਈਆਂ।
ਭਿੱਜ ਗਈ ਰੂਹ ਮਿੱਤਰਾ,
ਸ਼ਾਮ ਘਟਾ ਚੜ੍ਹ ਆਈਆਂ।

4. ਹਾੜ ਮਹੀਨੇ ਬੋਲਣ ਚਿੜੀਆਂ, ਸਾਉਣ ਮਹੀਨੇ ਕੋਲਾਂ
ਦਿਲ ਤੋਲੇਂ ਤੂੰ ਝੁਕਦੇ ਪਲੜੇ, ਮੈਂ ਝੁਕਦੇ ਨਾ ਤੋਲਾਂ,
ਗਿੱਧੇ ਵਿਚ ਤੈਂ ਲਾਈ ਛਹਿਬਰ, ਕਿਵੇਂ ਮੈਂ ਤੈਨੂੰ ਮੋਹ ਲਾਂ
ਸੁਣ ਲੈ ਹੀਰੇ ਨੀ ਦਿਲ ਦੀਆਂ ਘੁੰਡੀਆਂ ਖੋਲ੍ਹਾਂ।

5. ਖੜੋਤੀ ਕੁੜੀਏ, ਭਿਉਂ ਬੱਠਲਾਂ ਵਿਚ ਦਾਣਾ,
ਤੀਵੀਆਂ ਦਾ ਰਾਜ ਹੋ ਗਿਆ,
ਚੱਕੀ ਛੁੱਟ ਗਈ, ਚੁਲ੍ਹੇ ਨੇ ਛੁੱਟ ਜਾਣਾ।

ਇਸ ਤਰ੍ਹਾਂ ਦੀਆਂ ਹਜ਼ਾਰਾਂ ਬੋਲੀਆਂ, ਗੀਤ ਤੀਆਂ ਨਾਲ ਸਬੰਧਤ ਹਨ।

ਸਾਲ ਬਾਅਦ ਆਉਂਦਾ ਤੀਆਂ ਦਾ ਇਹ ਤਿਉਹਾਰ ਸੈਂਕੜੇ ਸਾਲਾਂ ਤੱਕ ਕੁੜੀਆਂ ਨੂੰ ਹੁਲਾਰੇ ਦਿੰਦਾ ਰਿਹਾ ਹੈ। ਉਹਨਾਂ ਨੂੰ ਮਨ ਦੀਆਂ ਕਹਿਣ ਦਾ ਮੌਕਾ ਦਿੰਦਾ ਰਿਹਾ ਹੈ।

ਪਰ ਅਜੋਕੇ ਸਮੇਂ ਵਿਚ ਥੋੜ੍ਹੀ ਦੇਰ ਖੜੋਤ ਆਉਣ ਤੋਂ ਬਾਅਦ ਇਹ ਤਿਉਹਾਰ ਦੁਨੀਆਂ ਭਰ ਦੇ ਪੰਜਾਬੀਆਂ ਲਈ ਨਵਾਂ ਰੂਪ ਧਾਰ ਕੇ ਸਾਹਮਣੇ ਆਇਆ ਹੈ। ਲੋਹੜੀ ਤੋਂ ਬਾਅਦ ਇਹ ਦੂਜਾ ਤਿਉਹਾਰ ਹੈ ਜਿਸ ਨੂੰ ਸੰਪਰਦਾਇਕਤਾ ਜਾਂ ਧਰਮ ਨੇ ਨਹੀਂ ਪੋਹਿਆ। ਇਸੇ ਲਈ ਇਹ ਸਾਂਝਾ ਮਾਨਵੀ ਤਿਉਹਾਰ ਹੈ ਜਿਸਨੂੰ ਬਚਾਅ ਕੇ ਰੱਖਣਾ ਹਰ ਪੰਜਾਬੀ ਦਾ ਫਰਜ਼ ਹੈ।

**# ਸਾਬਕਾ ਚੇਅਰਮੈਨ ਤੇ ਪ੍ਰੋਫੈਸਰ**
**ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।**

## ਹਿੰਦੀ ਕਹਾਣੀ / ਸੂਰਜ ਬੜਤੀਆ

# ਕਾਮਰੇਡ ਦਾ ਬਕਸਾ

ਪ੍ਰੰਤੂ ਸੰਗਠਨ ਅਤੇ ਪਾਰਟੀ ਦੇ ਲੋਕਾਂ ਨਾਲ ਅਜਿਹੇ ਮੁੱਦਿਆਂ 'ਤੇ ਉਹ ਗੱਲ-ਬਾਤ ਜ਼ਰੂਰ ਕਰਦਾ। ਮੀਟਿੰਗ 'ਚ ਅਜਿਹੇ ਸਵਾਲਾਂ ਨੂੰ ਜ਼ਰੂਰ ਉੱਠਾਉਂਦਾ। ਕਦੀ-ਕਦੀ ਪਾਰਟੀ ਦੇ ਅੰਦਰ ਇੰਨਾਂ ਮਾਮਲਿਆਂ ਨੂੰ ਲੈ ਕੇ ਪ੍ਰਦਰਸ਼ਨ ਅਤੇ ਅੰਦੋਲਨ ਦੀਆਂ ਗੱਲਾਂ ਵੀ ਹੁੰਦੀਆਂ, ਯੋਜਨਾਵਾਂ ਬਣਦੀਆਂ ਪਰ ਉਹ ਪ੍ਰਦਰਸ਼ਨ ਅਤੇ ਅੰਦੋਲਨ ਕਦੋਂ ਹੋਣੇ ਸਨ, ਇਸ ਦੀ ਜਾਣਕਾਰੀ ਜਤਿਨ ਨੂੰ ਕਦੀ ਵੀ ਨਹੀਂ ਸੀ ਮਿਲੀ। ਜਤਿਨ ਇਸ 'ਤੇ ਚੁੱਪ ਨਹੀਂ ਬੈਠਦਾ ਸੀ। ਸੰਗਠਨ ਦੀ ਮੀਟਿੰਗ 'ਚ ਉਹ ਜਾਤ 'ਤੇ ਫਿਰ ਤੋਂ ਸੋਚਣ ਲਈ ਬਹਿਸ ਕਰਦਾ। ਉਸ ਨੂੰ ਹਰ ਗੱਲ ਬਹੁਤ ਤਕਲੀਫ਼ ਦਿੰਦੀ ਸੀ ਕਿ ਉਹ ਹੀ ਕਿਉਂ ਹਰ ਵਾਰ ਜਾਤ ਦੇ ਸਵਾਲ ਨੂੰ ਉਠਾਉਂਦਾ ਹੈ, ਉਸ 'ਤੇ ਬਹਿਸ ਕਰਦਾ ਹੈ। ਉਹ ਤਲਖ਼ ਹੋ ਸੋਚਦਾ, ਦੂਸਰੀ ਜਾਤ ਦੇ ਕਾਮਰੇਡਾਂ ਲਈ ਜਾਤੀ ਅੱਤਿਆਚਾਰ, ਭੇਦਭਾਵ ਦੇ ਮੁੱਦੇ ਕਿਉਂ ਨਹੀਂ ਬਣ ਸਕੇ।

? ਕੀ ਇਹ ਸਿਰਫ ਉਸ ਦੀ ਹੀ ਪ੍ਰੇਸ਼ਾਨੀ ਹੈ- ਉਸ ਦੇ ਹੀ ਸਵਾਲ ਹਨ....? ਇਸੇ ਦੌਰਾਨ ਉਸ ਨੇ ਮੈਕਸਿਮ ਗੋਰਕੀ ਦਾ 'ਮਾਂ' ਨਾਵਲ ਪੜ੍ਹਿਆ। ਇਸ ਨਾਵਲ ਨੇ ਜਤਿਨ ਦੀ ਪੂਰੀ ਜ਼ਿੰਦਗੀ ਨੂੰ ਹੀ ਬਦਲ ਕੇ ਰੱਖ ਦਿੱਤਾ। ਇਸ ਨਾਵਲ ਦੇ ਪਾਤਰ ਪਾਵੇਲ ਨੇ ਜਤਿਨ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ। 'ਮਾਂ' ਨਾਵਲ ਦੀ ਪਾਤਰ ਮਾਂ ਨਿਲੋਵਨਾ ਉਸਨੂੰ ਆਪਣੇ ਪਿਤਾ ਜੀ ਵਰਗੀ ਲੱਗੀ ਸੀ ਇਕਦਮ। ਉਸ ਨੇ ਮਨ ਹੀ ਮਨ ਤੈਅ ਕੀਤਾ ਕਿ ਉਹ ਪੂਰੀ ਤਰਾਂ ਨਾਲ ਪਾਰਟੀ ਦਾ ਕੰਮ ਕਰੇਗਾ ਬਸ...।

ਆਪਣੇ ਇਰਾਦੇ ਨੂੰ ਪੱਕਾ ਕਰਕੇ ਉਹ ਉਸ ਦਿਨ ਪਿਤਾ ਜੀ ਨਾਲ ਇਸ ਮੁੱਦੇ ਉੱਤੇ ਗੱਲ-ਬਾਤ ਕਰਨਾ ਚਾਹੁੰਦਾ ਸੀ ਕਿ ਅਚਾਨਕ ਪਿਤਾ ਜੀ ਦੀ ਤਬੀਅਤ ਕੁਝ ਜਿਆਦਾ ਹੀ ਵਿਗੜ ਗਈ। ਜਦੋਂ ਉਹ ਘਰ ਪਹੁੰਚਿਆ ਤਾਂ ਮਾਂ ਅਤੇ ਨੀਲੂ ਰੋ ਰਹੇ ਸੀ। ਪਿਤਾ ਜੀ ਪਲੰਗ 'ਤੇ ਚਾਦਰ ਲੈ ਕੇ ਪਏ ਹੋਏ ਸਨ। ਘਬਰਾ ਗਿਆ ਸੀ ਜਤਿਨ ਕੀ ਕਰੇ... ? ਉਸ ਨੇ ਨੇੜੇ ਦੇ ਡਾਕਟਰ ਨੂੰ ਬੁਲਾਇਆ। ਉਹ ਦਵਾਈ ਦੇ ਕੇ ਚਲਾ ਗਿਆ ਪ੍ਰੰਤੂ ਉਹ ਇਹ ਵੀ ਕਹਿ ਗਿਆ- "ਅੱਜ ਜਾਨ ਦਾ ਖ਼ਤਰਾ ਹੈ ...। ਹਾਰਟ ਅਟੈਕ ਹੋਇਆ ਹੈ..। ਖ਼ਿਆਲ ਰੱਖਣਾ...। ਰਾਤ ਕਿਸੇ ਤਰ੍ਹਾਂ ਲੰਘ ਗਈ ਤਾਂ ਕੱਲ੍ਹ ਤੱਕ ਸਭ ਕੁਝ ਠੀਕ ਹੋ ਜਾਵੇਗਾ।" ਇਹ ਸੁਣਕੇ ਜਤਿਨ ਘਬਰਾਅ ਗਿਆ ਸੀ। ਉਹ ਪਿਤਾ ਜੀ ਨੂੰ ਲੈ ਕੇ ਹਸਪਤਾਲ ਦੌੜਿਆ। ਸਾਰੀ ਰਾਤ ਮਾਂ ਅਤੇ ਨੀਲੂ ਪਿਤਾ ਜੀ ਕੋਲ ਹੀ ਰਹੇ ਸੀ। ਪਿਤਾ ਜੀ ਦੀ ਛਾਤੀ 'ਚ ਬਹੁਤ ਤਕਲੀਫ਼ ਹੋ ਰਹੀ ਸੀ। ਉਹ ਨੀਲੂ ਦਾ ਹੱਥ ਆਪਣੀ ਛਾਤੀ 'ਤੇ ਰੱਖ ਕੇ ਪਲੋਸਦਾ ਰਿਹਾ ਸੀ। ਉਹਨਾਂ ਨੇ ਜਤਿਨ ਨੂੰ ਕਿਹਾ ਸੀ। "ਮਾਂ ਅਤੇ ਨੀਲੂ ਦਾ ਖ਼ਿਆਲ ਰੱਖਣਾ ਬੇਟਾ...।" ਮਾਂ ਰੋ ਰਹੀ ਸੀ। ਨੀਲੂ ਨੇ ਰੋਦੇਂ ਹੋਏ ਕਿਹਾ ਸੀ - "ਤੁਸੀਂ ਠੀਕ ਹੋ ਜਾਓਂਗੇ ਪਿਤਾ ਜੀ, ਸਵੇਰੇ ਅਸੀਂ ਘਰ ਚਲੇ ਜਾਵਾਂਗੇ।" ਜਤਿਨ ਭਾਰੀ ਮਨ ਨਾਲ ਸੋਚ ਰਿਹਾ ਸੀ, ਕਿਸੇ ਤਰ੍ਹਾਂ ਰਾਤ ਗੁਜ਼ਰ ਜਾਵੇ... ਪ੍ਰੰਤੂ ਰਾਤ ਕਿੱਥੇ ਲੰਘੀ ਸੀ.....। ਸਵੇਰੇ ਹੁੰਦਿਆਂ ਹੀ ਪਿਤਾ ਜੀ ਨੇ ਆਖ਼ਰੀ ਸਾਂਹ ਲਿਆ। ਉਹ ਇਕਦਮ ਸ਼ਾਂਤ ਪਏ ਸਨ ਬਿਸਤਰੇ 'ਤੇ...। ਜਤਿਨ ਨੂੰ ਵਿਸ਼ਵਾਸ ਹੀ ਨਹੀਂ ਹੋਇਆ ਸੀ ਕਿ ਪਿਤਾ ਜੀ ਹੁਣ ਕਦੀ ਵੀ ਨਹੀਂ ਉਠਣਗੇ...। ਸਭ ਪਾਸੇ ਕੋਹਰਾਮ ਮਚ ਗਿਆ ਸੀ ਪਰ ਹੁਣ ਪਿਤਾ ਜੀ ਚੁੱਪ ਸੀ। ਨੀਲੂ ਦਾ ਤਾਂ ਹੋਰ ਵੀ ਜਿਆਦਾ ਬੁਰਾ ਹਾਲ ਸੀ। ਉਹ ਕਈ ਵਾਰ ਬੇਹੋਸ਼ ਵੀ ਹੋ ਚੁੱਕੀ ਸੀ। ਉਸ ਨੂੰ ਜਦੋਂ ਵੀ ਹੋਸ਼ ਆਉਂਦਾ ਤਾਂ ਕਹਿੰਦੀ.... ਪਿਤਾ ਜੀ ਸਟੋਰੀ ਸੁਣਾਓ ਨਾ ਪਲੀਜ, ....ਅਤੇ ਚਿਲਾ ਕੇ ਫਿਰ ਬੇਹੋਸ਼ ਹੋ ਜਾਂਦੀ। ਬਹੁਤ ਸਾਰੇ 'ਆਪਣੇ ਲੋਕ' ਆਏ ਸੀ ਦੂਰ-ਦੂਰੇਡੇ ਤੋਂ। ਖ਼ਬਰ ਫ਼ੈਲ ਚੁੱਕੀ ਸੀ ਕਿ ਪਿਤਾ ਜੀ ਨਹੀਂ ਰਹੇ। ਪਿਤਾ ਜੀ ਦਾ ਬਹੁਤ ਸਨਮਾਨ ਸੀ। ਉਨ੍ਹਾਂ ਨੂੰ ਲੋਕ ਬਹੁਤ ਮੰਨਦੇ ਸੀ ਅਤੇ ਪਿਆਰ ਵੀ ਕਰਦੇ। ਕਿਸੇ ਨੂੰ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ ਕਿ ਪਿਤਾ ਜੀ ਨਹੀਂ ਰਹੇ...। ਅਚਾਨਕ ਆਈ ਮੁਸੀਬਤ ਨਾਲ ਜਤਿਨ ਦਹਿਲ ਗਿਆ ਸੀ। ਕੀ ਕਰਾਂ...? ਉਸ ਦੇ ਸਾਰੇ ਸਵਾਲਾਂ ਦੇ ਜਵਾਬ ਸੀ ਪਿਤਾ ਜੀ, ਪਰ ਹੁਣ ਕਿਸ ਨੂੰ ਪੁੱਛੇ ? ਉਹ ਕਿਵੇਂ ਖੁਦ ਨੂੰ ਸਮਝਾਵੇ ਕਿ ਪਿਤਾ ਜੀ ਨਹੀਂ ਰਹੇ। ਭਾਵਨਾਵਾਂ ਨੂੰ ਕਾਬੂ ਕਰਨ ਦੀ ਬਹੁਤ ਕੋਸ਼ਿਸ਼ ਕਰਨੀ ਪਈ ਸੀ ਉਸਨੂੰ। ਉਹ ਇਕੱਲੇਪਨ 'ਚ ਰੋ ਲੈਂਦਾ ਪ੍ਰੰਤੂ ਨੀਲੂ ਅਤੇ ਮਾਂ ਨੂੰ ਸਮਝਾਉਂਦਾ। ਦੂਰ ਜਾਣ 'ਤੇ ਕੋਲ ਨਾ ਹੋਣ ਦਾ ਖਿਆਲ ਕਰਕੇ ਜਿਆਦਾ ਦੁੱਖ ਹੁੰਦਾ....।ਹੁਣ ਪਰਿਵਾਰ ਕਿਵੇਂ ਚੱਲੇਗਾ...? ਇਕ ਨਵੀਂ ਸਮੱਸਿਆ ਨੇ ਜਤਿਨ ਨੂੰ ਆ ਕੇ ਘੇਰ ਲਿਆ ਸੀ। ਕਿਥੇ ਉਹ ਪਾਰਟੀ ਦਾ 'ਹੋਲ ਟਾਇਮਰ' ਬਣਨਾ ਚਾਹੁੰਦਾ ਸੀ, ਆਪਣੇ ਸੁਪਨਿਆਂ ਦੀ ਉਡਾਣ.... ਇਛਾਵਾਂ... ਜਿਵੇਂ ਸਭ ਕੁਝ ਖਤਮ ਹੋ ਗਿਆ ਹੋਵੇ। ਉਸਨੂੰ ਅਜਿਹਾ ਲੱਗਦਾ..।



ਅਨੁਵਾਦ/ ਮਨੋਹਰ ਲਾਲ
+91-99141-91857

ਸਭ ਤੋਂ ਪਹਿਲਾ ਉਸਨੇ ਪਿਤਾ ਜੀ ਦੀ ਪੈਂਨਸ਼ਨ ਸ਼ੁਰੂ ਕਰਵਾਉਣ ਦੀ ਕਵਾਇਦ ਸ਼ੁਰੂ ਕੀਤੀ ਪ੍ਰੰਤੂ ਪੈਨਸ਼ਨ ਮਿਲਣ ਦੀ ਪ੍ਰਕਿਰਿਆ ਸ਼ੁਰੂ ਹੋਣ 'ਚ ਤਾਂ ਹਾਲੇ ਸਮਾਂ ਲੱਗੇਗਾ...। ਫਿਰ ਉਹ ਕੀ ਕਰੇ... ? ਉਸ ਨੂੰ ਛੇਤੀ ਹੀ ਕੋਈ ਨੌਕਰੀ ਚਾਹੀਦੀ ਸੀ। ਜਤਿਨ ਨੇ ਪਾਰਟੀ ਦੇ ਲੋਕਾਂ ਨੂੰ ਆਪਣੀ ਸਮੱਸਿਆ ਦੱਸੀ। ਪਾਰਟੀ ਦੇ ਲੋਕਾਂ ਨੇ ਕਈ ਜਗ੍ਹਾ ਗੱਲ-ਬਾਤ ਕੀਤੀ। ਪਾਰਟੀ ਜਤਿਨ ਨੂੰ ਖੋਣਾ ਨਹੀਂ ਸੀ ਚਾਹੁੰਦੀ। ਪਾਰਟੀ ਇਸ ਗੱਲ ਨੂੰ ਸਮਝਦੀ ਸੀ ਕਿ ਜੇਕਰ ਇਸ ਸਮੇਂ ਜਤਿਨ ਦੀ ਮੱਦਦ ਨਾ ਕੀਤੀ ਗਈ ਤਾਂ ਉਹ ਇਕ ਕਿਰਿਆਸ਼ੀਲ ਅਤੇ ਪ੍ਰਤੀਬੱਧ ਮੈਂਬਰ ਖੋ ਦੇਵੇਗੀ। ਪਾਰਟੀ ਅਤੇ ਜਤਿਨ ਦੋਨਾਂ ਦੀ ਆਪਣੀ-ਆਪਣੀ ਸਮਝ ਸੀ। ਕਿਸੇ ਤਰ੍ਹਾਂ ਇਕ ਫ਼ੈਕਟਰੀ 'ਚ ਉਸਨੂੰ ਸਟਾਕ ਮੈਨੇਜ਼ਰ ਦੀ ਨੌਕਰੀ ਦਵਾ ਦਿੱਤੀ ਗਈ। ਇਸ ਨਾਲ ਪਾਰਟੀ ਨੂੰ ਇਹ ਫ਼ਾਇਦਾ ਹੋਇਆ ਕਿ ਉਥੇ ਜਤਿਨ ਨੂੰ ਮਜ਼ਦੂਰ ਯੂਨੀਅਨ ਦਾ ਕੰਮ ਸੌਂਪ ਦਿੱਤਾ ਗਿਆ ਕਿਉਂਕਿ ਉੱਥੇ ਕਾਫ਼ੀ ਫ਼ੈਕਟਰੀਆਂ ਸਨ ਅਤੇ ਪਾਰਟੀ ਸੰਗਠਨ ਦੀ ਮਜ਼ਦੂਰ ਯੂਨੀਅਨ ਉਥੇ ਬਹੁਤ ਕਿਰਿਆਸ਼ੀਲ ਸੀ। ਇਸ ਤਰ੍ਹਾਂ ਜਤਿਨ ਨੂੰ ਮਜ਼ਦੂਰ ਯੂਨੀਅਨ ਦਾ ਕਾਰਜ ਮਿਲ ਗਿਆ। ਪਿਤਾ ਜੀ ਦੀ ਪੈਨਸ਼ਨ ਵੀ ਆਉਣ ਲੱਗੀ ਸੀ। ਸ਼ੁਰੂ 'ਚ ਤਾਂ ਜਤਿਨ ਨੇ ਪਰਿਵਾਰ ਦੀ ਸਾਰੀ ਜ਼ਿਮੇਵਾਰੀ ਆਪਣੇ ਸਿਰ 'ਤੇ ਲੈ ਲਈ ਸੀ, ਪ੍ਰੰਤੂ ਕੁਝ ਸਮੇਂ ਬਾਅਦ ਉਸਦੇ ਅੰਦਰ ਦਾ 'ਹੋਲ ਟਾਇਮਰ' ਵਾਲਾ ਜਜ਼ਬਾ ਫਿਰ ਤੋਂ ਉਬਾਲੇ ਮਾਰਨ ਲੱਗ ਪਿਆ ਸੀ।

ਪਿਤਾ ਜੀ ਨੂੰ ਯਾਦ ਕੀਤੇ ਬਿਨਾਂ ਦੋ ਸਾਲ ਲੰਘ ਗਏ ਸੀ। ਨੀਲੂ ਨੇ ਬਾਰ੍ਹਵੀਂ ਪਾਸ ਕਰ ਕੇ ਕਾਲਜ 'ਚ ਦਾਖ਼ਲਾ ਲੈ ਲਿਆ ਸੀ। ਘਰ ਦੀ ਕੁਝ ਜ਼ਿਮੇਵਾਰੀ ਨੀਲੂ ਨੇ ਆਪਣੇ ਉੱਪਰ ਲੈ ਲਈ ਸੀ। ਦੂਜੇ ਪਾਸੇ ਜਤਿਨ ਨੌਕਰੀ ਦੇ ਨਾਲ ਯੂਨੀਅਨ ਦੇ ਕੰਮਾਂ 'ਚ ਲੱਗਾ ਰਹਿੰਦਾ। ਮਜ਼ਦੂਰਾਂ ਦੀਆਂ ਬਸਤੀਆਂ 'ਚ ਜਾ ਕੇ ਮੀਟਿੰਗਾਂ ਕਰਦਾ, ਧਰਨੇ, ਪ੍ਰਦਰਸ਼ਨ ਕਰਨ ਦੀਆਂ ਯੋਜਨਾਵਾਂ ਬਣਾਉਂਦਾ, ਪਰਚੇ ਲਿਖਦਾ...। ਰਾਤ-ਰਾਤ ਭਰ ਜਾਗ ਕੇ ਕਿਤਾਬਾਂ ਪੜ੍ਹਦਾ ਅਤੇ ਸਵੇਰੇ ਉੱਠ ਕੇ ਫੈਕਟਰੀ ਚਲਾ ਜਾਂਦਾ। ਇਹੀ ਰੋਜ਼ਾਨਾ ਦੀ ਰੁਟੀਨ ਹੋ ਗਈ ਸੀ ਉਸ ਦੀ। ਮਜ਼ਦੂਰ ਬਸਤੀ ਅਤੇ ਮੁਹੱਲੇ 'ਚ ਜਦ ਵੀ ਜਾਂਦਾ ਤਾਂ ਜਾਤੀ ਦੇ ਆਧਾਰ 'ਤੇ ਵੰਡੇ ਮਜ਼ਦੂਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸਪੱਸ਼ਟ ਤੌਰ 'ਤੇ ਵੇਖਦਾ ਉਸ ਨੇ ਕਈ ਵਾਰ ਸਭਾਵਾਂ 'ਚ ਅਤੇ ਆਪਣੇ ਭਾਸ਼ਣ 'ਚ ਇਹ ਇਸ਼ਾਰਾ ਵੀ ਕੀਤਾ ਸੀ

**(ਚਲਦਾ)**




# ਓੜਕ ਪੁੱਤਰ ਪਰਾਇਆ



ਡਾ. ਕਰਮਜੀਤ ਸਿੰਘ
91-98763-23862

ਹੁਣ ਜਦ ਮੈਂ ਕੀਤੇ ਖੇਤਰੀ ਕਾਰਜ ਦਾ ਲੇਖਾ ਜੋਖਾ ਕਰਨ ਲੱਗਦਾ ਹਾਂ ਤਾਂ ਇਕ ਘਾਟ ਹਮੇਸ਼ਾ ਖਟਕਦੀ ਹੈ ਕਿ ਮੈਂ ਰੋਜ਼ਾਨਾ ਡਾਇਰੀ ਕਿਉਂ ਨਹੀਂ ਲਿਖਦਾ। ਇਹ ਮੇਰੇ ਸੁਸਤ ਸੁਭਾਅ ਦਾ ਹਿੱਸਾ ਹੈ। ਲਿਖਣ ਲੱਗੋ ਤਾਂ ਚੱਲ ਸੋ ਚੱਲ। ਨਾ ਲਿਖੋ ਤਾਂ ਕਈ ਮਹੀਨੇ ਸਾਫ। ਪਰ ਇਸਦਾ ਨੁਕਸਾਨ ਇਹ ਹੋਇਆ ਕਿ ਮੈਂ ਗੀਤਾਂ ਦੀ ਰਿਕਾਰਡਿੰਗ ਦਾ ਦਿਨ ਵਾਰ ਚੇਤੇ ਨਹੀਂ ਕਰ ਸਕਦਾ। ਪਰ ਹੁਣ ਹੋ ਵੀ ਕੀ ਸਕਦਾ ਹੈ।

ਮਈ ਜੂਨ ਦੀ ਗਰਮੀ ਆਪਣੇ ਪੂਰੇ ਜ਼ੋਰਾਂ 'ਤੇ ਸੀ। ਪਰ ਛੁੱਟੀਆਂ ਦਾ ਲਾਹਾ ਲੈਣ ਮੈਂ ਕਦੇ ਕਿਸੇ ਮਿੱਤਰ ਨੂੰ ਨਾਲ ਲੈ ਲੈਂਦਾ ਤੇ ਕਦੀ ਕਿਸੇ ਨੂੰ। ਅਜਿਹਾ ਇਸ ਲਈ ਕਰਨਾ ਪੈਂਦਾ ਕਿ ਮੇਰੇ ਲਈ ਤਾਂ ਇਹ ਇਕ ਸੁਆਦਲਾ ਕੰਮ ਸੀ ਇਕ ਗੀਤ ਵੀ ਨਵਾਂ ਲੱਭ ਪੈਂਦਾ ਤਾਂ ਮੈਂ ਮਾਨਸਿਕ ਤੌਰ ਤੇ ਸੰਤੁਸ਼ਟ ਹੋ ਜਾਂਦਾ ਪਰ ਸਾਥੀ ਲਈ ਇਹ ਸਭ ਕੁਝ ਬੋਰਿੰਗ ਹੁੰਦਾ। ਇਸੇ ਲਈ ਇਕ ਬਾਰ ਤੋਂ ਬਾਅਦ ਕੋਈ ਮੇਰੇ ਨਾਲ ਜਾਣ ਨੂੰ ਤਿਆਰ ਨਾ ਹੁੰਦਾ। ਪਰ ਮੇਰਾ ਜਿਗਰੀ ਦੋਸਤ ਅਮਰੀਕ ਸਿੰਘ ਹੀ ਇਕੋ ਇਕ ਆਦਮੀ ਹੈ ਜੋ ਜਦੋਂ ਵੀ ਮੈਂ ਕਿਹਾ, ਨਾਲ ਤੁਰ ਪੈਂਦਾ ਹੈ ਤੇ ਕਈ ਕਈ ਦਿਨ ਅਸੀਂ ਦੋਨੋਂ ਲੋਕ-ਮੂੰਹਾਂ ਵਿਚੋਂ ਗੀਤਾਂ ਦੀ ਭਾਲ ਕਰਦੇ ਰਹਿੰਦੇ।

ਇਸ ਵਾਰ ਮੈਂ ਸਿੱਧਾ ਅਮਰੀਕ ਸਿੰਘ ਦੇ ਪਿੰਡ ਜਾ ਵੱਜਾ। ਸਿਖਰ ਦੁਪਹਿਰ। ਪਰ ਮੈਨੂੰ ਪਤਾ ਸੀ ਇਸੇ ਵੇਲੇ ਨੰਜੋ ਨੇ ਘਰ ਮਿਲਣਾ ਸੀ। ਇਸ ਤੋਂ ਪਹਿਲਾਂ ਕਈ ਵਾਰ ਮੈਂ ਉਸ ਦੇ ਘਰ ਗਿਆ ਪਰ ਕਿਸੇ ਕਾਰਨ ਉਹ ਗੀਤ ਨਹੀਂ ਸੀ ਗਾ ਸਕੀ। ਪਰ ਅੱਜ ਮੈਨੂੰ ਆਸ ਸੀ ਕਿ ਸ਼ਾਇਦ ਕੁਝ ਕੰਮ ਬਣ ਹੀ ਜਾਏ। ਅਮਰੀਕ ਦੇ ਘਰ ਪਾਣੀ-ਧਾਣੀ ਪੀ ਕੇ ਝੋਲਾ ਮੋਢੇ ਲਟਕਾਈ ਮੈਂ ਤਿਆਰ ਹੋਇਆ।

ਪਿੰਡਾਂ ਵਿਚ ਬਿਜਲੀ ਦਾ ਮਾੜਾ ਹਾਲ ਸੀ। ਮੈਂ ਟੇਪ ਲਈ ਸੈਲ ਮੰਗਵਾ ਲਏ। ਅਮਰੀਕ ਸਿੰਘ ਤੇ ਮੈਂ ਘਰ ਪਹੁੰਚੇ। ਇਕ ਪੁਰਾਣਾ ਜਿਹਾ ਦਰ ਤੇ ਤਖਤਿਆਂ ਵਾਲਾ ਦਰਵਾਜ਼ਾ ਖੜਕਾਇਆ। ਨੰਜੋ ਦੀ ਮਾਂ ਔਖੀ ਔਖੀ ਦਰਵਾਜ਼ਾ ਖੋਲ੍ਹਣ ਆਈ। ਅੰਦਰ ਵੜ ਕੇ ਦੇਖਿਆ ਇਕ ਕੱਚਾ ਕੋਠਾ, ਨਾਲ ਲੱਗਦੀ ਓਟੇ ਵਾਲੇ ਰਸੋਈ ਤੇ ਨਿੱਕ-ਸੁੱਕ ਨੰਜੋ ਵੀ ਅੰਦਰੇ ਸੀ। ਉਹ ਹੇਠਾਂ ਬਿੱਨੇ (ਮੂਹੜੇ) ਉਪਰ ਬੈਠੀ ਸੀ।

ਸਾਡੇ ਜਾਣ ਦਾ ਮੰਤਵ ਉਸਨੂੰ ਪਤਾ ਸੀ। ਸੁਖ ਸਾਂਦ ਬਾਅਦ ਅਸੀਂ ਆਪਣਾ ਕੰਮ ਸ਼ੁਰੂ ਕਰਨਾ ਚਾਹੁੰਦੇ ਸਾਂ। ਪਰ ਨੰਜੋ ਅਜੇ ਗਾਉਣ ਦੇ ਰਉਂ ਵਿਚ ਨਹੀਂ ਸੀ। ਮੈਂ ਗੀਤਾਂ ਬਾਰੇ ਗੱਲਾਂ ਛੇੜ ਲਈਆਂ। ਇਨ੍ਹਾਂ ਗੱਲਾਂ ਦਾ ਵੀ ਇਕ ਮੰਤਵ ਹੁੰਦਾ ਹੈ। ਮੇਰੇ ਹੱਕ ਵਿਚ ਕਾਗਜ਼ ਤੇ ਪੈਨ ਹੁੰਦਾ ਹੈ। ਗੱਲਾਂ-ਗੱਲਾਂ ਵਿਚ ਅਨੇਕਾਂ ਗੀਤਾਂ ਦੀਆਂ ਪਹਿਲੀਆਂ ਪੰਗਤੀਆਂ ਆਉਂਦੀਆਂ ਹਨ। ਜੋ ਗੀਤ ਨਵਾਂ ਹੁੰਦਾ ਹੈ ਉਸਨੂੰ ਮੈਂ ਨੋਟ ਕਰਦਾ ਜਾਂਦਾ ਹਾਂ। ਇਕ ਘੰਟੇ ਦੀ ਗੱਲਬਾਤ ਵਿਚ ਕਈ ਵਾਰ ਪੰਦਰਾਂ ਵੀਹ ਗੀਤਾਂ ਦੀ ਲਿਸਟ ਬਣ ਜਾਂਦੀ ਹੈ।

ਹੁਣ ਹੌਲੀ ਹੌਲੀ ਸ਼ੁਰੂਆਤ ਹੁੰਦੀ ਹੈ ਇਨ੍ਹਾਂ ਨੂੰ ਗਾਉਣ ਦੀ। ਨੰਜੋ ਨੇ ਇਕ ਗੀਤ ਨੂੰ ਹੱਟ-ਹੱਟ ਕੇ ਕਈ ਕਿਸ਼ਤਾਂ ਵਿਚ ਪੂਰਾ ਕੀਤਾ। ਪਰ ਇਸ ਨਾਲ ਹੀ ਅਗਲੇ ਗੀਤਾਂ ਨੇ ਆਉਣਾ ਸੀ। ਮੈਂ ਪਹਿਲੇ ਗੀਤ ਨੂੰ ਚਾਰ ਪੰਜ ਵਾਰੀ ਨੰਜੋ ਨੂੰ ਸੁਣਾਇਆ। ਉਸਨੂੰ ਆਪਣੀ ਆਵਾਜ਼ ਸੁਹਣੀ ਲੱਗਣ ਲੱਗੀ ਤੇ ਵਾਰੀ ਵਾਰੀ ਹੋਰ ਗੀਤ ਵੀ ਰਿਕਾਰਡ ਹੋਣ ਲੱਗੇ। ਕੁਝ ਸੁਹਾਗ, ਕੁਝ ਘੋੜੀਆਂ, ਕੁਝ ਬੋਲੀਆਂ, ਕੁਝ ਟੱਪੇ। ਅਗਲਾ ਗੀਤ ਲੰਮੇਰਾ ਸੀ। ਪਹਿਲੀਆਂ ਪੰਗਤੀਆਂ ਹੀ ਦੱਸਦੀਆਂ ਸਨ ਕਿ ਇਹ ਸਾਉਣ ਮਹੀਨੇ ਨਾਲ ਸਬੰਧਤ ਸੀ। ਮੈਂ ਹੁਸ਼ਿਆਰ ਹੋ ਗਿਆ। ਸਤਰਕ ਤਾਂ ਮੈਨੂੰ ਇਕ ਇਕ ਸ਼ਬਦ ਲਈ ਰਹਿਣਾ ਪੈਂਦਾ ਹੈ ਨਹੀਂ ਤਾਂ ਟੇਪ ਤੋਂ ਉਤਾਰਦਿਆਂ ਦਿੱਕਤ ਪੇਸ਼ ਆਉਂਦਾ ਹੈ। ਜੋ ਸ਼ਬਦ ਮੇਰੇ ਗੇੜ ਵਿਚ ਨਹੀਂ ਆਉਂਦੇ ਉਹ ਮੈਂ ਗਾਇਕਾਵਾਂ ਪਾਸੋਂ ਹੀ ਸਪੱਸ਼ਟ ਕਰਵਾ ਲੈਂਦਾ ਹਾਂ, ਜਦੋਂ ਮੈਨੂੰ ਤਸੱਲੀ ਨਹੀਂ ਹੁੰਦੀ ਤਾਂ ਹੋਰਨਾਂ ਪਾਸੋਂ ਪੁੱਛਦਾ ਹਾਂ। ਕਈ ਵਾਰ ਇਕ ਸ਼ਬਦ ਨੂੰ ਸਮਝਣ ਲਈ ਬਹੁਤ ਦੇਰ ਲੱਗ ਜਾਂਦੀ ਹੈ। ਨੰਜੋ ਨੇ ਹੇਕ ਚੁੱਕੀ।

ਸਾਉਣ ਮਹੀਨੇ ਸੱਸੂ ਡੇਕਾਂ ਜੋ ਫੁੱਲੀਆਂ,
ਫੁੱਲ ਖਿੜੇ ਗੁਲਨਾਰੀ ਨੀ ਬੇਦਰਦਣੇ।

"ਬੇਦਰਦਣੇ" ਸ਼ਬਦ ਦੀ ਲੈਅ ਐਸੀ ਦਰਦੀਲੀ ਸੀ ਤੇ ਉਸ ਵਿਚ ਅਜਿਹਾ ਉਲਾਂਭਾ ਸੀ ਕਿ ਸੁਣਨ ਵਾਲਾ ਵੀ ਦਿਲ ਨੂੰ ਕੁਝ ਹੁੰਦਾ ਮਹਿਸੂਸ ਕਰਦਾ। ਡੇਕ (ਧ੍ਰੇਕ) ਦੇ ਗੁਲਾਨਾਰੀ ਫੁੱਲ ਅੱਖਾਂ ਸਾਹਵੇਂ ਸਾਕਾਰ ਹੋ ਗਏ। ਨੰਜੋ ਹੁਣ ਬਿਨਾਂ ਅਟਕਿਆਂ ਗਾ ਰਹੀ ਸੀ। ਗੀਤ ਟੇਪ ਹੋ ਰਿਹਾ ਸੀ ਤੇ ਮੇਰੀ ਕਲਪਨਾ ਉਡਾਰੀ ਮਾਰ ਨਾਲ ਨਾਲ ਚੱਲ ਰਹੀ ਸੀ।

ਪੁੱਤਰ ਤੇਰਾ ਸੱਸੇ ਰਾਜੇ ਦਾ ਨੌਕਰ,
ਕਿਦੇ ਵੱਲ ਵੇਖ ਕੇ ਜੀਵਾਂ, ਨੀ ਬੇਦਰਦਣੇ।

ਸਥਿਤੀ ਅਜਿਹੀ ਬਣ ਗਈ ਕਿ ਸਾਉਣ ਮਹੀਨੇ ਵਿਚ ਔਰਤ ਇਕੱਲੀ ਬਿਰਹਾ ਭੋਗ ਰਹੀ ਹੈ। ਉਸਦਾ ਪਤੀ ਨੌਕਰ ਹੈ, ਫਿਰ ਉਹ ਕੀ ਕਰੇ?

ਦੇਵਰ ਤੇਰਾ ਨੋਹੇਂ ਉਹਤੋਂ ਵੀ ਸੁਹਣਾ,
ਉਹਦੇ ਵੱਲ ਦੇਖ ਕੇ ਜੀਵੇਂ ਨੀ ਬੇਦਰਦਣੇ।

ਸੱਸ ਵਧੇਰੇ ਵਿਹਾਰਕ ਲੱਗਦੀ ਹੈ, ਜੋ ਨੂੰਹ ਨੂੰ ਦੇਵਰ ਨਾਲ ਮਨ ਪਰਚਾਉਣ ਲਈ ਕਹਿੰਦੀ ਹੈ। ਅਜਿਹੇ ਸਬੰਧ ਆਮ ਬਣ ਵੀ ਜਾਂਦੇ ਹਨ, ਉਹਨਾਂ ਵਿਚੋਂ ਦੁਖਾਂਤ ਵੀ ਪੈਦਾ ਹੁੰਦੇ ਹਨ, ਜੋ ਗੀਤਾਂ ਦਾ ਵਿਸ਼ਾ ਵੀ ਬਣਦੇ ਹਨ, ਪਰ ਇਸ ਗੀਤ ਦੀ ਨਾਇਕਾ ਦਾ ਜਵਾਬ ਕੀ ਹੋ ਸਕਦਾ ਹੈ? ਲੰਬੇ ਗੀਤ ਪ੍ਰਸਥਿਤੀਆਂ ਬਦਲਦੇ ਦੋ ਪਾਤਰਾਂ ਦੇ ਸੰਵਾਦਾਂ ਦੀ ਸਿਰਜਣ ਕਰਦੇ ਹਨ। ਇਹ ਸੰਵਾਦ ਰਿਸ਼ਤਿਆਂ ਅਨੁਸਾਰ ਤੇ ਭਾਵਨਾਵਾਂ ਅਨੁਸਾਰ ਠੰਡੇ- ਤੱਤੇ ਰੂਪ ਧਾਰਨ ਕਰਦੇ ਹਨ। ਨੂੰਹ ਸੱਸ ਦੀ ਤਕਰਾਰ ਤਾਂ ਮਸ਼ਹੂਰ ਹੈ।

ਅੱਜ ਗੱਲ ਆਖੀ ਸੁ ਆਖੀ,
ਫਿਰ ਕਦੇ ਨਾ ਆਖੀ, ਨੀ ਬੇਦਰਦਣੇ।
ਕਦੇ ਨਾ ਭੇਜਿਆ ਸਿੰਘ ਜੀ ਸੁਖ ਦਾ ਸੁਨੇਹਾ,
ਕਦੀਉ ਨਾ ਭੇਜੀਆਂ ਚਿਠੀਆਂ ਵੇ ਬੇਦਰਦੀਆ।

ਸੱਸ ਨਾਲ ਸੰਵਾਦ ਰਚਾਉਣ ਤੋਂ ਬਾਅਦ, ਨਾਇਕਾ ਆਪਣੇ ਪਤੀ ਨੂੰ ਸੰਬੋਧਿਤ ਹੁੰਦੀ ਹੈ। ਜਿਵੇਂ ਉਹ ਸਾਹਮਣੇ ਬੈਠਾ ਹੋਵੇ। ਮਨ ਦਾ ਆਤਮਲਾਪ, ਬਾਹਰੀ ਰੂਪ ਧਾਰਣ ਕਰ ਗਿਆ। ਇੱਥੋਂ ਨੰਜੋ ਦੀ ਆਵਾਜ਼ ਵਧੇਰੇ ਗੰਭੀਰ ਤੇ ਸੋਜ਼ਮਈ ਹੋ ਗਈ। ਕਿਤੇ ਉਹ ਆਪਣੇ ਪਤੀ ਨਾਲ ਜਾ ਜੁੜੀ ਸੀ। ਅਣਬਣ ਹੋ ਜਾਣ ਕਾਰਨ ਉਹ ਕਾਫੀ ਦੇਰ ਤੋਂ ਆਪਣੀ ਮਾਂ ਕੋਲ ਰਹਿ ਰਹੀ ਸੀ। ਇੱਥੇ ਹੀ ਅਸੀਂ ਉਸਦੀ ਮਾਨਸਿਕ ਵੇਦਨਾ ਨੂੰ ਸੁਣ ਰਹੇ ਸਾਂ।

ਕਿਹਦੇ ਹੱਥ ਭੇਜਾਂ ਗੋਰੀਏ ਸੁਖ ਦਾ ਸੁਨੇਹਾ,
ਕਿਹਦੇ ਹੱਥ ਭੇਜਾਂ ਮੈਂ ਚਿੱਠੀਆਂ, ਨੀ ਬੇਦਰਦਣੇ।

ਗੀਤ ਤਾਂ ਪਤੀ ਵੱਲੋਂ ਸੰਭਾਵਿਤ ਉੱਤਰਾਂ ਨੂੰ ਉਚਾਰ ਰਿਹਾ ਸੀ। ਪਤਾ ਗੀਤ ਦੀ ਨਾਇਕਾ ਨੂੰ ਵੀ ਹੈ। ਚਿੱਠੀ ਨਾ ਪਾਉਣ ਦੇ ਕਈ ਬਹਾਨੇ ਘੜੇ ਜਾ ਸਕਦੇ ਹਨ।

ਕਿੱਥੋਂ ਮਿਲਦਾ ਗੋਰੀਏ ਕੋਰੜਾ ਕਾਗਜ਼,
ਕਿੱਥੋਂ ਮਿਲਦੀ ਐ ਸਾਹੀ, ਨੀ ਬੇਦਰਦਣੇ।

ਪਰ ਨਾਇਕਾ ਤਾਂ ਇਹੋ ਜਿਹੇ ਸੰਭਾਵਿਤ ਸਵਾਲਾਂ ਦੇ ਉੱਤਰ ਵੀ ਨਾਲ ਹੀ ਦੇ ਰਹੀ ਹੈ। ਬਲਕਿ ਕਿਉਂਕਿ ਉਹ ਸਵਾਲਾਂ ਜਵਾਬਾਂ ਦੀ ਰਚੈਤਾ ਆਪ ਹੈ ਇਸ ਲਈ ਉਹ ਆਪਣੇ ਆਪ ਨੂੰ ਸਹੀ ਸਾਬਤ ਕਰ ਸਕਦੀ ਹੈ।

ਬੰਗਾਲੋਂ ਮਿਲਦਾ ਸਿੰਘ ਜੀ, ਕੋਰੜਾ ਕਾਗਜ਼,
ਉਥੋਂ ਮਿਲਦੀਆ ਸ਼ਾਹੀ, ਵੇ ਬੇਦਰਦੀਆ।

ਨੰਜੋ ਦੀ ਮਾਂ, ਗੀਤਾ ਦੀਆਂ ਸਥਿਤੀਆਂ ਨੂੰ ਨੰਜੋ ਦੀਆਂ ਸਥਿਤੀਆਂ ਨਾਲ ਜੋੜ ਕੇ ਹੌਕੇ ਭਰ ਰਹੀ ਸੀ ਤੇ ਨਾਲ ਨਾਲ ਮੱਥੇ ਤੇ ਹੱਥ ਵੀ ਮਾਰ ਰਹੀ ਸੀ। ਨੰਜੋ ਨੂੰ ਕੋਈ ਹੋਰ ਖਤਰਾ ਹੋਣ ਲੱਗਾ ਉਸਨੇ ਇਸ਼ਾਰੇ ਨਾਲ ਮਾਂ ਨੂੰ ਚਾਹ ਬਣਾਉਣ ਲਈ ਭੇਜ ਦਿੱਤਾ ਅਤੇ ਆਪ ਹਿੰਮਤ ਕੱਠੀ ਕਰ ਕੇ ਗੀਤ ਨੂੰ ਅਗਾਂਹ ਵਧਾਉਣ ਲੱਗੀ।

ਕਿਹਦੇ ਹੱਥ ਭੇਜਾਂ ਗੋਰੀਏ, ਸੁਖ ਦਾ ਸੁਨੇਹ,
ਡਾਕੇ ਪਾ ਦੇਵਾਂ ਚਿੱਠੀਆਂ, ਨੀ ਬੇਦਰਦਣੇ।
ਢਲ ਪਰਛਾਵੇਂ ਸੱਸੂ ਚਰਖਾ ਜੁ ਡਾਹਿਆ,
ਚਿੱਠੀਆਂ ਵਾਲੜਾ ਅਇਆ, ਨੀ ਬੇਦਰਦਣੇ।

ਗੀਤ ਆਤਮਲਾਪ ਵਿਚੋਂ ਨਿਕਲ ਕੇ ਫਿਰ ਘਰ ਨਾਲ ਆ ਜੁੜਿਆ। ਜ਼ਾਹਿਰ ਹੈ ਕਿ ਪਤਨੀ ਦੀ ਉਤਸੁਕਤਾ ਵਧੇਰੇ ਹੋ ਸਕਦੀ ਹੈ। ਮੇਰੀ ਕਲਪਨਾ ਕੁਝ ਅੰਦਾਜ਼ਾ ਲਗਾ ਰਹੀ ਸੀ। ਨੰਜੋ ਗੀਤ ਉਚਾਰ ਰਹੀ ਸੀ।

ਪਿਛਾਂਹ ਹੱਟ ਸੱਸੂ ਪਿਛਾਂਹ ਹੱਟ ਨਣਦੇ,
ਚਿੱਠੀ ਮਾਹੀਏ ਦੀ ਬੋਚਾਂ, ਨੀ ਬੇਦਰਦਣੇ।

ਸੱਚ-ਮੁੱਚ ਬੇਕਰਾਰੀ ਹੱਦਾਂ ਬੰਨੇ ਟੱਪ ਗਈ ਸੀ ਇਸੇ ਲਈ ਚਿੱਠੀ ਫੜੀ ਨਹੀਂ ਜਾਂਦੀ, ਬੋਚੀ ਜਾ ਰਹੀ ਸੀ। ਇਹ ਚਿੱਤਰ ਮੇਰੀ ਕਲਪਨਾ ਵਿਚ ਵੀ ਉਕਰਿਆ ਗਿਆ। ਪਰ ਅਜੇ ਤਾਂ ਚਿੱਠੀ ਪੜ੍ਹਨ ਵਾਲੀ ਰਹਿੰਦੀ ਸੀ।

ਲੈ ਚਿੱਠੀ ਮਾਹੀਏ ਦੀ ਪੜ੍ਹਨ ਜੋ ਲੱਗੀ,
ਨੈਣ ਕਿਣੋ ਕਿਣ ਰੋਏ, ਨੀ ਬੇਦਰਦਣੇ।

ਗੀਤ ਨੇ ਅਚਾਨਕ ਤਿੱਖਾ ਮੋੜ ਕੱਟ ਲਿਆ ਸੀ। ਖੁਸ਼ੀ ਦੀ ਥਾਂ ਗ਼ਮ ਨੇ ਲੈ ਲਈ ਸੀ। ਨਾਇਕਾ ਨੇ ਸਿੱਧਾ ਨਹੀਂ ਦੱਸਿਆ ਕਿ ਉਸਦੇ 'ਨੈਣ ਕਿਣੋ ਕਿਣ' ਕਿਉਂ ਰੋਏ ਸਨ। ਪਰ ਸੁਝਾਅ ਜ਼ਰੂਰ ਮਿਲ ਰਿਹਾ ਸੀ ਕਿ ਸ਼ਾਇਦ ਖ਼ਤ ਵਿਚ ਉਸਦਾ ਨਾਂ ਨਹੀਂ ਸੀ। 'ਕਿਣੋ ਕਿਣ ਰੋਏ' ਦੀ ਗੱਲ ਮੈਂ ਕਿਤੇ ਹੋਰ ਗੀਤ ਵਿਚ ਤੇ ਨਾ ਹੀ ਕਿਸੇ ਸਾਹਿਤ ਵਿਚ ਪੜ੍ਹੀ ਸੀ। ਲੋਕ ਗਾਇਕਾ ਨੇ ਆਪਣੀ ਸਥਿਤੀ ਦੇ ਬਿਆਨ ਲਈ ਨਵੇਂ ਸ਼ਬਦ ਵੀ ਲੱਭ ਲਏ ਸਨ। ਨੰਜੋ ਦੀ ਆਵਾਜ਼ ਮਾਂ ਦੇ ਦੂਰ ਹੋਣ ਦੇ ਬਾਵਜੂਦ ਰੁਆਂਸੀ ਗਈ ਸੀ, ਪਰ ਉਹ ਗੀਤ ਨੂੰ ਅਧੂਰਾ ਨਹੀਂ ਸੀ ਛੱਡਣਾ ਚਾਹੁੰਦੀ।

ਤੁਸੀਂ ਕਿਉਂ ਰੋਂਦੇ ਬੰਦਿਉ ਵੇ ਨੈਣੋਂ,
ਓੜਕ ਪੁੱਤਰ ਪਰਾਇਆ, ਵੇ ਬੇਦਰਦੀਆ।

ਗੀਤ ਥੰਮ ਗਿਆ। ਨੰਜੋ ਦੀ ਸੁਰ ਗੰਭੀਰ ਸੀ। ਉਸਨੇ ਪਸੀਨੋ ਪਸੀਨਾ ਹੋਏ ਚਿਹਰੇ ਨੂੰ ਪੱਲੇ ਨਾਲ ਪੂੰਝਿਆ। ਮਾਂ ਚਾਹ ਲੈ ਆਈ। ਏਨੀ ਗਰਮੀ ਵਿਚ ਪੱਖੀਆਂ ਝਲਦਿਆਂ ਅਸੀਂ ਚਾਹ ਪੀ ਗਏ। ਗੰਭੀਰ ਚਿਹਰਿਆਂ ਨਾਲ ਅਸੀਂ ਵਿਦਾ ਲਈ।

ਅਮਰੀਕ ਨਾਲ ਮੈਂ ਪਿੰਡ ਤੱਕ ਆਉਂਦਿਆਂ ਸਾਰੀ ਵਾਟ ਇਸੇ ਗੀਤ ਦੀ ਉਪਲਬੱਧੀ ਬਾਰੇ ਚਰਚਾ ਕਰਦਾ ਰਿਹਾ। ਅਮਰੀਕ ਨੂੰ ਵੀ ਮੇਰੇ ਇਸ ਖਬਤ ਦਾ ਪਤਾ ਸੀ। ਉਹ ਸੁਣਦਾ ਰਿਹਾ ਤੇ ਵਿੱਚ ਵਿੱਚ ਹੁੰਗਾਰਾ ਭਰਦਾ ਰਿਹਾ।

ਕਾਫੀ ਦੇਰ ਬਾਅਦ ਮੈਨੂੰ ਪਤਾ ਲੱਗਾ ਕਿ ਨੰਜੋ ਹੁਣ ਆਪਣੇ ਪਤੀ ਨਾਲ ਹੁਸ਼ਿਆਰਪੁਰ ਰਹਿੰਦੀ ਸੀ। ਸ਼ਾਇਦ ਹੁਣ ਉਹ ਇਹ ਗੀਤ ਨਾ ਹੀ ਗੁਣਗਣਾਉਂਦੀ ਹੋਵੇ, ਕਿਉਂਕਿ "ਪਰਾਇਆ ਪੁੱਤ" ਹੁਣ ਉਸ ਦੇ ਕੋਲ ਸੀ।

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"




## ਕਾਨ੍ਹ ਬਜਾਈ ਬੌਂਸਰੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਦ ਥੋੜ੍ਹੇ ਕੁ ਦਿਨ ਹੋਏ ਤਾਂ ਪਾਰਬਤੀ ਅਹੱਲਿਆ ਨੂੰ ਪੁਛਦੀ ਆ, ਮਾਤਾ ਜੀ, ਆ ਸਾਧ ਕਿੰਨੇ ਕੁ ਦਿਨਾਂ ਦੇ ਇੱਥੇ ਆਇਓ ਆ। ਪੁੱਤ ਇਹ ਤਾਂ ਕਈਆਂ ਦਿਨਾਂ ਦੇ ਇੱਥੇ ਰਹਿੰਦੇ ਆ।

ਮਾਤਾ ਜੀ, ਇਹਨਾਂ ਦੇ ਨਾ ਤਾਂ ਅੱਖਾਂ ਆਂ ਤੇ ਨਾ ਕੰਨ ਆਂ। ਇਹ ਕੀ ਇਨ੍ਹੀ ਮਾੜਾ ਇੱਦਾਂ ਦਾ ਕੰਮ ਕੀਤਾ ਆ। ਅਹੱਲਿਆ ਕਹਿਣ ਲੱਗੀ, ਪੁੱਤ ਜਿੱਦਾਂ ਦੀ ਕਿਸੇ ਨੇ ਕਰਨੀ ਉੱਦਾਂ ਦੀ ਭਰਨੀ। ਅੱਛਾ ਜੀ ....। ਇਹਨਾਂ ਨੇ ਕੀ ਇੱਦਾਂ ਦਾ ਮਾੜਾ ਕੰਮ ਕਰ ਦਿੱਤਾ।

ਪਾਰਬਤੀ ਜਦੋਂ ਵੀ ਅਹੱਲਿਆ ਨੂੰ ਖੁਸ਼ੀ ਦੇ ਮੂਡ ਵਿਚ ਦੇਖਦੀ ਤਾਂ ਉਹ ਇਹਨਾਂ ਤਿੰਨਾਂ ਸਾਧੂਆਂ ਬਾਰੇ ਗੱਲ ਛੇੜ ਲੈਂਦੀ। ਜਦੋਂ ਪਾਰਬਤੀ ਸਾਧਾਂ ਬਾਰੇ ਪੁਛਣੋ ਨਾ ਈ ਹਟੀ ਤਾਂ ਇਕ ਦਿਨ ਅਹੱਲਿਆ ਕਹਿਣ ਲੱਗੀ ਕਿ ਇਹ ਤਿੰਨੇ ਇੱਥੇ ਇੱਦਾਂ ਆਏ ਸੀ, ਇਨ੍ਹੀ ਆਹ ਆਹ ਵਚਨ ਕੀਤੇ ਸੀ ਤਾਂ ਹੀ ਇਹ ਆਹ ਸਜਾ ਭੋਗ ਰਹੇ ਆ। ਮਾਤਾ ਜੀ ਚਲੋ ਕੋਈ ਨੀ ਸਾਰੇ ਈ ਭੁਲਣਹਾਰ ਆ। ਤੁਸੀਂ ਇਨ੍ਹਾਂ ਨੂੰ ਬਖਸ਼ ਦਿਓ।

ਨਹੀਂ ...। ਇਹ ਬਖ਼ਸ਼ਣ ਦੇ ਲੈਕ ਨੀ।

ਚਲੋ ਮਾਤਾ ਜੀ, ਤੁਸੀਂ ਧਰਮੀ ਪੁਰਸ਼ ਆਂ। ਇਹਨਾਂ ਨੂੰ ਬਖ਼ਸ਼ ਦਿਓ। ਅੱਛਾ ਪੁੱਤ ...। ਜੇ ਤੂੰ ਕਹਿੰਦੀ ਏ ਤਾਂ ਛੱਡ ਦਿੰਨੇ ਆਂ। ਜਦੋਂ ਰੋਟੀ ਦਾ ਟੈਮ ਹੋਇਆ, ਰੋਟੀ ਖਾਣ ਲੱਗੇ ਤਾਂ ਅਹੱਲਿਆ ਫੇਰ ਪੁਛਦੀ ਆ, ਮਾਰ੍ਹਾਜ ਇਕ ਵਚਨ ਮੇਰਾ ਰਹਿੰਦਾ ਜੇ ਹੁਕਮ ਹੋਵੇ ਤਾਂ ਉਹ ਵੀ ਮੰਗ ਲਵਾਂ।

ਅਹੱਲਿਆ ਦੀ ਸਾਰੀ ਗੱਲਬਾਤ ਤਾਂ ਬ੍ਰਹਮਾ, ਵਿਸ਼ਨੂੰ ਤੇ ਇੰਦਰ ਨੂੰ ਚੰਗੀ ਤਰ੍ਹਾਂ ਸੁਣਦੀ ਸੀ। ਗੱਲ ਸੁਣ ਕੇ ਤਿੰਨੇ ਕੰਬਣ ਲੱਗ ਪਏ ਕਿ ਅੱਗੇ ਤਾਂ ਇਕ ਵਚਨ ਨੇ ਸਾਨੂੰ ਗਧੀ ਗੇੜ 'ਚ ਪਾਇਆ ਵਾ ਜੇ ਦੂਜਾ ਵੀ ਮੰਗ ਲਿਆ ਤਾਂ ਖਰ੍ਹੇ ਕਿਹੜੀ ਬਿਪਤਾ 'ਚ ਪਾ ਦੇਣ।

ਵਚਨ ਤਾਂ ਹੁਣ ਦੇਣਾ ਪੈਣਾ ਸੀ। ਜ਼ੁਬਾਨ ਜੁ ਕਰ ਲਈ ਸੀ। ਕਹਿੰਦੇ ਜੀ ਉਹ ਵੀ ਲੈ ਲਓ। ਅਹੱਲਿਆ ਕਹਿਣ ਲੱਗੀ, ਮਾਰ੍ਹਾਜ ਜਿਹੋ ਜਿਹੇ ਤੁਸੀਂ ਆਏ ਸੀ ਉਹੋ ਜਿਹੇ ਹੋ ਜਾਉ। ਫੇਰ ਤਿੰਨਾਂ ਦੀਆਂ ਅੱਖਾਂ ਵੀ ਆ ਗਈਆਂ ਤੇ ਕੰਨ ਵੀ ਸੁਣਨ ਲੱਗ ਪਏ। ਬ੍ਰਹਮਾ, ਵਿਸ਼ਨੂੰ ਤੇ ਇੰਦਰ ਨੇ ਹੌਲੇ-ਹੌਲੇ ਖਿਸਕਣ ਦੀ ਕੀਤੀ। ਪਿੱਛੇ ਮੁੜ ਕੇ ਦੇਖਦੇ ਆ ਕਿ ਮਗਰ ਤਨੀ ਕੋਈ ਆ ਰਿਹਾ। ਜਦੋਂ ਦੇਖਿਆ ਤਾਂ ਪਿੱਛੇ ਨੌਕਰ ਉਹਨਾਂ ਦੇ ਨੱਠ੍ਹਾ ਆ ਰਿਹਾ ਸੀ। ਨੌਕਰ ਨੂੰ ਦੇਖ ਕੇ ਤਿੰਨੇ ਈ ਲੰਮੀਂ ਲਾਂਘ ਪੁੱਟਣ ਲੱਗ ਪਏ। ਨੌਕਰ ਵੀ ਉਹਨਾਂ ਦੇ ਮਗਰ ਤੇਜ ਹੋ ਗਿਆ।

ਅਖੀਰ ਉਹ ਅੱਗੇ ਅੱਗੇ ਨੱਠ ਤੁਰੇ। ਸ਼ਿਵ ਵੀ ਮਗਰ ਨੱਠ ਤੁਰਿਆ। ਸ਼ਿਵ ਉਹਨਾਂ ਨੂੰ ਬਥ੍ਹੇਰਾ ਕਹਿੰਦਾ ਕਿ ਪਿੱਛੇ ਮੁੜ ਕੇ ਤਾਂ ਦੇਖ ਲਓ। ਉਹਨਾਂ ਤਿੰਨਾਂ ਦੇ ਮਨ ਵਿਚ ਏਹੀ ਡਰ ਕਿ ਅੱਗੇ ਤਾਂ ਇਸ ਖਲਜੱਗਣ 'ਚੋਂ ਮਸੀਂ ਨਿੱਕਲੇ ਆਂ। ਹੁਣ ਕੋਈ ਹੋਰ ਨਾ ਪੁਆੜਾ ਪੈ ਜਾਏ। ਹਾਰ ਕੇ ਸ਼ਿਵ ਕਹਿਣ ਲੱਗਾ ਕਿ ਜੇ ਖੜੇ ਹੋ ਕੇ ਗੱਲ ਨੀ ਸੁਣਨੀ ਤਾਂ ਦੌੜੇ ਜਾਂਦੇ ਈ ਪਿੱਛੇ ਮੁੜ ਕੇ ਦੇਖ ਲਓ।

ਜਦੋਂ ਉਹਨੀਂ ਪਿੱਛੇ ਮੁੜ ਕੇ ਦੇਖਿਆ ਤਾਂ ਸ਼ਿਵ ਨੇ ਆਪਣਾ ਬਾਣਾ ਬਦਲ ਲਿਆ। ਅਸਲ ਰੂਪ 'ਚ ਆ ਗਏ।

ਕਹਿੰਦੇ-ਕਿਉਂ ....। ਤੁਸੀਂ ਮੈਨੂੰ ਸੁਦਾਈ ਕਹਿੰਦੇ ਸੀ। ਤੁਸੀਂ ਤਾਂ ਮੇਰੇ ਨਾਲੋਂ ਵੀ ਸੁਦਾਈ ਹੋ ਗਏ। ਜੇ ਮੈਂ ਨਾ ਆ ਕੇ ਛੁਡਾਉਂਦਾ ਤਾਂ ਤੁਸੀਂ ਇੱਥੇ ਈ ਫਸੇ ਰਹਿਣਾ ਸੀ।

ਤਿੰਨਾਂ ਦੇ ਸ਼ਿਵ ਦਾ ਹੱਥ ਜੋੜ ਕੇ ਧੰਨਵਾਦ ਕੀਤਾ ਤੇ ਆਪ ਆਪਣੇ ਕਖ਼ਸ ਨੂੰ ਚਲੇ ਗਏ।

## ਰਾਜਾ ਬਲ

ਇਕ ਰਾਜਾ ਨਲ ਹੋਇਆ। ਜਦੋਂ ਰਾਜਾ ਨਲ ਸਵਰਗ ਸਿਧਾਰ ਗਿਆ ਤਾਂ ਉਹਦੀ ਰਾਣੀ ਉਹਦੇ ਨਾਲ ਸਤੀ ਹੋਣ ਲੱਗੀ ਆ। ਉਸੇ ਵਕਤ ਭਗਵਾਨ ਇਨਸਾਨ ਦਾ ਰੂਪ ਧਾਰ ਕੇ ਆ ਗਏ। ਕਹਿੰਦੇ ਤੂੰ ਸਤੀ ਨਹੀਂ ਹੋ ਸਕਦੀ। "ਕਿਉਂ...?" "ਕਿਉਂ ਕਿ ਤੂੰ ਗਰਭਵਤੀ ਏ। ਤੇਰੇ ਬੱਚਾ ਹੋਣ ਵਾਲਾ ਏ। ਤੈਂ ਸਤੀ ਨਹੀਂ ਹੋਣਾ।" ਸਮਾਂ ਪਾ ਕੇ ਰਾਣੀ ਦੇ ਪੁੱਤ ਪੈਦਾ ਹੋਇਆ। ਰਾਣੀ ਨੇ ਉਸਦਾ ਨਾਂ ਬਲ ਰੱਖਿਆ।

ਰਾਜਾ ਬਲ ਜਿਹੜਾ ਸੀ, ਉਹ ਬਹੁਤ ਦਾਨੀ ਹੋਇਆ। ਰਾਜੇ ਬਲ ਨੇ ਮਕਾਨ ਬਣਾਇਆ ਤੇ ਇਸਦੇ ਚਾਰ ਦਰਵਾਜੇ ਰੱਖੇ। ਜਿਧਰੋਂ ਵੀ ਕਿਸੇ ਭਿਖਾਰੀ ਨੇ ਆਉਣਾ ਉਹ ਉਹਨੂੰ ਉਧਰੋਂ ਦਾਨ ਕਰੀ ਜਾਂਦਾ। ਇਕ ਵਾਰ ਭਗਵਾਨ ਬੌਣੇ ਸਾਧ ਦਾ ਰੂਪ ਧਾਰ ਕੇ ਆ ਗਏ।

ਉਨ੍ਹੀਂ ਇਕ ਦਰਵਾਜ਼ਾ ਮੰਗਿਆ, ਦੂਜੇ ਮੰਗਿਆ, ਤੀਜੇ ਮੰਗਿਆ, ਚੌਥੇ ਮੰਗਿਆ ਤੇ ਕਹਿਣ ਲੱਗੇ ਰਾਜੇ ਬਲ ਨੂੰ, ਭਾਈ ਤੂੰ ਸਾਨੂੰ ਪਛਾਣਿਆ ਨਹੀਂ। "ਮੈਂ ਤਾਂ ਨਹੀਂ ਜੀ ਪਛਾਣਦਾ। ਦੇਣੇ ਵਾਲਾ ਵੀ ਉਹੀ ਆ ਤੇ ਲੈਣੇ ਵਾਲਾ ਵੀ ਉਹੀ।" "ਅੱਛਾ...। ਫੇਰ ਤਾਂ ਤੂੰ ਬਹੁਤ ਦਾਨੀ ਏ।"

"ਹਾਂ ਜੀ...।"

"ਜੇ ਤੈਥੋਂ ਕੋਈ ਚੀਜ਼ ਮੰਗੀਏ ਤਾਂ ਦੇ ਦੇਵੇਂਗਾ।"

ਰਾਜਾ ਕਹਿੰਦਾ "ਮੰਗੋ"

ਫੇਰ ਵਚਨ ਦਿਓ।

ਬੌਣੇ ਸਾਧੂ ਨੇ ਵਚਨ ਲੈ ਲਏ। ਕਹਿੰਦਾ, "ਹੇ ਰਾਜਾ, ਮੈਨੂੰ ਢਾਈ ਕਦਮ ਜ਼ਮੀਨ ਦੇ ਦੇ।"

ਰਾਜਾ-ਬਲ ਮੁਸਕਰਾਇਆ ਕਹਿੰਦਾ, ਲੈ ਲਓ ਮਹਾਰਾਜ, ਤੁਸੀਂ ਮੰਗਿਆ ਤਾਂ ਕੁਝ ਵੀ ਨਹੀਂ। ਨਾਪ ਲਓ ਢਾਈ ਕਦਮ। ਬੌਣੇ ਸਾਧ ਨੇ ਇਸ ਤਰ੍ਹਾਂ ਕਦਮ ਭਰੇ ਕਿ ਦੋ ਕਦਮਾਂ ਵਿਚ ਹੀ ਸਾਰੀ ਸ੍ਰਿਸ਼ਟੀ ਮਿਣ ਲਈ।

ਬਲ ਦੇਖੇ ਆਲਾ ਦੁਆਲਾ।

ਕਹਿੰਦੇ ਹੁਣ ਅੱਧਾ ਕਦਮ ਕਿੱਥੇ ਰੱਖੀਏ।

ਰਾਜਾ ਬਲ ਕਹਿਣ ਲੱਗਾ ਕਿ ਜੀ ਅੱਧਾ ਕਦਮ ਮੇਰੇ ਸਿਰ 'ਤੇ ਰੱਖ ਦਿਓ।

ਸਾਧੂ ਨੇ ਅੱਧਾ ਕਦਮ ਰਾਜੇ ਬਲ ਦੇ ਸਿਰ 'ਤੇ ਰੱਖਿਆ ਤੇ ਉਹਨੂੰ ਪਤਾਲ 'ਚ ਧਰਪ ਦਿੱਤਾ। ਜਦੋਂ ਰਾਜਾ ਬਲ ਪਤਾਲਪੁਰ 'ਚ ਚਲਾ ਗਿਆ ਤਾਂ ਉਹਦੀ ਮਾਂ ਕਹਿਣ ਲੱਗੀ—



ਡਾ. ਜਸਵੰਤ ਰਾਏ
98158 25999

ਭਲਾ ਹੋਇਆ ਮੈਂ ਸਤੀ ਨਹੀਂ ਹੋਈ,
ਰਾਜਾ ਨਲ ਕੇ ਸਾਥ।
ਰਾਜਾ ਬਲ ਕੇ ਸਾਮਨੇ,
ਕ੍ਰਿਸ਼ਨ ਪਧਾਰੇ ਹਾਥ।


ਮੈਂ ਤਾਂ ਬਹੁਤ ਖੁਸ਼ਕਿਸਮਤ ਹਾਂ। ਕਿਉਂਕਿ ਮੇਰੇ ਪੁੱਤਰ ਦੇ ਸਾਹਮਣੇ ਆ ਕੇ ਕ੍ਰਿਸ਼ਨ ਨੇ ਭੀਖ ਮੰਗੀ ਆ। ਇਸ ਸੰਸਾਰ ਵਿਚ ਬੰਦੇ ਦੀਆਂ ਸਾਰੀਆਂ ਆਸਾਂ ਪੂਰੀਆਂ ਨਹੀਂ ਹੁੰਦੀਆਂ। ਰਾਜਾ ਬਲ ਕਹਿਣ ਲੱਗਾ—

ਮੈਂ ਚਾਹਤਾ ਥਾ, ਇਤਨਾ ਦਾਨ ਕਰ,
ਜਾ ਪਹੁੰਚ ਆਕਾਸ਼।
ਪਰ ਮੇਰੇ ਭਗਵਾਨ ਨੇ
ਤਾਰ ਦੀਆ ਪਤਾਲ।

ਭਗਵਾਨ ਰਾਜੇ ਬਲ ਦੀ ਕੁਰਬਾਨੀ ਤੋਂ ਬਹੁਤ ਖੁਸ਼ ਹੋਏ। ਕਹਿੰਦੇ ਬਈ ਮੰਗ ਲੈ ਜੋ ਮੰਗਣਾ। ਰਾਜਾ ਬਲ ਕਹਿਣ ਲੱਗਾ ਕਿ ਜੀ ਅੱਗੇ ਤਾਂ ਮੈਂ ਭੰਡਾਰਾ ਕਰਕੇ ਆਪ ਭੋਜਨ ਛਕਾਉਂਦਾ ਹੁੰਦਾ ਸੀ। ਹੁਣ ਮੇਰੇ ਇਹ ਲੋੜਵੰਦਾਂ ਨੂੰ ਭੋਜਨ ਛਕਾਉਣ ਦਾ ਕੰਮ ਤੁਸੀਂ ਕਰਿਓ। ਭਗਵਾਨ ਨੂੰ ਬਲ ਦੀ ਗੱਲ ਮੰਨਣੀ ਪਈ। ਹੁਣ ਚਾਰ ਮਹੀਨੇ ਸ਼ਿਵ, ਚਾਰ ਮਹੀਨੇ ਬ੍ਰਹਮਾ, ਚਾਰ ਮਹੀਨੇ ਵਿਸ਼ਨੂੰ ਰਾਜੇ ਬਲ ਦੇ ਦਰਬਾਰ ਤੇ ਪੈਰ੍ਹਾ ਦੇਣ ਲੱਗੇ ਅਤੇ ਭੰਡਾਰੇ ਦਾ ਸਾਰਾ ਕੰਮ ਇਨੀਂ ਸੰਭਾਲ ਲਿਆ। ਰਾਜੇ ਬਲ ਨੂੰ ਸਿਮਰਨ ਲਈ ਹੋਰ ਸਮਾਂ ਮਿਲ ਗਿਆ।




# ਬਰਤਨ ਘੱਟ ਸਨ ਪਰਿਵਾਰ ਵਿਚ ਇਕ ਖਾ ਲੈਂਦਾ, ਫਿਰ ਥਾਲੀ ਧੋ ਕੇ ਦੂਜਾ ਖਾਂਦਾ- ਅਨੁਪਮ ਖੇਰ



ਬਹੁਪੱਖੀ ਪ੍ਰਤਿਭਾ ਦੇ ਧਨੀ ਅਨੁਪਮ ਖੇਰ ਛੋਟੇ ਪਰਦੇ ਤੇ 'ਕੁਝ ਵੀ ਹੋ ਸਕਤਾ ਹੈ' ਦਾ ਸੀਜਨ-2 ਲੈ ਕੇ ਆ ਰਹੇ ਹਨ। ਇਸ ਟਾਕ ਸ਼ੋਅ ਦਾ ਪਹਿਲਾ ਸੀਜਨ ਕਾਫੀ ਲੋਕਪ੍ਰਿਆ ਰਿਹਾ ਸੀ। ਇਸ ਵਾਰ ਅਨੁਪਮ ਆਪਣੇ ਇਸ ਸ਼ੋਅ ਵਿਚ ਪ੍ਰਿਅੰਕਾ, ਅਨਿਲ, ਵਹੀਦਾ ਰਹਿਮਾਨ, ਗੁਲਜਾਰ, ਕਾਜੋਲ, ਆਸ਼ਾ ਪਾਰਿਖ ਵਰਗੀਆਂ ਹਸਤੀਆਂ ਦੇ ਜ਼ਰੀਏ ਉਮੀਦ ਜਗਾਉਣ ਲਈ ਵਚਨਬੱਧ ਨਜ਼ਰ ਆ ਰਹੇ ਹਨ। ਅਨੁਪਮ ਖੇਰ ਨਾਲ ਉਹਨਾਂ ਦੇ ਜੀਵਨ ਅਤੇ ਸੰਘਰਸ਼ ਬਾਰੇ ਹੋਈ ਮੁਲਾਕਾਤ ਦੇ



ਕੁਝ ਅੰਸ਼:

'ਕੁਛ ਵੀ ਹੋ ਸਕਤਾ ਹੈ' ਦਾ ਪਹਿਲਾ ਸੀਜਨ ਚੰਗਾ ਰਿਹਾ। ਇਸਦੀ ਟੀ. ਆਰ. ਪੀ. ਚੰਗੀ ਸੀ। ਇਸਨੂੰ ਧਿਆਨ ਵਿਚ ਰੱਖ ਕੇ ਚੈਨਲ ਨੇ ਦੂਜੇ ਸੀਜਨ ਦੀ ਆਗਿਆ ਦਿੱਤੀ। ਮੈਂ ਤਾਂ ਹਮੇਸ਼ਾ ਤੋਂ ਚਾਹੁੰਦਾ ਸੀ ਕਿ ਇਹ ਸ਼ੋਅ ਅੱਗੇ ਵਧੇ। ਅਸਲ ਵਿਚ ਇਹ ਸ਼ੋਅ ਮਨੋਰੰਜਨ ਤੋਂ ਇਲਾਵਾ ਤੁਹਾਨੂੰ ਉਮੀਦ ਦਿੰਦਾ ਹੈ, ਪ੍ਰੇਰਨਾ ਦਿੰਦਾ ਹੈ। ਅਸੀਂ ਸਾਰਿਆਂ ਨੂੰ ਜ਼ਿੰਦਗੀ ਵਿਚ ਸੰਘਰਸ਼, ਤਕਲੀਫਾਂ ਅਤੇ ਮੁਸ਼ਕਿਲਾਂ ਹੁੰਦੀਆਂ ਹਨ ਅਤੇ ਅਸੀਂ ਕਿਵੇਂ ਉਸ ਦੌਰ ਵਿਚੋਂ ਨਿਕਲ ਕੇ ਆਪਣੀ ਮੰਜ਼ਿਲ ਪ੍ਰਾਪਤ ਕਰਦੇ ਹਾਂ, ਉਸ ਸਫਰ ਨੂੰ ਯਾਦ ਰੱਖਣਾ ਬਹੁਤ ਜ਼ਰੂਰੀ ਹੈ। ਮੈਨੂੰ ਲੱਗਿਆ ਅਜਿਹੇ ਲੋਕਾਂ ਦੀ ਕਹਾਣੀ ਲੋਕਾਂ ਤੱਕ ਪਹੁੰਚਾਉਣਾ ਜ਼ਰੂਰੀ ਸੀ। ਖਾਸ ਤੌਰ ਤੇ ਅੱਜ ਦੀ ਨੌਜਵਾਨ ਪੀੜ੍ਹੀ ਤੱਕ। ਮੈਨੂੰ ਲੱਗਿਆ ਕਿ ਇਹਨਾਂ ਕਹਾਣੀਆਂ ਨੂੰ ਰੋਲ ਮਾਡਲ ਦੇ ਜ਼ਰੀਏ ਕਹਿਣਾ ਜ਼ਰੂਰੀ ਸੀ। ਰੋਲ ਮਾਡਲਜ਼ ਉਹੀ ਹੁੰਦੇ ਹਨ, ਜੋ ਉਹਨਾਂ ਸਾਰੇ ਅੜਿੱਕਿਆਂ ਵਿਚੋਂ ਲੰਘ ਕੇ ਆਪਣੇ ਟੀਚੇ ਨੂੰ ਪ੍ਰਾਪਤ ਕਰਦੇ ਹਨ। ਇਹ ਸੈਲੀਬ੍ਰਿਟੀਜ਼ ਦੇ ਉਹਨਾਂ ਦਿਨਾਂ ਦੀ ਗੱਲ ਹੈ, ਜਦੋਂ ਉਹ ਕੁਝ ਨਹੀਂ ਸਨ। ਅੱਜ ਇਹੀ ਰੋਲ ਮਾਡਲ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਕੇ ਹੱਸਦੇ ਹਨ।

ਐਕਟਰ ਬਣਨ ਦੀ ਜੱਦੋਜਹਿਦ ਵਿਚ ਜਦੋਂ ਮੈਂ ਮੁੰਬਈ ਆਇਆ ਸੀ, ਉਦੋਂ ਇਤਫਾਕ ਸੀ ਕਿ ਮੇਰਾ ਪਹਿਲਾ ਐਡਰੈਸ ਬਹੁਤ ਹੀ ਦਿਲਚਸਪ ਸੀ। ਮੈਂ ਜਿਸ ਘਰ ਵਿਚ ਰਹਿੰਦਾ ਸੀ, ਉਸਦੀ ਮਕਾਨ ਮਾਲਕਣ ਧੋਬਣ ਸੀ। ਮੈਂ ਆਪਣੇ ਚਾਰ ਵਿਦਿਆਰਥੀਆਂ ਦੇ ਨਾਲ 80 ਸਕੁਏਅਰ ਫੁੱਟ ਦੇ ਛੋਟੇ ਜਿਹੇ ਘਰ ਵਿਚ ਰਹਿੰਦਾ ਸੀ। ਅੱਧੇ ਹਿੱਸੇ ਵਿਚ ਧੋਬਣ ਆਪਣੇ ਪਤੀ ਅਤੇ ਤਿੰਨ ਬੱਚਿਆਂ ਦੇ ਨਾਲ ਰਹਿੰਦੀ ਸੀ। ਉਸ ਘਰ ਦਾ ਐਡਰੈਸ ਸੀ ਅਨੁਪਮ ਖੇਰ, 2/15 ਖੇਰਵਾੜੀ, ਖੇਰ ਨਗਰ, ਖੇਰਰੋਡ, ਬਾਂਦਰਾ ਈਸਟ। ਉਹ ਬਹੁਤ ਮੁਸ਼ਕਿਲ ਵਕਤ ਸੀ।

ਤੁਸੀਂ ਜੇਕਰ ਬਿਨਾਂ ਵਾਲਾਂ ਦੇ ਫਿਲਮਾਂ ਵਿਚ ਐਕਟਰ ਬਣਨਾ ਚਾਹੁੰਦੇ ਹੋ ਤਾਂ ਲੋਕ ਕਹਿੰਦੇ ਹਨ, ਤੁਸੀਂ ਕਿਹੋ ਜਿਹੇ ਐਕਟਰ ਹੋ? ਅੱਜ ਮੇਰਾ ਲੁਕ ਬਹੁਤ ਡਿਗਨੀਫਾਈਡ ਅਤੇ ਸੈਕਸੀ ਮੰਨਿਆ ਜਾਂਦਾ ਹੈ, ਪਰ ਉਸ ਜ਼ਮਾਨੇ ਵਿਚ ਇਹ ਲੁਕ ਦੌ ਕੌਡੀਆਂ ਦਾ ਨਹੀਂ ਸੀ। ਲੋਕ ਕਹਿੰਦੇ ਸਨ, ਵੱਡਾ ਆਇਆ ਗੰਜਾ ਐਕਟਰ ਬਣਨ। ਸਾਨੂੰ ਸਟੂਡੀਓ ਦਰ ਸਟੂਡੀਓ ਧੱਕੇ ਖਾਣੇ ਪੈਂਦੇ ਸਨ। ਮੈਂ ਕਈ ਰਾਤਾਂ ਬਾਂਦਰਾ ਦੇ ਪਲੇਟਫਾਰਮ ਤੇ ਵੀ ਗੁਜ਼ਾਰੀਆਂ ਹਨ।

ਮੈਨੂੰ ਪਹਿਲੀ ਫਿਲਮ 'ਸਾਰਾਂਸ਼' ਮਿਲੀ ਅਤੇ ਮੇਰੇ ਹੱਥੋਂ ਲੰਘ ਗਈ। ਹੋਇਆ ਇਹ ਕਿ ਰਾਜਸ਼੍ਰੀ ਵਾਲਿਆਂ ਨੇ ਮਹੇਸ਼ ਭੱਟ ਨੂੰ ਕਿਹਾ ਕਿ ਉਹਨਾਂ ਨੂੰ ਸਟੈਬਲਿਸ਼ ਐਕਟਰ ਚਾਹੀਦਾ ਹੈ। ਉਹਨਾਂ ਨੇ ਮੈਨੂੰ ਕੱਢ ਕੇ ਸੰਜੀਵ ਕਪੂਰ ਨੂੰ ਸਾਈਨ ਕਰ ਲਿਆ। 20 ਦਸੰਬਰ ਦੀ ਗੱਲ ਹੈ ਅਤੇ 1 ਜਨਵਰੀ ਨੂੰ ਸ਼ੂਟਿੰਗ ਹੋਣੀ ਸੀ। ਮੈਂ ਆਪਣਾ ਬੋ-ਰੀਆ-ਬਿਸਤਰਾ ਪੈਕ ਕਰਕੇ ਵਾਪਸ ਸ਼ਿਮਲੇ ਜਾ ਰਿਹਾ ਸੀ ਪਰ ਮੇਰਾ ਦਿਲ ਕੀਤਾ ਕਿ ਮੈਂ ਜਾਣ ਤੋਂ ਪਹਿਲਾਂ ਇਕ ਵਾਰ ਮਹੇਸ਼ ਭੱਟ ਨੂੰ ਖਰੀਆਂ-ਖਰੀਆਂ ਸੁਣਾਵਾਂ। ਮੈਂ ਸਟੇਸ਼ਨ ਤੋਂ ਪਹਿਲਾਂ ਉਹਨਾਂ ਦੇ ਘਰ ਹੇਠਾਂ ਟੈਕਸੀ ਰੋਕੀ ਅਤੇ ਉਹਨਾਂ ਨੂੰ ਕਿਹਾ ਕਿ ਉਹ ਫਰਾਡ ਅਤੇ ਝੂਠੇ ਹਨ। ਜੋ ਆਦਮੀ ਸੱਚ ਤੇ ਫਿਲਮ ਬਣਾਉਣਾ ਚਾਹੁੰਦਾ ਹੈ, ਉਹ ਖੁਦ ਮਕਾਰ ਅਤੇ ਝੂਠਾ ਹੈ ਤਾਂ ਇਸ ਕਰਕੇ ਉਹ ਫਿਲਮ ਸੱਚੀ ਕਿਵੇਂ ਹੋ ਸਕਦੀ ਹੈ? ਮੈਂ ਤਾਂ ਇੰਨਾ ਕਹਿ ਦਿੱਤਾ ਕਿ ਮੈਂ ਤੁਹਾਨੂੰ ਸ਼ਰਾਪ ਦਿੰਦਾ ਹਾਂ ਕਿ ਤੁਸੀਂ ਕੋਈ ਚੰਗੀ ਫਿਲਮ ਨਾ ਬਣ ਸਕੋ। ਮੇਰੇ ਇਸ ਕੋਸਣ ਤੋਂ ਬਾਅਦ ਉਹਨਾਂ ਨੇ ਰਾਜਸ਼੍ਰੀ ਵਾਲਿਆਂ ਨੂੰ ਫੋਨ ਕੀਤਾ ਅਤੇ ਕਿਹਾ ਕਿ ਇਹ ਰੋਲ ਅਨੁਪਮ ਖੇਰ ਹੀ ਕਰੇਗਾ।

ਮੇਰੇ ਸੰਘਰਸ਼ ਦੇ ਸਖਤ ਦਿਨਾਂ ਦੀ ਗੱਲ ਹੈ, ਜਦੋਂ ਮੈਂ ਬਾਂਦਰਾ ਸਟੇਸ਼ਨ ਤੇ ਸੋਇਆ ਕਰਦਾ ਸੀ। ਇਕ ਵਾਰ ਸਵੇਰੇ ਸਾਢੇ ਚਾਰ ਵਜੇ ਬਾਰਿਸ਼ ਵਿਚ ਗਾਰਡ ਨੇ ਮੈਨੂੰ ਉਥੋਂ ਭਜਾ ਦਿੱਤਾ।

ਮੈਂ ਬਹੁਤ ਨਿਰਾਸ਼ ਹੋ ਗਿਆ ਅਤੇ ਉਸ ਘਟਨਾ ਤੋਂ ਬਾਅਦ ਮੈਂ ਆਪਣੇ ਦਾਦਾ ਜੀ ਨੂੰ ਪੱਤਰ ਲਿਖਿਆ, ਇਸ ਸ਼ਹਿਰ ਵਿਚ ਕਾਫੀ ਬੇਇਜ਼ਤੀ ਹੋ ਚੁੱਕੀ ਹੈ ਅਤੇ ਹੁਣ ਮੈਂ ਇਹ ਹੀਣਤਾ ਹੋਰ ਬਰਦਾਸ਼ਤ ਨਹੀਂ ਕਰ ਸਕਦਾ। ਮੈਂ ਵਾਪਸ ਮੁੜ ਆਉਣਾ ਚਾਹੁੰਦਾ ਹਾਂ।

ਸ਼ਿਮਲਾ ਆ ਕੇ ਮੈਂ ਟੀਚਰ ਬਣ ਜਾਵਾਂਗਾ। ਤਾਂ ਦਾਦਾ ਜੀ ਨੇ ਮੇਰੇ ਖਤ ਦਾ ਜਵਾਬ ਦਿੱਤਾ, ਤੈਨੂੰ ਬਹੁਤ ਸਾਲ ਟ੍ਰੇਨਿੰਗ ਲੈਣੀ ਪਈ। ਤੇਰੇ ਮਾਂ-ਬਾਪ ਨੇ ਬਹੁਤ ਕੁਝ ਵੇਚਕੇ ਤੈਨੂੰ ਪੜ੍ਹਾਇਆ-ਲਿਖਾਇਆ। ਹੁਣ ਇਕ ਗੱਲ ਯਾਦ ਰੱਖਣਾ, ਭਿੱਜਿਆ ਹੋਇਆ ਆਦਮੀ ਬਾਰਿਸ਼ ਤੋਂ ਨਹੀਂ ਡਰਦਾ। ਇਹ ਪੜ੍ਹ ਕੇ ਮੇਰੇ ਵਿਚ ਹਿੰਮਤ ਆ ਗਈ, ਇਸ ਕਰਕੇ ਮੈਂ ਆਸ਼ਾਵਾਦੀ ਹਾਂ ਅਤੇ ਅੱਜ ਵੀ ਲੋਕਾਂ ਵਿਚ ਹੋਪ ਵੇਚਦਾ ਹਾਂ।

ਮੈਂ ਸ਼ਿਮਲਾ ਵਿਚ ਹੇਠਲੇ ਮੱਧ ਵਰਗ ਤੋਂ ਸੀ। ਮੇਰੇ ਪਿਤਾ ਫਾਰੇਸਟ ਵਿਭਾਗ ਵਿਚ ਕਲਰਕ ਸਨ ਅਤੇ ਮਹੀਨੇ ਦੇ 90 ਰੁਪਏ ਕਮਾਇਆ ਕਰਦੇ ਸਨ। ਅਸੀਂ 10/12 ਦੇ ਛੋਟੇ ਜਿਹੇ ਘਰ ਵਿਚ 14 ਲੋਕ ਰਿਹਾ ਕਰਦੇ ਸੀ। ਮੇਰੇ ਦਾਦਾ ਜੀ ਇਕ ਬਹੁਤ ਚੰਗੀ ਗੱਲ ਕਿਹਾ ਕਰਦੇ ਸਨ ਕਿ ਜਦੋਂ ਤੁਸੀਂ ਗਰੀਬ ਹੋ, ਤਾਂ ਤੁਹਾਡੇ ਲਈ ਸਭ ਤੋਂ ਸਸਤੀ ਚੀਜ਼ ਹੁੰਦੀ ਹੈ ਖੁਸ਼ੀ।

ਇੰਨੇ ਛੋਟੇ ਜਿਹੇ ਕਮਰੇ ਵਿਚ ਜਦੋਂ ਅਸੀਂ ਚੱਲਦੇ ਹੋਏ 14 ਲੋਕ ਟਕਰਾਉਂਦੇ ਸੀ ਤਾਂ ਲੱਗਦਾ ਸੀ ਕਿ ਅਸੀਂ ਗਲੇ ਮਿਲ ਰਹੇ ਹਾਂ। ਮੇਰੇ ਅੰਕਲ 8ਵੀਂ ਵਿਚ 9 ਵਾਰ ਫੇਲ੍ਹ ਹੋ ਚੁੱਕੇ ਸਨ। ਉਹ ਜ਼ਿਆਦਾ ਪੜ੍ਹੇ-ਲਿਖੇ ਨਹੀਂ ਸਨ ਪਰ ਮੇਰੇ ਸਵਾਲਾਂ ਦੇ ਜਵਾਬ ਦੇ ਦਿੰਦੇ ਸਨ। ਜੁਆਇੰਟ ਫੈਮਲੀ ਵਿਚ ਰਹਿਣ ਨਾਲ ਤੁਸੀਂ ਬਹੁਤ ਕੁਝ ਸਿੱਖਦੇ ਹੋ। ਇਕ ਟਾਵਲ ਨੂੰ 14 ਲੋਕ ਰਗੜਦੇ ਸਨ। ਇਕ ਦੇ ਖਾਣਾ ਖਾਣ ਤੋਂ ਬਾਅਦ ਦੂਜਾ ਥਾਲੀ ਧੋ ਕੇ ਉਸ ਵਿਚ ਖਾਂਦਾ ਸੀ, ਕਿਉਂਕਿ ਉਦੋਂ ਇੰਨੇ ਬਰਤਨ ਨਹੀਂ ਹੁੰਦੇ ਸਨ।

ਮੈਂ ਉਸ ਵਕਤ 8ਵੀਂ ਵਿਚ ਸੀ, ਜਦੋਂ ਡਿੱਗਣ ਕਾਰਨ ਮੇਰੀ ਜੀਭ ਕੱਟੀ ਗਈ। ਇਕ ਪੱਥਰ ਦਾ ਟੁਕੜਾ ਮੇਰੀ ਜੀਭ ਦੇ ਆਰ ਪਾਰ ਹੋ ਗਿਆ ਅਤੇ ਉਸ ਤੋਂ ਬਾਅਦ ਮੈਂ ਤੋਤਲਾ ਹੋ ਗਿਆ।

ਮੈਂ ਬਹੁਤ ਨਿਰਾਸ਼ ਸੀ। ਮੇਰੇ ਪ੍ਰਿੰਸੀਪਲ ਨੇ ਮੈਨੂੰ ਬੁਲਾ ਕੇ ਕਿਹਾ ਕਿ ਨੈਪੋਲੀਅਨ ਨੂੰ ਵੀ ਇਹੀ ਸਮੱਸਿਆ ਸੀ ਪਰ ਤੁਸੀਂ ਤਿੰਨ ਤਿੰਨ ਕੱਚ ਦੀਆਂ ਗੋਲੀਆਂ ਆਪਣੇ ਮੂੰਹ ਵਿਚ ਸੱਜੇ ਅਤੇ ਖੱਬੇ ਕਰਕੇ ਅੱਖਰ ਬੋਲਣ ਦੀ ਪ੍ਰੈਕਟਿਸ ਕਰੋ।

ਮੈਂ ਲਗਾਤਾਰ 7-8 ਮਹੀਨੇ ਤੱਕ ਉਹ ਪ੍ਰੈਕਟਿਸ ਕੀਤੀ ਅਤੇ ਫਿਰ ਸਹੀ ਬੋਲਣ ਲੱਗਿਆ। ਮੈਨੂੰ ਲੱਗਦਾ ਹੈ ਕਿ ਇਕ ਤੋਤਲਾ ਲੜਕਾ ਸਹੀ ਬੋਲ ਸਕਦਾ ਹੈ ਤਾਂ ਕੁਝ ਵੀ ਹੋ ਸਕਦਾ ਹੈ।

ਇਕ ਹਿੰਦੀ ਮੀਡੀਅਮ ਵਿਚ ਪੜ੍ਹਿਆ ਲੜਕਾ ਵਿਦੇਸ਼ਾਂ ਦੀਆਂ ਯੂਨੀਵਰਸਿਟਆਂ ਵਿਚ ਜਾ ਕੇ ਇੰਗਲਿਸ਼ ਵਿਚ ਮੋਟੀਵੇਸ਼ਨਲ ਲੈਕਚਰ ਦੇ ਸਕਦਾ ਹੈ ਤਾਂ ਕੁਝ ਵੀ ਹੋ ਸਕਦਾ ਹੈ। ਮੇਰੇ ਆਈਡਲ ਰਾਬਰਟ ਡਿਨੇਰੋ ਰਹੇ ਹਨ। ਜੇਕਰ ਮੈਨੂੰ ਉਹਨਾਂ ਨਾਲ ਕੰਮ ਕਰਨ ਦਾ ਮੌਕਾ ਮਿਲ ਸਕਦਾ ਹੈ ਤਾਂ ਕੁਝ ਵੀ ਹੋ ਸਕਦਾ ਹੈ।

# ਦੁਨੀਆਂ ਦੇ ਹੈਵੀ ਪਹਿਲਵਾਨ

## ਕੋਈ 400 ਤਾਂ ਕਿਸੇ ਦਾ ਵਜਨ 450 ਕਿਲੋਗ੍ਰਾਮ

ਡਬਲਿਊ ਡਬਲਿਊ ਈ ਦੇ ਰਾ ਈਵੈਂਟ ਦਾ ਮੰਡੇ ਨਾਈਟ ਫਾਈਟ ਸ਼ੋਅ ਦਾ ਰੋਮਾਂਚ ਜਾਰੀ ਹੈ। ਕੁਝ ਦਿਨ ਪਹਿਲਾਂ ਟੁੱਟੀ ਨੱਕ ਦੇ ਕਾਰਨ ਆਰਮ ਕਰ ਰਹੇ ਜਾਨ ਸੀਨਾ ਵਾਪਸੀ ਲਈ ਤਿਆਰ ਹਨ। ਉਹਨਾਂ ਤੋਂ ਇਲਾਵਾ ਵਰਲਡ ਦੇ ਸਭ ਤੋਂ ਹੈਵੀ ਰੈਸਲਰਾਂ ਵਿਚੋਂ ਇਕ ਬਿਗ ਸ਼ਾਅ ਵੀ ਫਾਈਟ ਵਿਚ ਹਿੱਸਾ ਲੈ ਰਹੇ ਹਨ। ਬਿਗ ਸ਼ਾਅ ਦਾ ਵਜਨ ਫਿਲਹਾਲ 225 ਕਿਲੋਗ੍ਰਾਮ ਹੈ। ਉਹ ਟਾਪ 10 ਹੈਵੀਐਸਟ ਰੈਸਲਰਾਂ ਦੀ ਲਿਸਟ ਵਿਚ 9ਵੇਂ ਨੰਬਰ ਤੇ ਹਨ। ਡਬਲਿਊ ਡਬਲਿਓ ਈ ਵਿਚ ਕਈ ਅਜਿਹੇ ਰੈਸਲਰ ਵੀ ਰਹੇ ਹਨ, ਜਿਹਨਾਂ ਦਾ ਵਜਨ 450 ਕਿਲੋਗ੍ਰਾਮ ਸੀ। ਗਿਨੀਜ਼ ਬੁੱਕ ਵਿਚ ਉਹਨਾਂ ਦਾ ਨਾਂ ਅੱਜ ਵੀ ਦਰਜ ਹੈ।

**ਛੇ ਘੰਟੇ ਵਿਚ ਪੀ ਗਏ 41 ਲੀਟਰ ਬੀਅਰ, ਲੜਕੀਆਂ ਨੂੰ ਮੋਢੇ ਤੇ ਬਿਠਾ ਕੇ ਕਰਦੇ ਸਨ ਰੇਸ**

ਟਾਪ 10 ਹੈਵੀਐਸਟ ਰੈਸਲਰਾਂ ਵਿਚ ਆਂਦਰੇ ਦਾ ਗੇਂਟ ਦਾ ਨਾਂ ਵੀ ਸ਼ਾਮਲ ਹੈ। ਇਹ ਉਹੀ ਰੈਸਲਰ ਹੈ, ਜਿਹਨਾਂ ਨੇ ਸਿਰਫ ਛੇ ਘੰਟੇ ਵਿਚ 41 ਲੀਟਰ ਬੀਅਰ ਪੀ ਲਈ ਸੀ। 7.4 ਫੁੱਟ ਦੇ ਗੇਂਟ ਬਾਰੇ ਕਿਹਾ ਜਾਂਦਾ ਹੈ ਕਿ ਉਹ 4-5 ਮਾਡਲਾਂ ਨੂੰ ਮੋਢੇ ਤੇ ਬਿਠਾ ਕੇ ਰੇਸ ਕਰਦੇ ਸਨ। ਇਕ ਵਾਰ ਤਾਂ 7 ਵਾਰ ਮਿਸਟਰ ਉਲੰਪੀਆ ਰਹੇ ਆਰਨੋਲਡ ਸ਼ਾਰਜਨੇਗਰ ਨੂੰ ਮੋਢੇ ਤੇ ਚੁੱਕ ਲਿਆ ਸੀ।



**ਵਿਸਕੇਰਾ**

14 ਫਰਵਰੀ 1971 ਨੂੰ ਜਨਮੇ ਵਿਸਕੇਰਾ ਦੀ ਮੌਤ 2014 ਵਿਚ ਹੋ ਗਈ। ਉਹਨਾਂ ਦਾ ਵਜਨ 221 ਕਿਲੋਗ੍ਰਾਮ ਸੀ। 43 ਸਾਲ ਦੀ ਉਮਰ ਵਿਚ ਹਾਰਟ ਅਟੈਕ ਦੇ ਕਾਰਨ ਉਹਨਾਂ ਦੀ ਮੌਤ ਹੋ ਗਈ। ਰਿੰਗ ਵਿਚ ਬਿਗ ਡੈਡੀ ਦੇ ਨਾਂ ਨਾਲ ਉਹ ਮਸ਼ਹੂਰ ਰਹੇ। ਆਲ ਜਾਪਾਨ ਰੈਸਲਿੰਗ ਦੇ ਉਹ ਚੈਂਪੀਅਨ ਰਹੇ।



**ਆਂਦਰੇ ਦਾ ਗੇਂਟ**

1946 ਵਿਚ ਜਨਮੇ ਆਂਦਰੇ ਦੀ 1993 ਵਿਚ ਮੌਤ ਹੋ ਗਈ। ਉਹਨਾਂ ਦਾ ਵਜਨ 260 ਕਿਲੋਗ੍ਰਾਮ ਸੀ। 46 ਸਾਲ ਦੀ ਉਮਰ ਵਿਚ ਹਾਰਟ ਅਟੈਕ ਦੇ ਕਾਰਨ ਉਹਨਾਂ ਦੀ ਮੌਛ ਹੋ ਗਈ। ਇਕ ਵਾਰ 6 ਘੰਟੇ ਵਿਚ ਉਹ 41 ਲੀਟਰ ਬੀਅਰ ਪੀ ਗਏ ਸਨ। ਲੜਕੀਆਂ ਨੂੰ ਮੋਢੇ ਤੇ ਬਿਠਾ ਕੇ ਦੌੜ ਲਗਾਇਆ ਕਰਦੇ ਸਨ।





**ਦਾ ਮੈਕਗੁਰੇ ਟਵਿਨਸ**

32 ਸਾਲ ਦੀ ਉਮਰ ਵਿਚ ਬਾਈਕ ਐਕਸੀਡੈਂਟ ਵਿਚ ਦਾ ਮੈਕਗੁਰੇ ਦੀ ਮੌਤ ਹੋ ਗਈ। ਨਿਊ ਜਾਪਾਨ ਪ੍ਰੋ-ਰੈਸਲਿੰਗ ਚੈਂਪੀਅਨਸ਼ਿਪ ਉਹਨਾਂ ਨੇ ਆਪਣੇ ਨਾਂ ਕੀਤੀ। ਉਹ ਲੜਦੇ ਵਕਤ ਪਹਿਲਵਾਨ ਦੇ ਉਪਰ ਬੈਠ ਜਾਇਆ ਕਰਦੇ ਸਨ। ਉਹਨਾਂ ਦਾ ਵਜਨ 338 ਕਿਲੋਗ੍ਰਾਮ ਸੀ।

**ਗੈਂਟ ਹੈਸਟੈਕਸ**

10 ਅਕਤੂਬਰ 1946 ਨੂੰ ਜਨਮੇ ਹੈਸਟੈਕਸ ਦੀ 1998 ਵਿਚ ਮੌਤ ਹੋ ਗਈ। ਉਹਨਾਂ ਦਾ ਵਜਨ ਉਸ ਵਕਤ 311 ਕਿਲੋਗ੍ਰਾਮ ਸੀ। 53 ਸਾਲ ਦੀ ਉਮਰ ਵਿਚ ਕੈਂਸਰ ਦੀ ਬਿਮਾਰੀ ਕਾਰਨ ਉਹਨਾਂ ਦੀ ਮੌਤ ਹੋਈ। ਉਹ ਇੰਗਲੈਂਡ ਦੇ ਸਭ ਤੋਂ ਜ਼ਿਆਦਾ ਹੈਵੀ ਪਹਿਲਵਾਨ ਸਨ। ਇਕ ਇਕ ਵਾਰ ਯੂਰਪ ਅਤੇ ਬ੍ਰਿਟਿਸ਼ ਹੈਵੀਵੇਟ ਚੈਂਪੀਅਨ ਰਹੇ ਹਨ।



**ਹੈਪੀ ਹਮਫ੍ਰੇ**

16 ਜੁਲਾਈ 1926 ਨੂੰ ਜਨਮੇ ਹੈਪੀ ਦੀ 1989 ਵਿਚ ਮੌਤ ਹੋ ਗਈ। ਉਸ ਵਕਤ ਉਹਨਾਂ ਦਾ ਵਜਨ 410 ਕ੍ਰਿਲੋਗ੍ਰਾਮ ਸੀ। ਸਿਰਫ 45 ਸਾਲ ਤੱਕ ਜਿਉਂ ਸਕੇ। ਇਕ ਵਾਰ ਉਹ ਟੈਲੀਫੋਨ ਬੂਥ ਵਿਚ ਫਸ ਗਏ ਸਨ। ਉਹਨਾਂ ਨੂੰ 8 ਪੁਲਿਸ ਵਾਲਿਆਂ ਨੇ ਬੜੀ ਮੁਸ਼ਕਿਲ ਨਾਲ ਬਾਹਰ ਕੱਢਿਆ ਸੀ।



**ਯੋਕੋਜੁਨਾ**

2 ਅਕਤੂਬਰ 1966 ਨੂੰ ਜਨਮੇ ਯੋਕੋਜੁਨਾ ਦੀ 2000 ਵਿਚ ਮੌਤ ਹੋ ਗਈ। ਉਹਨਾਂ ਦਾ ਵਜਨ 267 ਕਿਲੋਗ੍ਰਾਮ ਸੀ। 34 ਸਾਲ ਦੀ ਉਮਰ ਵਿਚ ਹਾਰਟ ਅਟੈਕ ਕਾਰਨ ਉਹਨਾਂ ਦੀ ਮੌਤ ਹੋ ਗਈ। ਕੂਹਣੀ ਤੋਂ ਲੈ ਕੇ ਗਰਦਨ ਤੱਕ ਉਹ ਹਰ ਪਾਸੇ ਵਾਰ ਕਰਦੇ ਸਨ। ਉਹ ਯੂਨੀਵਰਸਲ ਰੈਸਲਿੰਗ ਡਬਲਿਊ ਡਬਲਿਊ ਈ ਦੇ ਵਰਲਡ ਚੈਂਪੀਅਨ ਰਹੇ ਹਨ।

# ਸੈਨਹੋਜੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਉਮੀਦਵਾਰਾਂ ਦੇ ਹੱਕ ਵਿੱਚ ਹੋਇਆ ਭਰਵਾਂ ਇਕੱਠ ਤਸਵੀਰਾਂ ਦੀ ਜ਼ੁਬਾਨੀ











# ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀਆਂ 30 ਅਗਸਤ ਨੂੰ ਹੋ ਰਹੀਆਂ ਚੋਣਾਂ ਲਈ ਮੌਜੂਦਾ ਪ੍ਰਬੰਧਕ ਕਮੇਟੀ ਦੇ ਉਮੀਦਵਾਰ

## Current Parbandhak Committee Candidates for the San Jose Gurdwara Sahib Elections on August 30, 2015



ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਖ਼ੂਬਸੂਰਤ ਇਮਾਰਤ *Gurdwara Photo*



ਹਰਦੇਵ ਸਿੰਘ ਤੱਖਰ
Hardev Singh Takhar



ਭੁਪਿੰਦਰ (ਬਾਬ) ਸਿੰਘ ਢਿੱਲੋਂ
Bhupindar (Bob) Singh Dhillon



ਪ੍ਰੀਤਮ ਸਿੰਘ ਗਰੇਵਾਲ
Pritam Singh Grewal



ਸੁਖਦੇਵ ਸਿੰਘ ਬੈਣੀਵਾਲ
Sukhdev Singh Bainiwal



ਰਾਜਿੰਦਰ ਸਿੰਘ ਮੰਗਰ
Rajinder Singh Mangar



ਡਾ. ਗੁਰਿੰਦਰਪਾਲ ਸਿੰਘ
Dr. Gurinderpal Singh



ਸੁਰਜੀਤ ਸਿੰਘ ਬੈਂਸ
Surjit Singh Bains



ਸਰਬਜੋਤ ਸਿੰਘ ਸਵੱਦੀ
Sarbjot Singh Sawaddi



ਕਿਰਪਾਲ ਸਿੰਘ ਅਟਵਾਲ
Kirpal Singh Atwal



ਭਾਈ ਧਰਮ ਸਿੰਘ
Bhai Dharam Singh



ਬਲਬੀਰ ਸਿੰਘ ਜੌਹਲ
Balbir Singh Johal



ਗੁਰਬਖਸ਼ ਸਿੰਘ ਢਿੱਲੋਂ
Gurbax Singh Dhillon



ਨਰਿੰਦਰਪਾਲ ਸਿੰਘ
Narinderpal Singh



ਸੋਹਣ ਸਿੰਘ ਧਨੋਤਾ
Sohan Singh Dhanota



ਨੀਟੂ ਸਿੰਘ ਕਾਹਲੋਂ
Neetu Singh Kahlon



ਨਰਿੰਦਰ ਕੌਰ ਮਹੇੜੂ
Narinder Kaur Maheru



ਪ੍ਰਿਤਪਾਲ ਕੌਰ
Pritpal Kaur



ਡਾ. ਬਲਬੀਰ ਸਿੰਘ ਬੈਂਸ
Dr. Balbir Singh Bains



ਬਲਜੀਤ (ਇਕਬਾਲਜੀਤ) ਕੌਰ ਹੰਸਰਾ
Baljit (Iqbaljit) Kaur Hansara



ਗੁਰਪ੍ਰੀਤ ਸਿੰਘ ਸੇਠੀ
Gurpreet Singh Sethi



ਬਹਾਦਰ ਸਿੰਘ ਦਿਉਲ
Bahadur Singh Deol

**ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਾਨੂੰ ਵੋਟ ਦੇ ਕੇ ਪਿਛਲੀ ਵਾਰ ਵਾਂਗ ਗੁਰੂ ਘਰ ਦੀ ਸੇਵਾ ਕਰਨ ਦਾ ਮਾਣ ਬਖਸ਼ੋ**